Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**
Punjab Mail USA

REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।



Gurjatinder S. Randhawa
REALTOR
916-320-9444

Vol. 17, Issue- 738, 23 Feb to 01 Mar. 2023, Ph: 916-320-9444, E-mail: punjabmailusa@yahoo.com, Web: punjabmailusa.com

## ਆਰ.ਬੀ.ਆਈ. ਵੱਲੋਂ ਅੰਤਰਰਾਸ਼ਟਰੀ ਯਾਤਰੀ ਲਈ ਯੂ.ਪੀ.ਆਈ. ਸੁਵਿਧਾ ਸ਼ੁਰੂ



■ ਜੀ-20 ਦੇਸ਼ਾਂ ਦੇ ਯਾਤਰੀਆਂ ਲਈ ਚੁਣਵੇਂ ਅੰਤਰਰਾਸ਼ਟਰੀ ਹਵਾਈ ਅੱਡਿਆਂ 'ਤੇ ਉਪਲਬਧ ਹੈ ਸੁਵਿਧਾ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤੀ ਰਿਜ਼ਰਵ ਬੈਂਕ ਨੇ ਐਲਾਨ ਕੀਤਾ ਹੈ ਕਿ ਭਾਰਤ ਆਉਣ ਵਾਲੇ ਸਾਰੇ ਅੰਤਰਰਾਸ਼ਟਰੀ ਯਾਤਰੀ ਯੂਨੀਫਾਈਡ ਪੇਮੈਂਟਸ ਇੰਟਰਫੇਸ (ਯੂ.ਪੀ.ਆਈ.) ਦੀ ਵਰਤੋਂ ਕਰਕੇ ਸਥਾਨਕ ਭੁਗਤਾਨ ਕਰਨ ਦੇ ਯੋਗ ਹੋਣਗੇ। ਜਦੋਂ ਤੱਕ ਉਹ ਭਾਰਤ ਵਿਚ ਰਹਿਣਗੇ, ਉਨ੍ਹਾਂ ਨੂੰ ਇਹ ਸੇਵਾ ਮਿਲਦੀ ਰਹੇਗੀ। ਇਹ ਸਹੂਲਤ ਲਾਗੂ ਹੋ ਗਈ ਹੈ।

ਭਾਰਤੀ ਰਿਜ਼ਰਵ ਬੈਂਕ ਦੇ ਬਿਆਨ ਦੇ ਅਨੁਸਾਰ, ਇਹ ਸਹੂਲਤ ਨਵੀਂ ਦਿੱਲੀ, ਮੁੰਬਈ ਅਤੇ ਬੈਂਗਲੁਰੂ ਦੇ ਚੋਣਵੇਂ ਅੰਤਰਰਾਸ਼ਟਰੀ ਹਵਾਈ ਅੱਡਿਆਂ 'ਤੇ ਜੀ-20 ਦੇਸ਼ਾਂ ਦੇ ਯਾਤਰੀਆਂ ਲਈ ਉਪਲਬਧ ਹੈ। ਜੀ-20 ਵਿਚ ਅਰਜਨਟੀਨਾ, ਆਸਟ੍ਰੇਲੀਆ, ਬ੍ਰਾਜ਼ੀਲ, ਕੈਨੇਡਾ, ਚੀਨ, ਫਰਾਂਸ, ਜਰਮਨੀ, ਭਾਰਤ, ਇੰਡੋਨੇਸ਼ੀਆ, ਇਟਲੀ, ਜਾਪਾਨ, ਕੋਰੀਆ ਗਣਰਾਜ, ਮੈਕਸੀਕੋ, ਰੂਸ, ਸਾਊਦੀ ਅਰਬ, ਦੱਖਣੀ ਅਫਰੀਕਾ, ਤੁਰਕੀ, ਯੂ.ਕੇ. ਅਤੇ ਅਮਰੀਕਾ ਸ਼ਾਮਲ ਹਨ। ਯੂਰਪੀਅਨ ਯੂਨੀਅਨ (ਈ.ਯੂ.) ਵੀ ਇਸ ਦਾ ਹਿੱਸਾ ਹੈ।


ਯਾਤਰੀਆਂ ਨੂੰ ਪ੍ਰੀਪੇਡ ਭੁਗਤਾਨ ਯੰਤਰ (ਪੀ.ਪੀ.ਆਈ.) ਵਾਲੇਟ ਜਾਰੀ ਕੀਤੇ ਜਾਣਗੇ, ਜੋ ਭੁਗਤਾਨ ਕਰਨ ਲਈ ਯੂ.ਪੀ.ਆਈ. ਨਾਲ ਲਿੰਕ ਹੋਣਗੇ। ਜੀ20 ਦੇਸ਼ਾਂ ਦੇ ਪ੍ਰਤੀਨਿਧੀ ਵੀ ਇਸ ਯੂ.ਪੀ.ਆਈ. ਸੁਵਿਧਾ ਦਾ ਲਾਭ ਲੈ ਸਕਦੇ ਹਨ। ਯੂ.ਪੀ.ਆਈ.-ਲਿੰਕਡ ਵਾਲਿਟ ਨੂੰ ਆਈ.ਸੀ.ਆਈ.ਸੀ.ਆਈ. ਬੈਂਕ, ਆਈ.ਡੀ.ਐੱਫ.ਸੀ. ਫਸਟ ਬੈਂਕ ਦੇ ਨਾਲ-ਨਾਲ ਦੋ ਗੈਰ-ਬੈਂਕ ਪੀ.ਪੀ.ਆਈ. ਜਾਰੀਕਰਤਾਵਾਂ ਦੁਆਰਾ ਲਿੰਕ ਕੀਤਾ ਗਿਆ ਹੈ। ਇਨ੍ਹਾਂ ਦਾ ਨਾਂ ਪਾਈਨ ਲੈਬਜ਼ ਪ੍ਰਾਈਵੇਟ ਲਿਮਟਿਡ ਅਤੇ ਟ੍ਰਾਂਸਕਾਰਪ ਇੰਟਰਨੈਸ਼ਨਲ ਲਿਮਟਿਡ ਰੱਖਿਆ ਗਿਆ ਹੈ।

ਆਰ.ਬੀ.ਆਈ. ਨੇ ਆਪਣੇ ਬਿਆਨ ਵਿਚ ਕਿਹਾ ਕਿ ਭਾਰਤ ਆਉਣ ਵਾਲੇ ਯਾਤਰੀ ਹੁਣ ਪੂਰੇ ਭਾਰਤ ਵਿਚ ਪੰਜ ਕਰੋੜ ਤੋਂ ਵੱਧ ਵਪਾਰਕ ਦੁਕਾਨਾਂ 'ਤੇ ਯੂ.ਪੀ.ਆਈ.

■ **ਬਾਕੀ ਖਬਰ ਸਫਾ 16 'ਤੇ**

## ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਪਹਿਲਾ ਨਗਰ ਕੀਰਤਨ 26 ਮਾਰਚ ਨੂੰ

■ ਇਸ ਸੰਬੰਧੀ 13 ਮਾਰਚ ਤੋਂ ਸਮਾਗਮ ਸ਼ੁਰੂ ਹੋਣਗੇ
■ ਰੋਜ਼ਾਨਾ ਆਤਮਰਸ ਕੀਰਤਨ 25 ਮਾਰਚ ਤੱਕ ਸ਼ਾਮ 6 ਵਜੇ ਤੋਂ 9 ਵਜੇ ਤੱਕ ਹੋਵੇਗਾ



**ਸੈਕਰਾਮੈਂਟੋ, (ਪੰਜਾਬ ਮੇਲ)**- ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ ਪਹਿਲਾ ਵਿਸ਼ਾਲ ਨਗਰ ਕੀਰਤਨ 26 ਮਾਰਚ, ਦਿਨ ਐਤਵਾਰ ਨੂੰ ਹੋਵੇਗਾ। ਇਸ ਸੰਬੰਧੀ 13 ਮਾਰਚ ਤੋਂ ਸਮਾਗਮ ਸ਼ੁਰੂ ਹੋਣਗੇ। ਰੋਜ਼ਾਨਾ ਆਤਮਰਸ ਕੀਰਤਨ 25 ਮਾਰਚ ਤੱਕ ਰੋਜ਼ਾਨਾ ਸ਼ਾਮ 6 ਵਜੇ ਤੋਂ 9 ਵਜੇ ਤੱਕ ਹੋਵੇਗਾ। 19 ਮਾਰਚ, ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਦੀਵਾਨ ਸਜਣਗੇ। 25 ਮਾਰਚ, ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। 26 ਮਾਰਚ, ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਗਰ ਕੀਰਤਨ ਰਵਾਨਾ ਹੋਵੇਗਾ। ਇਸ ਮੌਕੇ ਦੇਸ਼ਾਂ-ਵਿਦੇਸ਼ਾਂ ਤੋਂ ਪੰਥ ਦੇ ਉੱਘੇ ਕੀਰਤਨੀ ਜੱਥੇ, ਕਥਾਵਾਚਕ, ਰਾਗੀ ਜੱਥੇ, ਢਾਡੀ ਜੱਥੇ ਅਤੇ ਹੋਰ ਸਿੱਖ ਧਾਰਮਿਕ ਆਗੂ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਇਨ੍ਹਾਂ ਜੱਥਿਆਂ ਵਿਚ ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ, ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ ਵਿਸ਼ੇਸ਼ ਸ਼ਮੂਲੀਅਤ ਕਰਨਗੇ।

ਹੋਰ ਜਾਣਕਾਰੀ ਲਈ ਪੰਜਾਬ ਮੇਲ 'ਚ ਸਫਾ ਨੰਬਰ 2 'ਤੇ ਲੱਗੇ ਇਸ਼ਤਿਹਾਰ ਨੂੰ ਦੇਖੋ ਜੀ।

## ਤੁਰਕੀ ਅਤੇ ਸੀਰੀਆ 'ਚ ਮੁੜ ਆਇਆ ਵਿਨਾਸ਼ਕਾਰੀ ਭੂਚਾਲ

■ 8 ਲੋਕਾਂ ਦੀ ਮੌਤ, 294 ਲੋਕ ਜ਼ਖ਼ਮੀ ਹੋਏ, 18 ਦੀ ਹਾਲਤ ਗੰਭੀਰ




**ਇਸਤਾਂਬੁਲ, (ਪੰਜਾਬ ਮੇਲ)**- ਤੁਰਕੀ ਅਤੇ ਸੀਰੀਆ 'ਚ ਸੋਮਵਾਰ ਨੂੰ ਆਏ ਤਾਜ਼ਾ ਵਿਨਾਸ਼ਕਾਰੀ ਭੂਚਾਲ ਵਿਚ 8 ਲੋਕਾਂ ਦੀ ਜਾਨ ਚਲੀ ਗਈ। 6.4 ਤੀਬਰਤਾ ਵਾਲੇ ਇਸ ਭੂਚਾਲ ਨਾਲ 294 ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ 'ਚੋਂ 18 ਦੀ ਹਾਲਤ ਗੰਭੀਰ ਹੈ। ਸੀਰੀਆ ਦੇ ਹਾਮਾ ਅਤੇ ਟਾਰਟਸ ਸੂਬਿਆਂ ਵਿਚ ਭੂਚਾਲ ਦੀ ਦਹਿਸ਼ਤ ਨਾਲ ਇਕ ਔਰਤ ਤੇ ਇਕ ਕੁੜੀ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਭੂਚਾਲ ਪੀੜਤਾਂ ਨੂੰ ਚਿਤਾਵਨੀ ਦਿੱਤੀ ਕਿ ਉਹ ਆਪਣੇ ਘਰਾਂ ਦੇ ਅਵਸ਼ੇਸ਼ਾਂ ਵਿਚ ਨਾ ਜਾਣ ਪਰ ਲੋਕਾਂ ਨੇ ਅਧਿਕਾਰੀਆਂ ਦੀਆਂ ਗੱਲਾਂ ਨਹੀਂ ਮੰਨੀਆਂ। ਭੂਚਾਲ ਵਿਚ ਢਹਿ-ਢੇਰੀ ਹੋਈਆਂ 3 ਇਮਾਰਤਾਂ ਵਿਚ ਖੋਜ ਅਤੇ ਬਚਾਅ ਕੰਮ ਜਾਰੀ ਹੈ।

ਭੂਚਾਲ ਦੇ ਤਾਜ਼ਾ ਝਟਕਿਆਂ ਨੇ ਤੁਰਕੀ ਅਤੇ ਸੀਰੀਆ ਦੇ ਉਨ੍ਹਾਂ ਕੁਝ ਹਿੱਸਿਆਂ ਨੂੰ ਫਿਰ ਦਹਿਲਾ ਦਿੱਤਾ ਹੈ, ਜੋ 2 ਹਫ਼ਤੇ ਪਹਿਲਾਂ ਵੱਡੇ ਪੈਮਾਨੇ 'ਤੇ ਆਏ ਭੂਚਾਲ ਨਾਲ ਤਬਾਹ ਹੋ ਗਏ ਸਨ। ਉਸ ਭੂਚਾਲ ਵਿਚ ਲਗਭਗ 46,000 ਤੋਂ ਵੱਧ ਲੋਕ ਮਾਰੇ ਗਏ ਸਨ। ਅਧਿਕਾਰੀਆਂ ਨੇ ਕਿਹਾ ਕਿ ਕਈ ਇਮਾਰਤਾਂ ਢਹਿ ਗਈਆਂ ਹਨ ਅਤੇ ਉਨ੍ਹਾਂ ਵਿਚ ਰਹਿੰਦੇ ਲੋਕ ਫਸ ਗਏ ਹਨ। ਦੋਵਾਂ ਦੇਸ਼ਾਂ ਵਿਚ ਕਈ ਲੋਕ ਜ਼ਖ਼ਮੀ ਹੋਏ ਹਨ ਪਰ ਮ੍ਰਿਤਕਾਂ ਬਾਰੇ ਤੁਰੰਤ ਕੋਈ ਜਾਣਕਾਰੀ ਨਹੀਂ ਮਿਲ ਸਕੀ।

ਜ਼ਿਕਰਯੋਗ ਹੈ ਕਿ 6 ਫਰਵਰੀ ਨੂੰ ਇਕ ਤੋਂ ਬਾਅਦ ਇਕ ਆਏ ਭਿਆਨਕ ਭੂਚਾਲ ਕਾਰਨ ਤੁਰਕੀ ਅਤੇ ਸੀਰੀਆ 'ਚ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ ਹੈ।

## ਪੰਜਾਬੀ ਵਿਅਕਤੀ ਨੇ ਅਮਰੀਕਾ 'ਚ ਪ੍ਰਵਾਸੀਆਂ ਦੀ ਤਸਕਰੀ ਕਰਨ ਦਾ ਦੋਸ਼ ਕਬੂਲਿਆ



■ ਕੈਨੇਡਾ ਰਾਹੀਂ ਪ੍ਰਵਾਸੀਆਂ ਨੂੰ ਗੈਰ ਕਾਨੂੰਨੀ ਢੰਗ ਨਾਲ ਲਿਜਾਂਦਾ ਸੀ ਅਮਰੀਕਾ
■ ਮਨੁੱਖੀ ਤਸਕਰੀ ਰਾਹੀਂ 5 ਲੱਖ ਡਾਲਰ ਤੋਂ ਵੱਧ ਰਕਮ ਪ੍ਰਾਪਤ ਕੀਤੀ
■ 9 ਮਈ ਨੂੰ ਸੁਣਾਈ ਜਾਵੇਗੀ ਸਜ਼ਾ

**ਸਿਆਟਲ, (ਪੰਜਾਬ ਮੇਲ)**- ਭਾਰਤੀ-ਕੈਨੇਡੀਅਨ ਰਜਿੰਦਰ ਪਾਲ ਸਿੰਘ ਨੇ ਕੈਨੇਡਾ ਦੇ ਰਸਤੇ ਪ੍ਰਵਾਸੀਆਂ ਨੂੰ ਅਮਰੀਕਾ ਲਿਜਾਣ ਵਾਲੇ ਮਨੁੱਖੀ ਤਸਕਰੀ ਦੇ ਇੱਕ ਰਿੰਗ ਨਾਲ ਤਾਲਮੇਲ ਕਰਨ ਲਈ 500,000 ਡਾਲਰ ਤੋਂ ਵੱਧ ਪ੍ਰਾਪਤ ਕਰਨ ਦੇ ਦੋਸ਼ਾਂ ਨੂੰ ਸਵੀਕਾਰ ਕਰ ਲਿਆ ਹੈ। ਮੀਡੀਆ ਨੇ ਇਹ ਜਾਣਕਾਰੀ ਦਿੱਤੀ। ਰਜਿੰਦਰ ਪਾਲ ਸਿੰਘ ਨੂੰ ਪਿਛਲੇ ਸਾਲ ਮਈ 'ਚ ਵਾਸ਼ਿੰਗਟਨ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਸਿਆਟਲ ਵਿਖੇ ਅਮਰੀਕੀ ਜ਼ਿਲ੍ਹਾ ਅਦਾਲਤ, ਵਾਸ਼ਿੰਗਟਨ ਦੇ ਪੱਛਮੀ ਜ਼ਿਲ੍ਹੇ ਵਿਚ ਇੱਕ ਪਟੀਸ਼ਨ ਸਮਝੌਤੇ ਦੀ ਸੁਣਵਾਈ ਦੌਰਾਨ ਰਜਿੰਦਰ ਪਾਲ ਸਿੰਘ ਨੂੰ "ਮੁਨਾਫ਼ੇ ਲਈ ਕੁਝ ਪਰਦੇਸੀ ਲੋਕਾਂ ਨੂੰ ਟਰਾਂਸਪੋਰਟ ਕਰਨ, ਉਨ੍ਹਾਂ ਨੂੰ ਬੰਦਰਗਾਹ ਦੇਣ ਅਤੇ ਮਨੀ ਲਾਂਡਰਿੰਗ ਕਰਨ ਦੀ ਸਾਜ਼ਿਸ਼" ਲਈ ਦੋਸ਼ੀ ਮੰਨਿਆ। ਉਸ ਦੀ ਸਜ਼ਾ 9 ਮਈ ਨੂੰ ਸੁਣਾਈ ਜਾਵੇਗੀ।

ਪਿਛਲੇ ਸਾਲ ਅਕਤੂਬਰ ਵਿਚ ਰਜਿੰਦਰ ਪਾਲ ਸਿੰਘ ਜਨਵਰੀ 2022 ਵਿਚ ਕੈਨੇਡਾ-ਅਮਰੀਕਾ ਸਰਹੱਦ 'ਤੇ ਪਟੇਲ ਪਰਿਵਾਰ ਦੀ ਦਰਦਨਾਕ ਠੰਢ ਨਾਲ ਹੋਈ ਮੌਤ ਦੀ ਮੈਨੀਟੋਬਾ ਆਰ.ਸੀ.ਐੱਮ.ਪੀ. ਜਾਂਚ ਵਿਚ "ਦਿਲਚਸਪੀ ਵਾਲਾ ਵਿਅਕਤੀ" ਬਣ ਗਿਆ ਸੀ। 19 ਜਨਵਰੀ, 2022 ਨੂੰ, ਤਿੰਨ ਸਾਲਾ ਧਰਮਿਕ ਪਟੇਲ ਦੀਆਂ ਲਾਸ਼ਾਂ; ਉਸਦੀ 11 ਸਾਲ ਦੀ ਭੈਣ ਵਿਹਾਂਗੀ ਪਟੇਲ; ਉਨ੍ਹਾਂ ਦੀ 37 ਸਾਲਾ ਮਾਂ ਵੈਸ਼ਾਲੀ ਪਟੇਲ ਅਤੇ ਉਨ੍ਹਾਂ ਦੇ ਪਿਤਾ 39 ਸਾਲਾ ਜਗਦੀਸ਼ ਪਟੇਲ ਸਮੇਤ ਵਿਨੀਪੈਗ ਤੋਂ ਲਗਭਗ 100 ਕਿਲੋਮੀਟਰ

■ **ਬਾਕੀ ਖਬਰ ਸਫਾ 16 'ਤੇ**

## ਸਾਬਕਾ ਮੁੱਖ ਮੰਤਰੀ ਚੰਨੀ ਦਾ ਕਰੀਬੀ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ

**ਖਰੜ, (ਪੰਜਾਬ ਮੇਲ)**- ਸੂਤਰਾਂ ਅਨੁਸਾਰ ਪੰਜਾਬ ਵਿਜੀਲੈਂਸ ਨੇ ਚਰਨਜੀਤ ਸਿੰਘ ਚੰਨੀ ਦੇ ਇਕ ਕਰੀਬੀ ਨੂੰ ਹਿਰਾਸਤ 'ਚ ਲਿਆ ਹੈ। ਇਹ ਖਰੜ ਦਾ ਇਕ ਨਾਮੀ ਬਿਲਡਰ ਪ੍ਰਵੀਨ ਕੁਮਾਰ ਹੈ। ਇਸ ਬਿਲਡਰ ਦੇ ਮੋਹਾਲੀ ਤੇ ਖਰੜ 'ਚ ਪ੍ਰੋਜੈਕਟ ਚਲ ਰਹੇ ਹਨ। ਸੂਤਰਾਂ ਅਨੁਸਾਰ ਇਸ ਬਿਲਡਰ ਖਿਲਾਫ਼ ਵਿਜੀਲੈਂਸ ਨੂੰ ਧੋਖਾਧੜੀ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਨਾਲ ਹੀ ਇਸ ਬਿਲਡਰ 'ਤੇ ਨਾਜਾਇਜ਼ ਕਾਲੋਨੀਆਂ ਨੂੰ ਪਾਸ ਕਰਵਾਉਣ ਦਾ ਇਲਜ਼ਾਮ ਹੈ, ਜਿਸ ਉਤੇ ਕਾਰਵਾਈ ਕਰਦੇ ਹੋਏ ਵਿਜੀਲੈਂਸ ਵਲੋਂ ਉਸ ਨੂੰ ਹਿਰਾਸਤ 'ਚ ਲਿਆ ਗਿਆ ਹੈ।

## 166 ਪਾਕਿਸਤਾਨੀ ਹਿੰਦੂ ਘਰ-ਬਾਰ ਛੱਡ ਕੇ ਭਾਰਤ ਪੁੱਜੇ

■ ਕਿਹਾ: ਉਹ ਪਾਕਿਸਤਾਨ ਵਾਪਸ ਨਹੀਂ ਪਰਤਣਗੇ
■ ਭਾਰਤ ਸਰਕਾਰ ਨੇ ਦਿੱਤਾ ਹੈ ਹਰਿਦੁਆਰ ਦਾ ਵੀਜ਼ਾ

**ਅੰਮ੍ਰਿਤਸਰ, (ਪੰਜਾਬ ਮੇਲ)** ਪਾਕਿਸਤਾਨ ਵਿਚ ਮੰਹਿਗਾਈ ਦੀ ਮਾਰ ਝੱਲ ਰਹੇ ਲੋਕਾਂ ਦਾ ਜਿਉਣਾ ਮੁਹਾਰ ਹੋ ਗਿਆ ਹੈ, ਜਿਸ ਕਾਰਨ ਲਗਾਤਾਰ ਉਥੋਂ ਦੇ ਬਾਸ਼ਿੰਦੇ ਦੇਸ਼ ਛੱਡਣ ਲਈ ਮਜਬੂਰ ਹੋ ਰਹੇ ਹਨ। ਇਸ ਦੀ ਤਾਜ਼ਾ ਮਿਸਾਲ ਪਾਕਿਸਤਾਨ ਤੋਂ ਚਾਰ ਜੱਥਿਆਂ ਦੇ ਰੂਪ ਵਿਚ ਵੱਡੀ ਗਿਣਤੀ ਵਿਚ ਹਿੰਦੂ ਸ਼ਰਧਾਲੂ ਅਟਾਰੀ-ਵਾਹਗਾ ਸਰਹੱਦ ਰਸਤੇ ਭਾਰਤ ਪੁੱਜੇ।

ਚਾਰ ਜੱਥਿਆਂ ਵਿਚ ਸ਼ਾਮਲ 166 ਹਿੰਦੂ ਸ਼ਰਧਾਲੂਆਂ ਦੀ ਅਗਵਾਈ ਕਰ ਰਹੇ ਨੇ ਰਾਮ ਚੰਦ, ਬੀਰਲ, ਰਮੇਸ਼ ਲਾਲ, ਧਨੂੰ ਰਾਮ ਨੇ ਦੱਸਿਆ ਕਿ ਉਹ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਬਹੁਤ ਗਰੀਬ ਹਨ ਤੇ ਉਹ ਭਾਰਤ ਸਰਕਾਰ ਦਾ ਸ਼ੁਕਰਗੁਜ਼ਾਰ ਕਰਦੇ ਹਨ ਕਿ ਉਨ੍ਹਾਂ ਨੂੰ ਭਾਰਤ ਆਉਣ ਦਾ ਵੀਜ਼ਾ ਮੁਹੱਈਆ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਉਹ ਸਿਰਫ 25 ਦਿਨ ਦੇ ਵੀਜ਼ੇ 'ਤੇ ਸ੍ਰੀ ਹਰਿਦੁਆਰ ਜਾਣ ਲਈ ਆਏ ਹਨ। ਉਨ੍ਹਾਂ ਐਲਾਨ ਕੀਤਾ ਕਿ ਉਹ ਹੁਣ ਕਦੇ ਵੀ ਪਾਕਿਸਤਾਨ ਨਹੀਂ ਜਾਣਗੇ। ਬੇਸ਼ੱਕ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਹਰਿਦੁਆਰ ਦਾ ਵੀਜ਼ਾ ਦਿੱਤਾ ਹੈ ਪਰ ਉਹ ਇਹ ਗੱਲ ਸ਼ਰੇਆਮ ਕਰਦੇ ਹਨ ਕਿ ਉਹ ਪਾਕਿਸਤਾਨ ਵਾਪਸ ਨਹੀਂ ਪਰਤਣਗੇ।

ਉਨ੍ਹਾਂ ਕਿਹਾ ਕਿ ਰਾਜਸਥਾਨ ਵਿਖੇ ਜੋਧਪੁਰ ਜੈਸਲਮੇਰ ਦੇ ਇਲਾਕਿਆਂ ਵਿਚ ਜਾ ਕੇ ਨਵੇਂ ਸਿਰਿਓਂ ਰੈਣਬਸੇਰਾ ਕਰਨਗੇ। ਉਨ੍ਹਾਂ ਦੱਸਿਆ ਕਿ ਉਹ ਘਰ-ਬਾਰ ਛੱਡ ਕੇ ਘਰੇਲੂ ਸਾਮਾਨ ਲੈ ਕੇ ਪੱਕੇ ਤੌਰ 'ਤੇ ਭਾਰਤ ਰਹਿਣ ਲਈ ਆ ਗਏ ਹਨ। ਉਨ੍ਹਾਂ ਕਿਹਾ ਕਿ ਉਹ ਭਾਰਤ ਦਾਖ਼ਲ ਹੁੰਦਿਆਂ ਆਪਣੇ ਤੇ ਆਪਣੇ ਪਰਿਵਾਰ ਨੂੰ ਆਜ਼ਾਦ ਸਮਝ ਰਹੇ ਹਨ, ਜਿਸ ਕਰਕੇ ਉਨ੍ਹਾਂ ਨੂੰ ਭਾਰਤ ਅੰਦਰ ਕਿਸੇ ਕਿਸਮ ਦਾ ਡਰ ਨਹੀਂ ਹੈ।

■ **ਬਾਕੀ ਖਬਰ ਸਫਾ 16 'ਤੇ**

ੴ ਸਤਿਗੁਰ ਪ੍ਰਸਾਦਿ ॥

ਲੱਖ ਖੁਸੀਆਂ ਪਾਤਿਸ਼ਾਹੀਆਂ ਜੇ ਸਤਿਗੁਰੁ ਨਦਰਿ ਕਰੇਇ ॥

# ਸੈਕਰਾਮੈਂਟੋ ਸਿੱਖ ਸੁਸਾਇਟੀ



# ਪਹਿਲਾ ਵਿਸ਼ਾਲ ਨਗਰ ਕੀਰਤਨ

## 26 ਮਾਰਚ, ਐਤਵਾਰ 2023

### ਪ੍ਰੋਗਰਾਮ

- 13 ਤੋਂ 25 ਮਾਰਚ : ਆਤਮ ਰਸ ਕੀਰਤਨ ਰੋਜ਼ਾਨਾ ਸ਼ਾਮ 6 ਵਜੇ ਤੋਂ 9 ਵਜੇ ਤੱਕ
- 19 ਮਾਰਚ, ਦਿਨ ਐਤਵਾਰ ਸਵੇਰੇ 10 ਵਜੇ ਤੋਂ 2 ਵਜੇ ਤੱਕ ਦੀਵਾਨ ਸਜਣਗੇ
- ਨਿਸ਼ਾਨ ਸਾਹਿਬ ਸੇਵਾ 25 ਮਾਰਚ, ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ
- 26 ਮਾਰਚ, ਦਿਨ ਐਤਵਾਰ, ਆਰੰਭ ਨਗਰ ਕੀਰਤਨ ਸਵੇਰੇ 10 ਵਜੇ
- ਪਹੁੰਚ ਰਹੇ ਜੱਥੇ : ਭਾਈ ਪਿੰਦਰਪਾਲ ਸਿੰਘ (ਕਥਾਵਾਚਕ), ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲੇ, ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਤਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅਤੇ ਡਾ. ਗਗਨਦੀਪ ਸਿੰਘ।

ਸੁਰੱਖਿਆ ਦੇ ਖਾਸ ਪ੍ਰਬੰਧ ਹੋਣਗੇ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

ਸਮੂਹ ਸੰਗਤ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ ਵੱਲੋਂ ਪਹਿਲਾ ਵਿਸ਼ਾਲ ਨਗਰ ਕੀਰਤਨ 26 ਮਾਰਚ ਨੂੰ ਹੋਵੇਗਾ। ਇਸ ਸੰਬੰਧੀ 13 ਮਾਰਚ ਤੋਂ ਸਮਾਗਮ ਸ਼ੁਰੂ ਹੋ ਰਹੇ ਹਨ, ਜਿਸ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਕੀਰਤਨੀ ਜੱਥੇ, ਢਾਡੀ ਜੱਥੇ, ਕਵੀਸ਼ਰ ਅਤੇ ਹੋਰ ਸਿੱਖ ਧਾਰਮਿਕ ਆਗੂ ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਆਪ ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਸ਼ੁੱਭ ਅਵਸਰ ਮੌਕੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਫਲੋਟ ਬੁੱਕ ਕਰਵਾਉਣ ਲਈ, ਲੰਗਰ ਦੀ ਸੇਵਾ ਲਈ ਜਾਂ ਹੋਰ ਵਲੰਟੀਅਰ ਸੇਵਾ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ ਜੀ।

| Lakhvir Singh Aujla | Gurinderpal Singh Gill | Randhir Singh Nijjar |
|---|---|---|
| 916-826-9800 | 916-717-2277 | 916-416-9527 |

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ

7676, Bradshaw Road, Sacramento, CA-95829

Copyright@Punjab Mail USA



JUSTIN SAINI AND RAJ PABLA OF 555 ENTERTAINMENTS
PRESENTS
POWERED BY
AD SODHI OF
777 ENTERTAINMENTS
Exceed Insurance
THE ENTERTAINERS
OAKLAND
12TH MARCH 2023
SHOW STARTS AT 7PM
OAKLAND ARENA
National Promoters:
GARG GROUP
ELTZ
FUSION GROUP GAMES
ARYA INTERNATIONAL
Exceed Insurance
ZAHRAH KHAN
APARSHAKTI KHURANA
MOUNI ROY
NORA FATEHI
AKSHAY KUMAR
DISHA PATANI
SONAM BAJWA
STEBIN BEN
JASLEEN ROYAL
Event Conceptualized By: DCA
RAJ PABLA
650 422 0982
AD SODHI
510 666 7758
NICK WARRAICH
916 509 2495
Sanjeev Shera
INDIAN SUPERMARKET
doaba
SHAMPY PRAKASH
INTERO
Abiel Limousine
World of Sourdough
The Curry Leaves
SILVER
pizzatwist
RADIO ZINDAGI 1550AM
IND TV USA
SITAARRE TV
PERFECT MARKETING
YO INDIA TV
copyworld
510-666-1000
PUNJAB MAIL USA TV Channel

# ਅਕਸ਼ੈ ਕੁਮਾਰ ਦਾ ਮੈਗਾ ਸ਼ੋਅ 12 ਮਾਰਚ ਨੂੰ ਹੋਵੇਗਾ ਓਕਲੈਂਡ ’ਚ

**ਸੈਕਰਾਮੈਂਟੋ, (ਪੰਜਾਬ ਮੇਲ)-** ਹਿੰਦੀ ਫਿਲਮਾਂ ਦੇ ਸੁਪਰਸਟਾਰ ਅਕਸ਼ੈ ਕੁਮਾਰ 12 ਮਾਰਚ ਨੂੰ ਕੈਲੀਫੋਰਨੀਆ ਦੇ ਸ਼ਹਿਰ ਓਕਲੈਂਡ ਵਿਖੇ ਆਪਣੇ ਪੂਰੇ ਗਰੁੱਪ ਨਾਲ ਸ਼ੋਅ ਕਰਨ ਲਈ ਪਹੁੰਚ ਰਹੇ ਹਨ। ਓਕਲੈਂਡ ਐਰੇਨਾ ਵਿਖੇ ਹੋਣ ਵਾਲੇ ਇਸ ਮੈਗਾ ਸ਼ੋਅ ਦੌਰਾਨ ਅਕਸ਼ੈ ਕੁਮਾਰ ਤੋਂ ਇਲਾਵਾ ਹਿੰਦੀ ਫਿਲਮਾਂ ਦੇ ਕਲਾਕਾਰ ਨੌਰਾ ਫਤੇਹੀ, ਜ਼ਾਹਰਾ ਖਾਨ, ਮੌਨੀ ਰਾਏ, ਦਿਸ਼ਾ ਪਟਾਨੀ, ਅਪਾਰਸ਼ਕਤੀ ਖੁਰਾਨਾ, ਸੋਨਮ ਬਾਜਵਾ, ਸਟੇਬਿਨ ਬੈੱਨ ਤੇ ਜਸਲੀਨ ਰਾਇਲ ਆਏ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇਸ ਸ਼ੋਅ ਦੀਆਂ ਤਿਆਰੀਆਂ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਇਸ ਸੰਬੰਧੀ ਕਰੀ ਲੀਵਜ਼ ਰੈਸਟੋਰੈਂਟ, ਰਾਕਲੇਨ ਵਿਖੇ ਕਿੱਕ ਆਫ ਪਾਰਟੀ ਦਾ ਆਯੋਜਨ ਕੀਤਾ ਗਿਆ, ਜਿੱਥੇ ਹੋਰਨਾਂ ਤੋਂ ਇਲਾਵਾ ਸ਼ੋਅ ਦੇ ਪ੍ਰੋਮੋਟਰ ਰਾਜ ਪਾਬਲਾ, ਏ.ਡੀ. ਸੋਢੀ, ਨਿੱਕ ਵੜੈਚ, ਗੁਰਜਤਿੰਦਰ ਸਿੰਘ ਰੰਧਾਵਾ ਅਤੇ ਚੰਦੋਕ ਫੈਮਿਲੀ ਵੀ ਹਾਜ਼ਰ ਸਨ। ਇਸ ਦੌਰਾਨ ਸ਼ੋਅ ਨੂੰ ਕਾਮਯਾਬ ਕਰਨ ਲਈ ਆਏ ਮਹਿਮਾਨਾਂ ਨੇ ਆਪੋ-ਆਪਣੇ ਵਿਚਾਰ ਰੱਖੇ।



ਜ਼ਿਕਰਯੋਗ ਹੈ ਕਿ ਸ਼ੋਅ ਦੀਆਂ ਟਿਕਟਾਂ ਧੜਾਧੜ ਵਿੱਕ ਰਹੀਆਂ ਹਨ। ਆਨਲਾਈਨ ਟਿਕਟਾਂ ਲੈਣ ਲਈ Sulekha.com ’ਤੇ ਸੰਪਰਕ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸਫਾ ਨੰਬਰ 3 ’ਤੇ ਲੱਗੇ ਇਸ਼ਤਿਹਾਰ ਨੂੰ ਦੇਖੋ।

# ਸਟੱਡੀ ਦੇ ਮਾਮਲੇ ’ਚ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਕੈਨੇਡਾ

- **2022 ਵਿਚ ਵੱਖ-ਵੱਖ ਕੋਰਸਾਂ ਤਹਿਤ ਦਾਖਲੇ ਨੂੰ ਲੈ ਕੇ ਕੈਨੇਡਾ ਪਹੁੰਚੇ 5.5 ਲੱਖ ਵਿਦਿਆਰਥੀ**
- **2.26 ਲੱਖ ਵਿਦਿਆਰਥੀ ਇਕੱਲੇ ਭਾਰਤ ਤੋਂ**

**ਟੋਰਾਂਟੋ, (ਪੰਜਾਬ ਮੇਲ)-** ਸਟੱਡੀ ਦੇ ਮਾਮਲੇ ਵਿਚ ਕੈਨੇਡਾ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਅੰਕੜਿਆਂ ਮੁਤਾਬਕ ਸਾਲ 2022 ਵਿਚ ਵੱਖ-ਵੱਖ ਕੋਰਸਾਂ ਦੇ ਤਹਿਤ ਦਾਖਲੇ ਨੂੰ ਲੈ ਕੇ ਕੈਨੇਡਾ ਪਹੁੰਚੇ 5.5 ਲੱਖ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚੋਂ 2.26 ਲੱਖ ਇਕੱਲੇ ਭਾਰਤ ਤੋਂ ਹਨ। ਇਨ੍ਹਾਂ ਵਿਚੋਂ ਵੀ 80 ਹਜ਼ਾਰ ਵਿਦਿਆਰਥੀ ਸਿਰਫ ਪੰਜਾਬ ਅਤੇ ਚੰਡੀਗੜ੍ਹ ਤੋਂ ਹਨ। ਸਟੱਡੀ ਵੀਜ਼ਾ ਦੇ ਜਾਣਕਾਰ ਇਕ ਮਾਹਰ ਦਾ ਕਹਿਣਾ ਹੈ ਕਿ ਕੋਵਿਡ ਦੇ ਬਾਅਦ ਤੋਂ ਕੈਨੇਡਾ ਦੁਆਰਾ ਵਿਦਿਆਰਥੀਆਂ ਲਈ ਕੰਮ ਕਰਨ ਦੇ ਘੰਟੇ ਵਧਾ ਦਿੱਤੇ ਜਾਣ ਦੇ ਬਾਅਦ ਤੋਂ ਹੀ ਵਿਦਿਆਰਥੀਆਂ ਦੀ ਗਿਣਤੀ ਪਹਿਲਾਂ ਨਾਲੋਂ ਤੇਜ਼ੀ ਨਾਲ ਵਧੀ ਹੈ। ਕੈਨੇਡਾ ਪਹੁੰਚਣ ਵਾਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਇਮੀਗ੍ਰੇਸ਼ਨ ਰਿਫਊਜੀਸ ਐਂਡ ਸਿਟੀਜਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਵੱਲੋਂ ਜਾਰੀ ਰਿਪੋਰਟ ਮੁਤਾਬਕ ਕੈਨੇਡਾ ਵਿਚ ਸਾਲ 2022 ਵਿਚ 184 ਦੇਸ਼ਾਂ ਤੋਂ ਰਿਕਾਰਡ 551,405 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਦਿੱਤਾ ਗਿਆ। ਇਨ੍ਹਾਂ ਵਿਚੋਂ 226,450 ਭਾਰਤੀ ਵਿਦਿਆਰਥੀ ਹਨ। ਇਸ ਦੇ ਬਾਅਦ ਜਨਵਰੀ 2023 ਵਿਚ ਕੈਨੇਡਾ ਪਹੁੰਚੇ ਨਵੇਂ ਵਿਦਿਆਰਥੀਆਂ ਦੇ ਨਾਲ ਇਹ ਅੰਕੜਾ ਹੋਰ ਵੀ ਵੱਧ ਗਿਆ। ਕੈਨੇਡਾ ਵਿਚ ਸਾਲ 2022 ਵਿਚ ਪੜ੍ਹ ਰਹੇ 8.07 ਲੱਖ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚੋਂ 319, 130 ਇਕੱਲੇ ਭਾਰਤ ਤੋਂ ਹਨ।




# ਬਾਇਡਨ ਪ੍ਰਸ਼ਾਸਨ ਵੱਲੋਂ ਸੀ.ਐੱਸ.ਪੀ.ਏ. ਤਹਿਤ ਨੀਤੀਗਤ ਨਿਯਮਾਂ ’ਚ ਬਦਲਾਅ ਦਾ ਐਲਾਨ

- **ਭਾਰਤੀਆਂ ਨੂੰ ਹੋਵੇਗਾ ਫ਼ਾਇਦਾ**

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰਸ਼ਾਸਨ ਨੇ ‘ਚਾਈਲਡ ਸਟੇਟਸ ਪ੍ਰੋਟੈਕਸ਼ਨ ਐਕਟ’ (ਸੀ.ਐੱਸ.ਪੀ.ਏ.) ਦੇ ਤਹਿਤ ਕੁਝ ਸਥਿਤੀਆਂ ਵਿਚ ਪ੍ਰਵਾਸੀ ਦੀ ਉਮਰ ਦੀ ਗਣਨਾ ਕਰਨ ਦੇ ਉਦੇਸ਼ ਨਾਲ ਇਕ ਨੀਤੀ ਮੈਨੂਅਲ ਨੂੰ ਅਪਡੇਟ ਕਰਨ ਦਾ ਐਲਾਨ ਕੀਤਾ ਹੈ। ਇਸ ਕਦਮ ਭਾਵੇਂ ਛੋਟਾ ਹੈ ਪਰ ਇਸ ਨੂੰ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਇਕ ਅਹਿਮ ਕਦਮ ਦੇ ਤੌਰ ’ਤੇ ਦੇਖਿਆ ਜਾ ਰਿਹਾ ਹੈ, ਜਿਨ੍ਹਾਂ ਦੀ ਵੀਜ਼ਾ ਪ੍ਰਾਪਤ ਕਰਨ ਲਈ ਉਮਰ ਸੀਮਾ ਨਿਕਲ ਚੁੱਕੀ ਹੈ, ਜਦੋਂ ਕਿ ਉਹ ਬੱਚਿਆਂ ਦੇ ਰੂਪ ਵਿਚ ਵੈਧ ਢੰਗ ਨਾਲ ਆਪਣੇ ਮਾਤਾ-ਪਿਤਾ ਨਾਲ ਅਮਰੀਕਾ ਆਏ ਸਨ। ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਭਾਰਤੀ ਹਨ।

ਪਰਿਵਾਰ-ਪ੍ਰਯੋਜਿਤ ਜਾਂ ਰੁਜ਼ਗਾਰ-ਆਧਾਰਿਤ ਵੀਜ਼ਾ ਲਈ ਆਪਣੇ ਮਾਤਾ-ਪਿਤਾ ਦੀ ਮਨਜ਼ੂਰਸ਼ੁਦਾ ਅਰਜ਼ੀ ਦੇ ਆਧਾਰ ’ਤੇ ਸੰਯੁਕਤ ਰਾਜ ਅਮਰੀਕਾ ਵਿਚ ਕਾਨੂੰਨੀ ਸਥਾਈ ਨਿਵਾਸੀ ਦਾ ਦਰਜਾ ਪ੍ਰਾਪਤ ਕਰਨ ਲਈ ਬਿਨੈਕਾਰ ਦੀ ਉਮਰ 21 ਸਾਲ ਤੋਂ ਘੱਟ ਹੋਣੀ ਚਾਹੀਦੀ ਹੈ। ਜੇਕਰ ਬਿਨੈਕਾਰ ਇਮੀਗ੍ਰੇਸ਼ਨ ਪ੍ਰਕਿਰਿਆ ਦੌਰਾਨ 21 ਸਾਲ ਦਾ ਹੋ ਜਾਂਦਾ ਹੈ, ਭਾਵ ਜੇਕਰ ਉਹ ਨਿਰਧਾਰਤ ਉਮਰ ਤੋਂ ਵੱਧ ਹੈ, ਤਾਂ ਉਹ ਆਮ ਤੌਰ ’ਤੇ ਅਰਜ਼ੀ ਦੇ ਆਧਾਰ ’ਤੇ ਮਾਪਿਆਂ ਨਾਲ ਰਹਿਣ ਦਾ ਹੱਕਦਾਰ ਨਹੀਂ ਹੈ। ਨਿਰਧਾਰਤ ਉਮਰ ਬੀਤ ਜਾਣ ਕਾਰਨ ਪਰੇਸ਼ਾਨੀਆਂ ਦਾ ਸਾਹਮਣਾ ਕਰ ਰਹੇ ਕਰੀਬ 2 ਲੱਖ ਲੋਕਾਂ ਦੀ ਅਗਵਾਈ ਕਰਨ ImproveDream.org ਦੇ ਦੀਪ ਪਟੇਲ ਨੇ ਕਿਹਾ ਕਿ “ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਅਧਿਕਾਰਤ ਤੌਰ ’ਤੇ ਨੀਤੀ ਵਿਚ ਬਦਲਾਅ ਕੀਤਾ ਹੈ, ਜਿਸ ਦੀ ਅਸੀਂ ਲੰਬੇ ਸਮੇਂ ਤੋਂ ਬੇਨਤੀ ਕਰ ਰਹੇ ਸੀ।

ਯੂ.ਐੱਸ.ਸੀ.ਆਈ.ਐੱਸ. ਸੀ.ਐੱਸ.ਪੀ.ਏ. ਦੀ ਉਮਰ ਨਿਰਧਾਰਤ ਕਰਨ ਲਈ ‘ਫਾਈਲਿੰਗ ਚਾਰਟ’ ਤਾਰੀਖ਼ਾਂ ਦੀ ਵਰਤੋਂ ਕਰੇਗਾ ਅਤੇ ਪਹਿਲਾਂ ਅਸਵੀਕਾਰ ਕੀਤੀਆਂ ਗਈਆਂ ਅਰਜ਼ੀਆਂ ਨੂੰ ਦੁਬਾਰਾ ਭਰਿਆ ਜਾ ਸਕਦਾ ਹੈ। ਇਨ੍ਹਾਂ ਪ੍ਰਵਾਸੀਆਂ ਦੀ ਉਮਰ ਦੀ ਗਣਨਾ ਕਰਨ ਦੇ ਉਦੇਸ਼ ਲਈ ‘ਫਾਈਨਲ ਐਕਸ਼ਨ ਡੇਟ ਚਾਰਟ’ ਦੀ ਬਜਾਏ ‘ਫਾਈਲਿੰਗ ਚਾਰਟ ਦੀਆਂ ਤਾਰੀਖਾਂ’ ਦੀ ਵਰਤੋਂ ਕਰੇਗਾ। ਅਮਰੀਕੀ ਵਿਦੇਸ਼ ਵਿਭਾਗ ਦੇ ਵੀਜ਼ਾ ਬੁਲੇਟਿਨ ਦੀ ਵਰਤੋਂ ਇਹ ਨਿਰਧਾਰਤ ਕਰਨ ਲਈ ਕੀਤੀ ਜਾਂਦੀ ਹੈ ਕਿ ਵੀਜ਼ਾ ਨੰਬਰ ਕਦੋਂ ਉਪਲਬਧ ਹੋਵੇਗਾ। ਵੀਜ਼ਾ ਬੁਲੇਟਿਨ ਵਿਚ ਦੋ ਚਾਰਟ ਹੁੰਦੇ ਹਨ – ‘ਫਾਈਲਿੰਗ ਚਾਰਟ ਦੀਆਂ ਤਾਰੀਖਾਂ’ ਅਤੇ ‘ਅੰਤਿਮ ਕਾਰਵਾਈ ਤਾਰੀਖ਼ਾਂ ਚਾਰਟ’।




# ਅਮਰੀਕਾ ’ਚ ਕਾਲੇ ਵਿਅਕਤੀ ਦੀ ਹੱਤਿਆ ਦੇ ਦੋਸ਼ ’ਚ ਲੂਇਸਆਨਾ ਦਾ ਪੁਲਿਸ ਅਫਸਰ ਗ੍ਰਿਫਤਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਸ਼ਰੈਵਪੋਰਟ, ਲੂਇਸਆਨਾ ਵਿਚ ਇਸ ਮਹੀਨੇ ਦੇ ਸ਼ੁਰੂ ਵਿਚ 43 ਸਾਲਾ ਅਲੋਂਜੋ ਬਾਗਲੇ ਨਾਮੀ ਇਕ ਨਿਹੱਥੇ ਕਾਲੇ ਵਿਅਕਤੀ ਉਪਰ ਗੋਲੀਆਂ ਚਲਾਉਣ ਵਾਲੇ ਪੁਲਿਸ ਅਫਸਰ ਨੂੰ ਹੱਤਿਆ ਦੇ ਦੋਸ਼ ਤਹਿਤ ਗ੍ਰਿਫਤਾਰ ਕੀਤੇ ਜਾਣ ਦੀ ਖਬਰ ਹੈ। ਇਹ ਜਾਣਕਾਰੀ ਲੂਇਸਆਨਾ ਸਟੇਟ ਪੁਲਿਸ ਨੇ ਦਿੱਤੀ ਹੈ। ਪੁਲਿਸ ਅਫਸਰ ਐਲਗਜ਼ੈਂਡਰ ਟਾਇਰਲ ਨੂੰ ਅਦਾਲਤ ’ਚ ਪੇਸ਼ ਕੀਤਾ ਗਿਆ, ਜਿਥੇ ਲੂਇਸਆਨਾ ਸਟੇਟ ਪੁਲਿਸ ਦੇ ਜਾਂਚਕਾਰਾਂ ਨੇ ਜੱਜ ਨੂੰ ਦਸਿਆ ਕਿ ਬਾਡੀ ਕੈਮਰੇ ਵਿਚ ਕੈਦ ਦ੍ਰਿਸ਼ਾਂ ਤੋਂ ਪਤਾ ਲੱਗਦਾ ਹੈ ਕਿ ਜਦੋਂ ਬਾਗਲੇ ਨੂੰ ਗੋਲੀ ਮਾਰੀ ਗਈ, ਉਸ ਵੇਲੇ ਉਸ ਦੇ ਹੱਥ ਉਪਰ ਸਨ ਤੇ ਉਸ ਕੋਲੋਂ ਕੋਈ ਵੀ ਹਥਿਆਰ ਬਰਾਮਦ ਨਹੀਂ ਹੋਇਆ। ਟਾਇਲਰ ਦੇ ਵਕੀਲ ਧੂ ਥਾਮਸਨ ਨੇ ਕਿਹਾ ਕਿ ਉਸ ਨੂੰ ਆਸ ਹੈ ਕਿ ਬਾਡੀ ਕੈਮਰੇ ਦੇ ਦ੍ਰਿਸ਼ਾਂ ਦੀ ਮੁੜ ਚੰਗੀ ਤਰ੍ਹਾਂ ਜਾਂਚ-ਪੜਤਾਲ ਕੀਤੀ ਜਾਵੇਗੀ ਤੇ ਨਿਰਣਾ ਸਬੂਤਾਂ ਤੇ ਤੱਥਾਂ ਦੇ ਆਧਾਰ ’ਤੇ ਲਿਆ ਜਾਵੇਗਾ। ਥਾਮਸਨ ਨੇ ਕਿਹਾ ਕਿ ਪੁਲਿਸ ਅਫਸਰ ਨੂੰ ਹਮੇਸ਼ਾ ਖਤਰਨਾਕ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਥੇ ਉਹ ਆਪਣੇ ਜੀਵਨ ਨੂੰ ਖਤਰੇ ਦੇ ਮੱਦੇਨਜ਼ਰ ਜਕੋਤਕੀ ਵਿਚ ਨਿਰਣਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਨਿਹੱਥਾ ਵਿਅਕਤੀ ਵੀ ਪੁਲਿਸ ਅਫਸਰ ਲਈ ਖਤਰਾ ਬਣ ਸਕਦਾ ਹੈ। ਬਾਗਲੇ ਦੇ ਪਰਿਵਾਰ ਨੂੰ ਵੀ ਗੋਲੀਬਾਰੀ ਦੀ ਵੀਡੀਓ ਵਿਖਾਈ ਗਈ ਹੈ। ਪੁਲਿਸ ਅਨੁਸਾਰ 3 ਫਰਵਰੀ ਨੂੰ ਇਕ ਅਪਾਰਟਮੈਂਟ ਕੰਪਲੈਕਸ ਵਿਚ ਇਕ ਘਰੇਲੂ ਝਗੜੇ ਦੀ ਸੂਚਨਾ ਮਿਲਣ ’ਤੇ 3 ਪੁਲਿਸ ਅਫਸਰ ਮੌਕੇ ਉਪਰ ਪੁੱਜੇ ਸਨ। ਪੁਲਿਸ ਦੇ ਪਹੁੰਚਣ ’ਤੇ ਬਾਗਲੇ ਅਪਾਰਟਮੈਂਟ ਦੀ ਬਾਲਕੋਨੀ ਵਿਚੋਂ ਛਾਲ ਮਾਰ ਕੇ ਭੱਜ ਗਿਆ, ਜਿਸ ਦਾ ਪਿੱਛਾ ਕਰਕੇ ਇਕ ਪੁਲਿਸ ਅਫਸਰ ਨੇ ਉਸ ਉਪਰ ਗੋਲੀ ਚਲਾ ਦਿੱਤੀ, ਜਿਸ ਉਪਰੰਤ ਉਸ ਦੀ ਮੌਤ ਹੋ ਗਈ ਸੀ।




ਅਲੋਂਜੋ ਬਾਗਲੇ (ਸੱਜੇ) ਆਪਣੀ ਪਤਨੀ ਨਾਲ। (ਸੱਜੇ) ਪੁਲਿਸ ਅਫਸਰ ਅਲੈਗਜ਼ੰਡਰ ਟਾਇਲਰ।

# ਬਾਇਡਨ ਵੱਲੋਂ ਆਪਣੀ ਆਰਥਿਕ ਟੀਮ ਦੇ ਪ੍ਰਮੁੱਖ ਮੈਂਬਰਾਂ ’ਚ ਭਾਰਤੀ-ਅਮਰੀਕੀ ਨਿਯੁਕਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਰਾਸ਼ਟਰਪਤੀ ਜੋਅ ਬਾਇਡਨ ਨੇ 4 ਹੋਰਨਾਂ ਸਮੇਤ ਭਾਰਤੀ ਮੂਲ ਦੇ ਅਮਰੀਕੀ ਭਾਰਤ ਰਾਮਾਮੂਰਤੀ ਨੂੰ ਆਪਣੀ ਆਰਥਿਕ ਟੀਮ ਦੇ ਪ੍ਰਮੁੱਖ ਮੈਂਬਰਾਂ ਵਿਚ ਨਿਯੁਕਤ ਕੀਤਾ ਹੈ। ਰਾਮਾਮੂਰਤੀ ਇਸ ਵੇਲੇ ਨੈਸ਼ਨਲ ਇਕਨਾਮਿਕ ਕੌਂਸਲ ਦੇ ਡਿਪਟੀ ਡਾਇਰੈਕਟਰ ਹਨ। ਵਾਈਟ ਹਾਊਸ ਵੱਲੋਂ ਜਾਰੀ ਇਕ ਬਿਆਨ ਵਿਚ ਬਾਇਡਨ ਨੇ ਕਿਹਾ ਹੈ ਕਿ ਪਿਛਲੇ ਦੋ ਸਾਲਾਂ ਦੌਰਾਨ ਉਸ ਦੀ ਆਰਥਿਕ ਨੀਤੀ ਨੇ ਅਮਰੀਕੀਆਂ ਲਈ ਇਤਿਹਾਸਕ ਕੰਮ ਕੀਤਾ ਹੈ। ਇਹ ਟੀਮ ਸਾਡੀ ਇਤਿਹਾਸਕ ਆਰਥਿਕ ਪ੍ਰਾਪਤੀ ਨੂੰ ਪੱਕੇ ਪੈਰੀਂ ਖੜ੍ਹਾ ਕਰੇਗੀ। ਇਸ ਆਰਥਿਕ ਟੀਮ ਵਿਚ ਰਾਮਾਮੂਰਤੀ ਦੇ ਨਾਲ ਲਾਇਲ ਬਰੇਨਅਰਡ, ਜੇਰਡ ਬਰਨਸਟੀਨ, ਹੀਥਰ ਬੌਸ਼ੇ ਤੇ ਜੌਲੇ ਗੈਂਬਲ ਨੂੰ ਨਿਯੁਕਤ ਕੀਤਾ ਗਿਆ ਹੈ।



ਭਾਰਤ ਰਾਮਾਮੂਰਤੀ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

# ਖੱਡ ’ਚ ਕਾਰ ਸੁੱਟ ਕੇ ਪਰਿਵਾਰ ਨੂੰ ਮਾਰਨ ਦੇ ਯਤਨ ’ਚ ਗ੍ਰਿਫਤਾਰ ਭਾਰਤੀ-ਅਮਰੀਕੀ ਨੇ ਖੁਦ ਨੂੰ ਦੱਸਿਆ ਨਿਰਦੋਸ਼

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਭਾਰਤੀ ਮੂਲ ਦੇ ਅਮਰੀਕੀ ਪਾਸਾਡੇਨਾ ਵਾਸੀ 41 ਸਾਲਾ ਧਰਮੇਸ਼ ਏ ਪਟੇਲ ਜਿਸ ਵਿਰੁੱਧ ਪੁਲਿਸ ਵੱਲੋਂ ਜਾਣਬੁੱਝ ਕੇ ਕਾਰ ਖੱਡ ਵਿਚ ਸੁੱਟ ਕੇ ਆਪਣੇ ਪਰਿਵਾਰ ਨੂੰ ਮਾਰਨ ਦੇ ਦੋਸ਼ ਆਇਦ ਕੀਤੇ ਹਨ, ਨੇ ਇਕ ਅਦਾਲਤ ਵਿਚ ਅਰਜੀ ਦਾਇਰ ਕਰਕੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ। ਕਾਰ ਵਿਚ ਉਸ ਦੀ ਪਤਨੀ, 7 ਸਾਲ ਦੀ ਬੇਟੀ ਤੇ 4 ਸਾਲਾ ਦਾ ਬੇਟਾ ਸਵਾਰ ਸੀ। ਬੇਟੀ ਇਸ ਹਾਦਸੇ ਵਿਚ ਗੰਭੀਰ ਜ਼ਖਮੀ ਹੋ ਗਈ ਸੀ, ਜਦਕਿ ਬੇਟੇ ਦੇ ਮਾਮੂਲੀ ਝਰੀਟਾਂ ਆਈਆਂ ਸਨ। ਹਾਲਾਂਕਿ ਪਰਿਵਾਰ ਇਸ ਘਟਨਾ ਵਿਚ ਬਚ ਗਿਆ ਸੀ ਪਰੰਤੂ ਪੁਲਿਸ ਨੇ ਪਟੇਲ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਹਨ। ਸੈਨ ਮੈਟੀਓ ਡਿਸਟ੍ਰਿਕਟ ਅਟਾਰਨੀ ਸਟੀਵ ਵਾਗਸਟਾਫ ਅਨੁਸਾਰ ਪਟੇਲ ਦੀ ਪਤਨੀ ਦੇ ਬਿਆਨ, ਚਸ਼ਮਦੀਦ ਗਵਾਹਾਂ ਤੋਂ ਕੀਤੀ ਗਈ ਪੁੱਛਗਿੱਛ ਤੇ ਸੜਕ ਦੀ ਵੀਡੀਓ ਪਟੇਲ ਨੂੰ ਦੋਸ਼ੀ ਸਾਬਤ ਕਰਨ ਲਈ ਕਾਫੀ ਸਬੂਤ ਹਨ। ਮਾਮਲੇ ਦੀ ਮੁੱਢਲੀ ਸੁਣਵਾਈ 20 ਮਾਰਚ ਨੂੰ ਹੋਵੇਗੀ। ਪਟੇਲ ਨੇ ਕੈਲੀਫੋਰਨੀਆ ਦੇ ਜਾਣੇ-ਪਛਾਣੇ ਵਕੀਲ ਜੋਸ਼ੂਆ ਬੈਂਟਲੇ ਦੀਆਂ ਸੇਵਾਵਾਂ ਲਈਆਂ ਹਨ। ਲਾਸ ਏਂਜਲਸ ਦੇ ਪ੍ਰੋਵਿੰਸ ਹੋਲੀ ਕਰਾਸ ਮੈਡੀਕਲ ਸੈਂਟਰ ਵਿਚ ਰੇਡੀਆਲੋਜਿਸਟ ਵਜੋਂ ਤਾਇਨਾਤ ਪਟੇਲ ਜੇਕਰ ਦੋਸ਼ੀ ਸਾਬਤ ਹੋ ਜਾਂਦਾ ਹੈ, ਤਾਂ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ।




■ ਅਦਾਲਤ ’ਚ ਪਟੀਸ਼ਨ ਦਾਇਰ

# ਮਿਸ਼ੀਗਨ ਸਟੇਟ ਯੂਨੀਵਰਸਿਟੀ ’ਚ ਗੋਲੀਆਂ ਮਾਰ ਕੇ 3 ਵਿਦਿਆਰਥੀਆਂ ਦੀ ਹੱਤਿਆ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਬੰਦੂਕਧਾਰੀ ਜਿਸ ਨੇ ਮਿਸ਼ੀਗਨ ਸਟੇਟ ਯੂਨੀਵਰਸਿਟੀ ਵਿਚ ਗੋਲੀਆਂ ਚਲਾ ਕੇ 3 ਵਿਦਿਆਰਥੀਆਂ ਦੀ ਹੱਤਿਆ ਕਰ ਦਿੱਤੀ ਤੇ 5 ਹੋਰਨਾਂ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਹੈ, ਦੀ ਯੋਜਨਾ ਨਿਊਜਰਸੀ ਦੇ 2 ਹੋਰ ਸਕੂਲਾਂ ਉਪਰ ਹਮਲਾ ਕਰਨ ਦੀ ਸੀ। ਇਹ ਪ੍ਰਗਟਾਵਾ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕੀਤਾ ਹੈ। ਮਿਸ਼ੀਗਨ ਸਟੇਟ ਯੂਨੀਵਰਸਿਟੀ ਪੁਲਿਸ ਅਨੁਸਾਰ 43 ਸਾਲਾ ਐਨਥਨੀ ਡਵੇਨ ਮੈਕਰੇ ਨੇ ਯੂਨੀਵਰਸਿਟੀ ਵਿਚ ਅੰਧਾਧੁੰਦ ਗੋਲੀਆਂ ਚਲਾਉਣ ਉਪਰੰਤ ਖੁਦ ਨੂੰ ਵੀ ਗੋਲੀ ਮਾਰ ਕੇ ਖਤਮ ਕਰ ਲਿਆ ਸੀ। ਜਦੋਂ ਪੁਲਿਸ ਨੇ ਮੈਕਰੇ ਦੀ ਤਲਾਸ਼ੀ ਲਈ, ਤਾਂ ਉਸ ਦੀ ਜੇਬ ਵਿਚੋਂ ਇਕ ਨੋਟ ਮਿਲਿਆ, ਜਿਸ ਵਿਚ ਦੋ ਸਕੂਲਾਂ ਨੂੰ ਅਗਲਾ ਨਿਸ਼ਾਨਾ ਬਣਾਉਣ ਦਾ ਜ਼ਿਕਰ ਹੈ। ਜਦੋਂ ਉਸ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕੀਤੀਆਂ, ਤਾਂ ਵਿਦਿਆਰਥੀਆਂ ਨੇ ਖਿੜਕੀਆਂ ਵਿਚੋਂ ਛਾਲਾਂ ਮਾਰ ਕੇ ਆਪਣੇ ਆਪ ਨੂੰ ਬਚਾਉਣ ਦਾ ਯਤਨ ਕੀਤਾ। ਮਾਰੇ ਗਏ ਵਿਦਿਆਰਥੀਆਂ ਦੀ ਪਛਾਣ ਜੂਨੀਅਰ ਅਲੈਗਜੰਡਰੀਆ ਵਰਨਰ, ਜੂਨੀਅਰ ਐਰੀਲ ਐਂਡਰਸਨ ਤੇ ਸੋਫੋਮੋਰ ਬਰੀਅਨ ਫਰੇਜਰ ਵਜੋਂ ਹੋਈ ਹੈ।



ਐਨਥਨੀ ਡਵੇਨ



ਮਾਰੇ ਗਏ 3 ਵਿਦਿਆਰਥੀਆਂ ਦੀਆਂ ਤਸਵੀਰਾਂ।

■ ਸ਼ੱਕੀ ਦੋਸ਼ੀ ਦੋ ਹੋਰ ਸਕੂਲਾਂ ਨੂੰ ਨਿਸ਼ਾਨਾ ਬਣਾਉਣਾ ਚਾਹੁੰਦਾ ਸੀ : ਪੁਲਿਸ



# ਮਿਸੀਸਿਪੀ 'ਚ ਹੋਈ ਗੋਲੀਬਾਰੀ ਵਿਚ 6 ਵਿਅਕਤੀਆਂ ਦੀ ਮੌਤ; ਸ਼ੱਕੀ ਹਮਲਾਵਰ ਗ੍ਰਿਫਤਾਰ

■ **ਮ੍ਰਿਤਕਾਂ ਵਿਚ ਸ਼ੱਕੀ ਦੀ ਸਾਬਕਾ ਪਤਨੀ ਤੇ ਆਂਢ-ਗੁਆਂਢ ਦੇ ਲੋਕ ਸ਼ਾਮਲ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਮਿਸੀਸਿਪੀ (ਟੇਟ ਕਾਊਂਟੀ) ਵਿਚ ਇਕ ਵਿਅਕਤੀ ਨੇ ਗੋਲੀਆਂ ਮਾਰ ਕੇ ਆਪਣੀ ਸਾਬਕਾ ਪਤਨੀ ਸਮੇਤ 6 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਤੇ ਇਕ ਹੋਰ ਨੂੰ ਜ਼ਖਮੀ ਕਰ ਦਿੱਤਾ। ਇਹ ਜਾਣਕਾਰੀ ਟੇਟ ਕਾਊਂਟੀ ਦੇ ਸ਼ੈਰਿਫ ਬਰਾਡ ਲਾਂਸ ਨੇ ਦਿੱਤੀ ਹੈ। ਲਾਂਸ ਅਨੁਸਾਰ ਪਿਛਲੇ ਦਿਨ ਸਵੇਰ 11 ਵਜੇ ਦੇ ਆਸ-ਪਾਸ ਪੁਲਿਸ ਨੂੰ ਉੱਤਰੀ ਮਿਸੀਸਿਪੀ ਦੇ ਛੋਟੇ ਜਿਹੇ ਦਿਹਾਤੀ ਕਸਬੇ ਅਰਕਾਬੂਟਲਾ ਦੇ ਇਕ ਸਟੋਰ ਦੀ ਪਾਰਕਿੰਗ ਵਿਚ ਗੋਲੀ ਚੱਲਣ ਦੀ ਸੂਚਨਾ ਮਿਲੀ ਸੀ, ਜਿਥੇ ਇਕ ਵਿਅਕਤੀ ਨੇ ਇਕ ਕਾਰ ਵਿਚ ਬੈਠੇ ਡਰਾਈਵਰ ਦੀ ਹੱਤਿਆ ਕਰ ਦਿੱਤੀ, ਜਦਕਿ ਕਾਰ ਵਿਚ ਬੈਠਾ ਇਕ ਹੋਰ ਵਿਅਕਤੀ ਵਾਲ-ਵਾਲ ਬਚ ਗਿਆ। ਉਪਰੰਤ ਇਹ ਵਿਅਕਤੀ ਆਪਣੀ ਸਾਬਕਾ ਪਤਨੀ ਦੇ ਘਰ ਗਿਆ ਤੇ ਉਸ ਦੀ ਵੀ ਹੱਤਿਆ ਕਰ ਦਿੱਤੀ। ਲਾਂਸ ਅਨੁਸਾਰ ਪੁਲਿਸ ਨੂੰ ਸ਼ੱਕੀ ਦੋਸ਼ੀ ਦੇ ਘਰ ਦੇ ਪਿਛਵਾੜੇ ਇਕ ਛੋਟੀ ਜਿਹੀ ਸੜਕ ਉਪਰ ਵੀ ਦੋ ਵਿਅਕਤੀ ਮ੍ਰਿਤਕ ਮਿਲੇ, ਜਿਨ੍ਹਾਂ ਦੇ ਗੋਲੀਆਂ ਮਾਰੀਆਂ ਗਈਆਂ ਸਨ। ਇਕ ਦੀ ਲਾਸ਼ ਸੜਕ ਉਪਰੋਂ ਤੇ ਦੂਸਰੇ ਦੀ ਲਾਸ਼ ਇਕ ਵਾਹਣ ਵਿਚੋਂ ਮਿਲੀ। ਸ਼ੱਕੀ ਦੋਸ਼ੀ ਨੇ ਦੋ ਹੋਰਨਾਂ ਦੀ ਹੱਤਿਆ ਆਪਣੇ ਘਰ ਦੇ ਨਾਲ ਵਾਲੇ ਘਰ ਵਿਚ ਕੀਤੀ। ਪੁਲਿਸ ਦਾ ਵਿਸ਼ਵਾਸ ਹੈ ਕਿ ਇਹ ਮ੍ਰਿਤਕ ਜਿਨ੍ਹਾਂ ਵਿਚ ਇਕ ਮਰਦ ਤੇ ਇਕ ਔਰਤ ਸ਼ਾਮਲ ਹੈ, ਸ਼ੱਕੀ ਦੇ ਰਿਸ਼ਤੇਦਾਰ ਸਨ। ਲਾਂਸ ਨੇ ਕਿਹਾ ਹੈ ਕਿ ਪੁਲਿਸ ਨੇ ਸ਼ੱਕੀ ਨੂੰ ਉਸ ਦੇ ਘਰ ਦੇ ਨੇੜਿਉਂ ਹਿਰਾਸਤ ਵਿਚ ਲਿਆ ਹੈ, ਜਿਥੋਂ ਉਹ ਭੱਜਣ ਦੀ ਤਾਕ ਵਿਚ ਸੀ। ਸ਼ੱਕੀ ਦੀ ਕਾਰ ਵਿਚੋਂ ਕਈ ਹੈਂਡਗੰਨਜ ਤੇ ਇਕ ਸ਼ਾਟ ਗੰਨ ਬਰਾਮਦ ਹੋਈ ਹੈ। ਪੁਲਿਸ ਨੇ ਮਾਰੇ ਗਏ ਵਿਅਕਤੀਆਂ ਤੇ ਸ਼ੱਕੀ ਦੋਸ਼ੀ ਦੇ ਨਾਂ ਜਾਰੀ ਨਹੀਂ ਕੀਤੇ ਹਨ। ਸ਼ੱਕੀ ਨੂੰ ਟੇਟ ਕਾਊਂਟੀ ਜੇਲ੍ਹ ਵਿਚ ਰੱਖਿਆ ਗਿਆ ਹੈ। ਉਸ ਵਿਰੁੱਧ ਛੇਤੀ ਰਸਮੀ ਦੋਸ਼ ਆਇਦ ਕੀਤੇ ਜਾਣ ਦੀ ਸੰਭਾਵਨਾ ਹੈ। ਸ਼ੱਕੀ ਦੋਸ਼ੀ ਦਾ ਇਨ੍ਹਾਂ ਹੱਤਿਆਵਾਂ ਪਿੱਛੇ ਕੀ ਮਕਸਦ ਸੀ, ਇਸ ਬਾਰੇ ਪੁਲਿਸ ਅਜੇ ਕਿਸੇ ਸਿੱਟੇ ਉਪਰ ਨਹੀਂ ਪੁੱਜੀ ਹੈ। ਗਵਰਨਰ ਟੇਟ ਰੀਵਸ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਮਾਮਲੇ ਦੀ ਜਾਂਚ ਪੂਰੀ ਡੂੰਘਾਈ ਨਾਲ ਕੀਤੀ ਜਾਵੇਗੀ ਤੇ ਸਮਝਿਆ ਜਾਂਦਾ ਹੈ ਕਿ ਇਕੱਲੇ ਸ਼ੱਕੀ ਨੇ ਹੀ ਇਹ ਕਾਰਾ ਕੀਤਾ ਹੈ।

# ਕੈਲੀਫੋਰਨੀਆ ਜੇਲ੍ਹ ਮਹਿਕਮੇ 'ਚ ਕੰਮ ਕਰਦੇ ਸਿੱਖ ਮੁਲਾਜ਼ਮਾਂ ਨੂੰ ਦਾੜ੍ਹੀ ਸ਼ੇਵ ਕਰਨ ਦੇ ਹੁਕਮ

## ਸਿੱਖਾਂ ਵੱਲੋਂ ਹੁਕਮਾਂ ਨੂੰ ਸਰਾਸਰ ਧੱਕੇਸ਼ਾਹੀ ਕਰਾਰ

**ਸੈਕਰਾਮੈਂਟੋ, (ਪੰਜਾਬ ਮੇਲ)**- ਕੈਲੀਫੋਰਨੀਆ ਸੂਬੇ ਦੇ ਜੇਲ੍ਹ ਮਹਿਕਮੇ 'ਚ ਕੰਮ ਕਰਦੇ ਸਿੱਖ ਮੁਲਾਜ਼ਮਾਂ ਨੂੰ ਦਾੜ੍ਹੀ ਸ਼ੇਵ ਕਰਨ ਜਾਂ ਸਖ਼ਤ ਕਾਰਵਾਈ ਲਈ ਤਿਆਰ ਬਰ ਤਿਆਰ ਰਹਿਣ ਦੇ ਹੁਕਮ ਦਿਤੇ ਗਏ ਹਨ। ਨਾਗਰਿਕ ਹੱਕਾਂ ਲਈ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਵੱਲੋਂ ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਕਰੈਕਸ਼ਨਜ਼ ਐਂਡ ਰੀਹੈਬਿਲੀਟੇਸ਼ਨ ਦੇ ਹੁਕਮਾਂ ਨੂੰ ਸਿੱਖਾਂ ਅਤੇ ਕਾਲਿਆਂ ਨਾਲ ਸਰਾਸਰ ਧੱਕੇਸ਼ਾਹੀ ਕਰਾਰ ਦਿਤਾ ਗਿਆ ਹੈ।

# ਜਾਸੂਸ ਗੁਬਾਰੇ ਦੇ ਘਟਨਾਕ੍ਰਮ ਤੋਂ ਬਾਅਦ ਅਮਰੀਕੀ ਵੱਲੋਂ ਚੀਨੀ ਅਪਰੇਸ਼ਨ ਦੀ ਨਿਖੇਧੀ

■ **ਚੀਨ ਨੂੰ ਰੂਸ ਦੀ ਮਦਦ ਕਰਨ ਖ਼ਿਲਾਫ਼ ਦਿੱਤੀ ਚਿਤਾਵਨੀ**
■ **ਜਾਸੂਸੀ ਗੁਬਾਰਾ ਘਟਨਾਕ੍ਰਮ ਮਗਰੋਂ ਬਲਿੰਕਨ ਤੇ ਵਾਂਗ ਦੀ ਮੁਲਾਕਾਤ**

**ਵਾਸ਼ਿੰਗਟਨ/ਮਿਊਨਿਖ, (ਪੰਜਾਬ ਮੇਲ)**- ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ 'ਜਾਸੂਸ' ਗੁਬਾਰੇ ਦੇ ਘਟਨਾਕ੍ਰਮ ਦੁਆਲੇ ਬਣੇ ਟਕਰਾਅ ਵਿਚਾਲੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਮੁਲਾਕਾਤ ਕੀਤੀ। ਅਮਰੀਕੀ ਆਗੂ ਨੇ ਚੀਨ ਕੋਲ ਇਸ ਮਾਮਲੇ 'ਤੇ ਰੋਸ ਦਰਜ ਕੀਤਾ ਤੇ ਚੀਨੀ ਅਪਰੇਸ਼ਨ ਦੀ ਨਿਖੇਧੀ ਕੀਤੀ। ਉਨ੍ਹਾਂ ਚੀਨ ਨੂੰ ਰੂਸ ਦੀ ਮਦਦ ਕਰਨ ਖ਼ਿਲਾਫ਼ ਚਿਤਾਵਨੀ ਵੀ ਦਿੱਤੀ। ਬਲਿੰਕਨ ਨੇ ਕਿਹਾ ਕਿ ਜੇਕਰ ਚੀਨ, ਯੂਕਰੇਨ ਵਿਚ ਲੱਗੀ ਜੰਗ ਲਈ ਰੂਸ ਦੀ ਮਦਦ ਕਰੇਗਾ ਤਾਂ ਉਸ ਨੂੰ ਹੋਰ ਪਾਬੰਦੀਆਂ ਦਾ ਸਾਹਮਣਾ ਕਰਨਾ ਪਵੇਗਾ।

ਬਲਿੰਕਨ ਤੇ ਵਾਂਗ ਨੇ ਇੱਥੇ 'ਮਿਊਨਿਖ ਸਕਿਊਰਿਟੀ ਕਾਨਫਰੰਸ' ਦੌਰਾਨ ਮੁਲਾਕਾਤ ਕੀਤੀ। ਗੁਬਾਰੇ ਨਾਲ ਜੁੜੇ ਘਟਨਾਕ੍ਰਮ ਦੇ ਸੰਦਰਭ ਵਿਚ ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਨੈੱਡ ਪ੍ਰਾਈਸ ਨੇ ਕਿਹਾ, 'ਵਿਦੇਸ਼ ਮੰਤਰੀ ਨੇ ਸਿੱਧੇ ਤੌਰ 'ਤੇ ਚੀਨ ਨੂੰ ਦੱਸ ਦਿੱਤਾ ਹੈ ਕਿ ਇਹ ਅਮਰੀਕਾ ਦੀ ਪ੍ਰਭੂਸੱਤਾ ਤੇ ਕੌਮਾਂਤਰੀ ਨਿਯਮਾਂ ਦੀ ਉਲੰਘਣਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਨਾਲ ਹੀ ਚੀਨ ਨੂੰ ਕਿਹਾ ਹੈ ਕਿ ਅਜਿਹਾ ਦੁਬਾਰਾ ਨਹੀਂ ਵਾਪਰਨਾ ਚਾਹੀਦਾ।' ਜ਼ਿਕਰਯੋਗ ਹੈ ਕਿ ਕਾਫ਼ੀ ਉਚਾਈ 'ਤੇ ਉੱਡਣ ਵਾਲਾ ਇਕ ਚੀਨੀ ਗੁਬਾਰਾ ਅਮਰੀਕੀ ਹਵਾਈ ਖੇਤਰ ਵਿਚ ਦਾਖਲ ਹੋ ਗਿਆ ਸੀ।

ਅਮਰੀਕਾ ਨੇ ਕਿਹਾ ਸੀ ਕਿ ਇਸ ਨੂੰ ਜਾਸੂਸੀ ਦੇ ਮੰਤਵ ਨਾਲ ਭੇਜਿਆ ਗਿਆ ਹੈ, ਜਦਕਿ ਚੀਨ ਨੇ ਕਿਹਾ ਸੀ ਕਿ ਇਹ ਮਹਿਜ਼ ਮੌਸਮ ਬਾਰੇ ਖੋਜ ਕਰਨ ਵਾਲਾ ਗੁਬਾਰਾ ਹੈ। ਬਲਿੰਕਨ ਨੇ ਮੀਟਿੰਗ ਦੌਰਾਨ ਚੀਨ ਨੂੰ ਇਹ ਵੀ ਕਿਹਾ ਕਿ ਗੁਬਾਰਿਆਂ ਦੁਆਰਾ ਚੀਨ ਵੱਲੋਂ ਪੰਜ ਮਹਾਦੀਪਾਂ ਵਿਚ 40 ਮੁਲਕਾਂ ਦੀ ਹਵਾਈ ਹੱਦ ਦਾ ਉਲੰਘਣ ਕੀਤਾ ਗਿਆ ਹੈ, ਜਾਸੂਸੀ ਕਰ ਕੇ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬਲਿੰਕਨ ਨੇ ਵਾਂਗ ਨੂੰ ਕਿਹਾ ਕਿ ਚੀਨ ਦੀ ਇਸ ਕਾਰਵਾਈ ਦਾ ਪਰਦਾਫਾਸ਼ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਗੁਬਾਰੇ ਬਾਰੇ ਪਤਾ ਲੱਗਣ ਤੋਂ ਬਾਅਦ ਬਲਿੰਕਨ ਨੇ ਆਪਣਾ ਚੀਨ ਦੌਰਾ ਰੱਦ ਕਰ ਦਿੱਤਾ ਸੀ। ਵਾਂਗ ਨੇ ਕਾਨਫਰੰਸ ਵਿਚ ਸ਼ਨਿਚਰਵਾਰ ਅਮਰੀਕਾ ਦੀ ਆਲੋਚਨਾ ਕਰਦਿਆਂ ਕਿਹਾ ਸੀ ਗੁਬਾਰੇ ਦਾ ਘਟਨਾਕ੍ਰਮ 'ਅਮਰੀਕਾ ਵੱਲੋਂ ਸਿਰਜਿਆ ਸਿਆਸੀ ਡਰਾਮਾ ਹੈ ਤੇ ਉਹ ਚੀਨ ਤੋਂ ਅੱਗੇ ਨਿਕਲਣ ਲਈ ਹਰ ਹੱਥਕੰਡਾ ਅਪਣਾ ਰਹੇ ਹਨ। ਅਮਰੀਕਾ ਦੀ ਕਾਰਵਾਈ ਦਾ ਇਹ ਮਤਲਬ ਨਹੀਂ ਹੈ ਕਿ ਉਹ ਵੱਡੇ ਤੇ ਮਜ਼ਬੂਤ ਹਨ।' ਇਸੇ ਦੌਰਾਨ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਵੀ ਰੂਸ ਦੀ ਮਦਦ ਖ਼ਿਲਾਫ਼ ਚੀਨ ਨੂੰ ਚਿਤਾਵਨੀ ਦਿੱਤੀ ਹੈ। ਬਲਿੰਕਨ ਨੇ ਉੱਤਰ ਕੋਰੀਆ ਵੱਲੋਂ ਅੰਤਰ-ਮਹਾਦੀਪ ਬੈਲਿਸਟਿਕ ਮਿਜ਼ਾਈਲ ਦੇ ਪ੍ਰੀਖਣ ਦੀ ਵੀ ਆਲੋਚਨਾ ਕੀਤੀ।

# ਅਮਰੀਕੀ ਹਵਾਈ ਅੱਡਿਆਂ 'ਤੇ ਪਿਛਲੇ ਸਾਲ ਰਿਕਾਰਡ 6,542 ਹਥਿਆਰ ਕੀਤੇ ਗਏ ਜ਼ਬਤ

■ **ਅਮਰੀਕੀ ਲੋਕਾਂ 'ਚ ਹਥਿਆਰਾਂ ਦੀ ਦੌੜ ਚਿੰਤਾਜਨਕ ਤੌਰ 'ਤੇ ਵਧੀ**

**ਅਟਲਾਂਟਾ, (ਪੰਜਾਬ ਮੇਲ)**- ਅਮਰੀਕਾ ਵਿਚ ਆਵਾਜਾਈ ਸੁਰੱਖਿਆ ਪ੍ਰਸ਼ਾਸਨ (ਟੀ.ਐੱਸ.ਏ.) ਨੇ ਪਿਛਲੇ ਸਾਲ ਹਵਾਈ ਅੱਡਿਆਂ 'ਤੇ 6,542 ਬੰਦੂਕਾਂ ਜ਼ਬਤ ਕੀਤੀਆਂ ਮਤਲਬ ਹਵਾਈ ਅੱਡੇ 'ਤੇ ਪ੍ਰਤੀ ਦਿਨ ਜਾਂਚ ਦੌਰਾਨ ਲਗਭਗ 18 ਬੰਦੂਕਾਂ ਫੜੀਆਂ। ਪਿਛਲੇ ਸਾਲ ਅਮਰੀਕਾ ਦੇ ਹਵਾਈ ਅੱਡਿਆਂ 'ਤੇ ਜ਼ਬਤ ਕੀਤੇ ਗਏ ਹਥਿਆਰਾਂ ਦੀ ਇਹ ਸਭ ਤੋਂ ਵੱਡੀ ਗਿਣਤੀ ਹੈ ਅਤੇ ਇਹ ਇਸ ਗੱਲ ਦਾ ਵੀ ਸੰਕੇਤ ਹੈ ਕਿ ਅਮਰੀਕੀ ਲੋਕਾਂ 'ਚ ਹਥਿਆਰਾਂ ਦੀ ਦੌੜ ਚਿੰਤਾਜਨਕ ਤੌਰ 'ਤੇ ਵਧੀ ਹੈ।

ਟੀ.ਐੱਸ.ਏ. ਪ੍ਰਸ਼ਾਸਕ ਡੇਵਿਡ ਪੇਕੋਸਕੇ ਨੇ ਕਿਹਾ ਕਿ "ਅਸੀਂ ਆਪਣੀਆਂ ਚੈਕਪੁਆਇੰਟਾਂ 'ਤੇ ਜੋ ਦੇਖ ਰਹੇ ਹਾਂ, ਉਹ ਅੱਜ ਸਾਡੇ ਸਮਾਜ ਦੀ ਅਸਲੀਅਤ ਨੂੰ ਦਰਸਾਉਂਦਾ ਹੈ ਕਿ ਵੱਧ ਤੋਂ ਵੱਧ ਲੋਕ ਹਥਿਆਰ ਲੈ ਕੇ ਜਾ ਰਹੇ ਹਨ।" ਮਹਾਮਾਰੀ ਦੌਰਾਨ 2020 ਦੇ ਸਮੇਂ ਨੂੰ ਛੱਡ ਕੇ 2010 ਦੇ ਬਾਅਦ ਤੋਂ ਹਵਾਈ ਅੱਡੇ ਦੀ ਜਾਂਚ ਦੌਰਾਨ ਮਿਲੇ ਹਥਿਆਰਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋਇਆ ਹੈ। ਇਨ੍ਹਾਂ ਵਿਚੋਂ ਬਹੁਤਿਆਂ ਨੇ ਦਾਅਵਾ ਕੀਤਾ ਕਿ ਉਹ ਭੁੱਲ ਗਏ ਸਨ ਕਿ ਉਨ੍ਹਾਂ ਕੋਲ ਇੱਕ ਹਥਿਆਰ ਸੀ, ਹਾਲਾਂਕਿ ਉਨ੍ਹਾਂ ਨੇ ਮੰਨਿਆ ਕਿ ਇੱਕ ਹਥਿਆਰ ਦਾ ਹਵਾਈ ਜਹਾਜ਼ ਵਿਚ ਗਲਤ ਹੱਥਾਂ ਵਿਚ ਜਾਣਾ ਖਤਰਨਾਕ ਹੋ ਸਕਦਾ ਹੈ। ਪੇਕੋਸਕੇ ਨੇ ਕਿਹਾ ਕਿ ਬਰਬੈਂਕ, ਕੈਲੀਫੋਰਨੀਆ ਤੋਂ ਲੈ ਕੇ ਬੈਂਗੋਰ, ਮੇਨ ਤੱਕ ਹਵਾਈ ਅੱਡਿਆਂ 'ਤੇ ਹਥਿਆਰ ਜ਼ਬਤ ਕੀਤੇ ਗਏ ਹਨ। ਪਰ ਇਹ ਉਨ੍ਹਾਂ ਖੇਤਰਾਂ ਵਿਚ ਵੱਡੇ ਹਵਾਈ ਅੱਡਿਆਂ 'ਤੇ ਵਧੇਰੇ ਹੁੰਦਾ ਹੈ, ਜਿੱਥੇ ਕਾਨੂੰਨ ਬੰਦੂਕ ਰੱਖਣ ਲਈ ਵਧੇਰੇ ਅਨੁਕੂਲ ਹੁੰਦੇ ਹਨ। 2022 ਵਿਚ ਹਥਿਆਰਾਂ ਦੀ ਪ੍ਰਾਪਤੀ ਲਈ ਚੋਟੀ ਦੀ 10 ਸੂਚੀ ਵਿਚ ਟੈਕਸਾਸ ਵਿਚ ਡੈਲਸ, ਆਸਟਿਨ ਅਤੇ ਹਿਊਸਟਨ, ਫਲੋਰੀਡਾ ਵਿਚ ਤਿੰਨ ਹਵਾਈ ਅੱਡੇ ਅਤੇ ਟੈਨੇਸੀ ਵਿਚ ਨੈਸ਼ਵਿਲ, ਅਟਲਾਂਟਾ, ਫੀਨਿਕਸ ਅਤੇ ਡੇਨਵਰ ਸ਼ਾਮਲ ਹਨ।



# ਐੱਨ.ਆਈ.ਏ. ਵਲੋਂ ਪੰਜਾਬ ਤੇ ਹਰਿਆਣਾ ਸਮੇਤ 8 ਰਾਜਾਂ 'ਚ 76 ਥਾਵਾਂ 'ਤੇ ਛਾਪੇਮਾਰੀ

- ਪੰਜਾਬ ਦੇ 30 ਤੋਂ ਵੱਧ ਟਿਕਾਣਿਆਂ 'ਤੇ ਛਾਪੇ
- ਕਈ ਹਥਿਆਰ ਤੇ ਡੇਢ ਕਰੋੜ ਤੋਂ ਵੱਧ ਨਕਦੀ ਬਰਾਮਦ
- ਐੱਨ.ਆਈ.ਏ. ਵਲੋਂ ਪਿਛਲੇ 6 ਮਹੀਨਿਆਂ 'ਚ ਇਹ ਚੌਥੀ ਛਾਪੇਮਾਰੀ





ਗਿੱਦੜਬਾਹਾ ਵਿਖੇ ਕਿੰਗਰਾ ਫਾਰਮ ਹਾਊਸ ਤੋਂ ਵਾਪਸ ਜਾਂਦੀ ਹੋਈ ਐੱਨ.ਆਈ.ਏ. ਦੀ ਟੀਮ। (ਸੱਜੇ) ਡਰੱਗ ਤਸਕਰਾਂ ਖਿਲਾਫ ਮੁਹਿੰਮ ਦੌਰਾਨ ਲੁਧਿਆਣਾ 'ਚ ਤਲਾਸ਼ੀ ਲੈਂਦੇ ਹੋਏ ਪੁਲਿਸ ਅਧਿਕਾਰੀ।

**ਨਵੀਂ ਦਿੱਲੀ, (ਪੰਜਾਬ ਮੇਲ)-** ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਗੈਂਗਸਟਰ ਅਤੇ ਉਨ੍ਹਾਂ ਦੇ ਅਪਰਾਧਕ ਨੈੱਟਵਰਕ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਪੰਜਾਬ, ਹਰਿਆਣਾ ਸਮੇਤ 8 ਰਾਜਾਂ 'ਚ 76 ਥਾਵਾਂ 'ਤੇ ਛਾਪੇਮਾਰੀ ਕੀਤੀ। ਇਹ ਛਾਪੇਮਾਰੀ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਕਰੀਬੀਆਂ ਦੇ ਟਿਕਾਣਿਆਂ 'ਤੇ ਕੀਤੀ ਗਈ। ਹਲਕਿਆਂ ਮੁਤਾਬਿਕ ਛਾਪੇਮਾਰੀ ਦੌਰਾਨ ਕਈ ਹਥਿਆਰ ਅਤੇ ਡੇਢ ਕਰੋੜ ਤੋਂ ਵੱਧ ਦੀ ਨਕਦੀ ਬਰਾਮਦ ਹੋਈ। ਹਾਸਲ ਜਾਣਕਾਰੀ ਮੁਤਾਬਿਕ ਐੱਨ.ਆਈ.ਏ. ਦੀ ਟੀਮ ਨੇ ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼, ਦਿੱਲੀ ਅਤੇ ਚੰਡੀਗੜ੍ਹ, 'ਚ 76 ਥਾਵਾਂ 'ਤੇ ਛਾਪੇਮਾਰੀ ਕੀਤੀ। ਇਨ੍ਹਾਂ 'ਚ ਪੰਜਾਬ ਦੇ 30 ਤੋਂ ਵੱਧ ਟਿਕਾਣੇ ਸ਼ਾਮਲ ਹਨ। ਬਠਿੰਡਾ ਦੇ ਪਿੰਡ ਮਛਾਨਾ ਦੇ ਵਸਨੀਕ ਰੱਮੀ ਮਛਾਨਾ ਅਤੇ ਮੌੜ ਮੰਡੀ 'ਚ ਰਹਿਣ ਵਾਲੇ ਇਕ ਵਿਅਕਤੀ ਦੇ ਘਰ ਵੀ ਛਾਪੇਮਾਰੀ ਕੀਤੀ, ਜਿਸ ਬਾਰੇ ਐੱਸ.ਐੱਸ.ਪੀ. ਬਠਿੰਡਾ ਗੁਲਨੀਤ ਸਿੰਘ ਖੁਰਾਨਾ ਨੇ ਪੁਸ਼ਟੀ ਕੀਤੀ। ਹਾਲਾਂਕਿ ਛਾਪੇਮਾਰੀ 'ਚ ਬਰਾਮਦਗੀ ਨੂੰ ਲੈ ਕੇ ਉਨ੍ਹਾਂ ਕੋਈ ਜਾਣਕਾਰੀ ਨਹੀਂ ਦਿੱਤੀ।

ਮੁਕਤਸਰ ਜ਼ਿਲ੍ਹੇ ਦੇ ਗਿੱਦੜਬਾਹਾ ਖੇਤਰ 'ਚ ਐੱਨ.ਆਈ.ਏ. ਦੀ ਟੀਮ ਨੇ ਯੂਥ ਅਕਾਲੀ ਦਲ ਦੇ ਨੇਤਾ ਅਤੇ ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਲਖਵੀਰ ਸਿੰਘ ਲੱਖੀ ਕਿੰਗਰਾ ਦੀ ਰਿਹਾਇਸ਼ ਅਤੇ ਫਾਰਮ ਹਾਊਸ 'ਤੇ ਵੀ ਛਾਪੇਮਾਰੀ ਕੀਤੀ। ਹਲਕਿਆਂ ਮੁਤਾਬਿਕ ਉਕਤ ਗੈਂਗਸਟਰ 'ਤੇ ਕਤਲ ਦੇ ਕਈ ਮਾਮਲੇ ਦਰਜ ਹਨ। ਹਾਲਾਂਕਿ ਛਾਪੇਮਾਰੀ ਨੂੰ ਲੈ ਕੇ ਹਾਲੇ ਤੱਕ ਕੋਈ ਅਧਿਕਾਰਕ ਪੁਸ਼ਟੀ ਨਹੀਂ ਹੋਈ। ਲੱਖੀ ਕਿੰਗਰਾ ਤੋਂ ਇਲਾਵਾ ਲੁਧਿਆਣਾ, ਫਿਰੋਜ਼ਪੁਰ ਦੇ ਜ਼ੀਰਾ, ਗੁਰੂ ਹਰਸਹਾਏ ਅਤੇ ਤਲਵੰਡੀ ਭਾਈ 'ਚ ਵੀ ਵੱਖ-ਵੱਖ ਥਾਵਾਂ 'ਤੇ ਪੜਤਾਲੀਆ ਏਜੰਸੀ ਨੇ ਛਾਪੇਮਾਰੀ ਕੀਤੀ। ਮੋਗਾ ਦੇ ਐੱਸ.ਐੱਸ.ਪੀ. ਜੇ. ਈਲੇਨਚੇਲਿਅਨ ਨੇ ਵੀ ਉੱਥੇ ਛਾਪੇਮਾਰੀ ਹੋਣ ਦੀ ਪੁਸ਼ਟੀ ਕੀਤੀ।

ਐੱਨ.ਆਈ.ਏ. ਦੀ ਟੀਮ ਨੇ ਅਬੋਹਰ ਦੇ ਮਾਡਲ ਟਾਊਨ 'ਚ ਨਰੇਸ਼ ਕੁਮਾਰ ਅਤੇ ਬੱਲੂਆਣਾ ਦੇ ਪਿੰਡ ਬਿਸ਼ਨਪੁਰਾ 'ਚ ਦਿਲੀਪ ਬਿਸ਼ਨੋਈ ਦੀ ਰਿਹਾਇਸ਼ 'ਤੇ ਵੀ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ ਨਰੇਸ਼ ਕੁਮਾਰ ਅਪਰਾਧਿਕ ਗਤੀਵਿਧੀਆਂ ਦੇ ਕਾਰਨ ਜੇਲ੍ਹ 'ਚ ਬੰਦ ਹੈ ਅਤੇ ਲਾਰੈਂਸ ਬਿਸ਼ਨੋਈ ਗੈਂਗ ਨਾਲ ਸੰਪਰਕ 'ਚ ਦੱਸਿਆ ਜਾ ਰਿਹਾ ਹੈ। ਹਲਕਿਆਂ ਮੁਤਾਬਿਕ ਛਾਪੇਮਾਰੀ ਦੇ ਸਮੇਂ ਦਲੀਪ ਬਿਸ਼ਨੋਈ ਘਰ 'ਚ ਮੌਜੂਦ ਨਹੀਂ ਸੀ। ਜਾਂਚ ਅਧਿਕਾਰੀਆਂ ਵਲੋਂ ਉਸ ਦੇ ਘਰ ਸਾਰੇ ਰਿਕਾਰਡਾਂ ਦੀ ਪੜਤਾਲ ਕੀਤੀ ਗਈ। ਜ਼ਿਕਰਯੋਗ ਹੈ ਕਿ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਹੱਤਿਆਕਾਂਡ 'ਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਸੰਬੰਧ ਹੋਣ ਕਾਰਨ ਲਾਰੈਂਸ ਦੇ ਨਾਲ ਜੁੜੇ ਲੋਕਾਂ ਦੇ ਘਰ 'ਚ ਛਾਪੇਮਾਰੀ ਹੋ ਰਹੀ ਹੈ।

ਐੱਨ.ਆਈ.ਏ. ਨੇ ਮੱਧ ਪ੍ਰਦੇਸ਼ ਦੇ ਉਜੈਨ ਤੋਂ ਯੋਗੇਸ਼ ਭਾਈ ਅਤੇ ਰਾਜਪਾਲ ਚੰਦਰਾਵਤ ਨਾਲ ਤਕਰੀਬਨ 7 ਘੰਟੇ ਪੁੱਛਗਿੱਛ ਕੀਤੀ। ਟੀਮ ਨੇ ਪੁੱਛਗਿੱਛ ਤੋਂ ਬਾਅਦ ਦੋਵਾਂ ਨੂੰ ਛੱਡ ਦਿੱਤਾ, ਪਰ ਦੋਹਾਂ ਦੇ ਮੋਬਾਈਲ ਜ਼ਬਤ ਕਰ ਲਏ। ਇਨ੍ਹਾਂ 'ਚੋਂ ਯੋਗੇਸ਼ ਦਾ ਕੁਨੈਕਸ਼ਨ ਸਿੱਧੂ ਮੂਸੇਵਾਲਾ ਦੇ ਕਤਲ ਅਤੇ ਮੋਹਾਲੀ 'ਚ ਪੰਜਾਬ ਪੁਲਿਸ ਇੰਟੈਲੀਜੈਂਸ ਦਫ਼ਤਰ 'ਚ ਰਾਕੇਟ ਲਾਂਚਰ ਦਾਗਣ ਦੇ ਨਾਲ ਦੱਸਿਆ ਜਾਂਦਾ ਹੈ। ਯੋਗੇਸ਼ ਅਤੇ ਰਾਜਪਾਲ ਹਾਲੇ ਕੁਝ ਦਿਨ ਪਹਿਲਾਂ ਹੀ ਤਿਹਾੜ ਜੇਲ੍ਹ 'ਚੋਂ ਜ਼ਮਾਨਤ 'ਤੇ ਆਏ ਸਨ।

ਐੱਨ.ਆਈ.ਏ. ਵਲੋਂ ਪਿਛਲੇ 6 ਮਹੀਨਿਆਂ 'ਚ ਇਹ ਚੌਥੀ ਛਾਪੇਮਾਰੀ ਹੈ। ਵੱਖ-ਵੱਖ ਸਮੇਂ 'ਤੇ ਕੀਤੀ ਛਾਪੇਮਾਰੀ 'ਚ ਕੀਤੀ ਪੁੱਛਗਿੱਛ ਤੋਂ ਪਤਾ ਲੱਗਦਾ ਹੈ ਕਿ ਲਾਰੈਂਸ ਬਿਸ਼ਨੋਈ ਗੈਂਗ ਇਸ ਤਰੀਕੇ ਨਾਲ ਕੰਮ ਕਰਦਾ ਹੈ, ਤਾਂ ਜੋ ਆਮ ਜਨਤਾ ਦੇ ਮਨ 'ਚ ਦਹਿਸ਼ਤ ਪੈਦਾ ਹੋ ਸਕੇ। ਹਲਕਿਆਂ ਮੁਤਾਬਿਕ ਇਨ੍ਹਾਂ ਛਾਪੇਮਾਰੀਆਂ ਦੌਰਾਨ ਹੀ ਏਜੰਸੀ ਨੇ ਲਾਰੇਂਸ ਅਤੇ ਹੋਰਨਾਂ ਦੇ ਹਥਿਆਰ ਨੈੱਟਵਰਕ ਲਾ ਕੇ ਪੂਰਾ ਬਿਊਰੋ ਤਿਆਰ ਕੀਤਾ ਹੈ। ਜਾਂਚ ਏਜੰਸੀ ਨੇ ਉਨ੍ਹਾਂ ਲੋਕਾਂ ਦੀ ਵੀ ਪਛਾਣ ਕੀਤੀ ਹੈ, ਜਿਨ੍ਹਾਂ ਤੋਂ ਲਾਰੈਂਸ ਅਤੇ ਉਸ ਦੇ ਗੈਂਗ ਨੇ ਪੈਸੇ ਦੀ ਉਗਰਾਹੀ ਸ਼ੁਰੂ ਕੀਤੀ ਸੀ। ਇਨ੍ਹਾਂ 'ਚ ਆਮ ਲੋਕ, ਕਾਰੋਬਾਰੀ, ਗਾਇਕ, ਡਾਕਟਰ, ਸ਼ਰਾਬ, ਹਥਿਆਰਾਂ ਅਤੇ ਨਸ਼ਿਆਂ ਦਾ ਧੰਦਾ ਕਰਨ ਵਾਲੇ ਸ਼ਾਮਲ ਸਨ।

# ਅਮਰੀਕਾ ਅਦਾਲਤ ਵੱਲੋਂ ਕਤਲ ਦੇ ਦੋਸ਼ 'ਚ 28 ਸਾਲ ਸਲਾਖਾਂ ਪਿੱਛੇ ਬਿਤਾਉਣ ਵਾਲਾ ਵਿਅਕਤੀ ਬੇਕਸੂਰ ਕਰਾਰ



- 22 ਸਾਲ ਦੀ ਉਮਰ 'ਚ ਗਿਆ ਸੀ ਜੇਲ੍ਹ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਮਿਸੂਰੀ ਸੂਬੇ 'ਚ ਕਤਲ ਦੇ ਦੋਸ਼ ਵਿਚ ਕਰੀਬ 28 ਸਾਲ ਸਲਾਖਾਂ ਪਿੱਛੇ ਬਿਤਾਉਣ ਵਾਲੇ ਇਕ ਵਿਅਕਤੀ ਨੂੰ ਅਦਾਲਤ ਨੇ ਬੇਕਸੂਰ ਕਰਾਰ ਦਿੱਤਾ ਹੈ। ਜੱਜ ਡੇਵਿਡ ਮੇਸਨ ਦੀ ਅਦਾਲਤ ਵਿਚ ਸੁਣਵਾਈ ਤੋਂ ਬਾਅਦ ਸਬੂਤਾਂ ਦੇ ਆਧਾਰ 'ਤੇ ਲੈਮਰ ਜੌਨਸਨ (50) ਨੂੰ ਬੇਕਸੂਰ ਪਾਇਆ ਗਿਆ ਅਤੇ ਉਨ੍ਹਾਂ ਸੈਂਟ ਲੁਈਸ ਕੋਰਟ ਰੂਮ ਤੋਂ ਸਨਮਾਨ ਨਾਲ ਰਿਹਾਅ ਕੀਤਾ।

ਪਿਛਲੇ ਸਾਲ, ਅਟਾਰਨੀ ਕਿਮ ਗਡਨਰ ਨੇ ਇਨੋਸੈਂਸ ਪ੍ਰੋਜੈਕਟ ਗੈਰ-ਲਾਭਕਾਰੀ ਕਾਨੂੰਨੀ ਸੰਗਠਨ ਨਾਲ ਮਿਲ ਕੇ ਜਾਂਚ ਕਰਨ ਤੋਂ ਬਾਅਦ ਜੌਨਸਨ ਦੀ ਰਿਹਾਈ ਦੀ ਮੰਗ ਕਰਨ ਵਾਲੀ ਪਟੀਸ਼ਨ ਦਾਇਰ ਕੀਤੀ ਸੀ। ਸੁਣਵਾਈ ਤੋਂ ਬਾਅਦ ਜੌਨਸਨ ਦੀ ਕਾਨੂੰਨੀ ਟੀਮ ਨੇ ਰਾਜ ਦੇ ਅਟਾਰਨੀ ਜਨਰਲ ਦੇ ਦਫਤਰ ਦੀ ਆਲੋਚਨਾ ਕੀਤੀ, ਜਿਸ ਕਾਰਨ ਉਨ੍ਹਾਂ ਨੂੰ ਇੰਨੇ ਸਾਲਾਂ ਤੱਕ ਜੇਲ੍ਹ ਵਿਚ ਰੱਖਿਆ ਗਿਆ। ਜ਼ਿਕਰਯੋਗ ਹੈ ਕਿ ਅਕਤੂਬਰ 1994 ਵਿਚ ਜੌਨਸਨ ਦੇ ਸਾਹਮਣੇ ਵਾਲੇ ਵਿਹੜੇ ਵਿਚ 2 ਨਕਾਬਪੋਸ਼ ਵਿਅਕਤੀਆਂ ਨੇ ਮਾਰਕਸ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ, ਜਿਸ ਤੋਂ ਬਾਅਦ ਜੌਨਸਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਉਨ੍ਹਾਂ ਨੇ ਆਪਣੇ ਬਚਾਅ ਵਿਚ ਵਾਰ-ਵਾਰ ਕਿਹਾ ਹੈ ਕਿ ਜਦੋਂ ਹਮਲਾ ਹੋਇਆ, ਉਦੋਂ ਉਹ ਘਰ ਨਹੀਂ ਸੀ। ਹੁਣ ਇੱਕ ਹੋਰ ਕੈਦੀ ਨੇ ਕਬੂਲ ਕੀਤਾ ਕਿ ਉਸਨੇ ਬੌਇਡ ਨੂੰ ਇਕ ਹੋਰ ਸ਼ੱਕੀ ਫਿਲ ਕੈਂਪਬੇਲ ਨਾਲ ਮਿਲ ਕੇ ਗੋਲੀ ਮਾਰੀ ਸੀ। ਉਸ ਨੂੰ 7 ਸਾਲ ਦੀ ਸਜ਼ਾ ਸੁਣਾਈ ਗਈ ਹੈ।

# ਗ੍ਰਹਿ ਮੰਤਰਾਲਾ ਵੱਲੋਂ ਸੀ.ਬੀ.ਆਈ. ਨੂੰ ਸਿਸੋਦੀਆ ਖਿਲਾਫ ਮੁਕੱਦਮਾ ਚਲਾਉਣ ਦੀ ਮਨਜ਼ੂਰੀ

**ਨਵੀਂ ਦਿੱਲੀ, (ਪੰਜਾਬ ਮੇਲ)-** ਕੇਂਦਰੀ ਗ੍ਰਹਿ ਮੰਤਰਾਲਾ ਨੇ ਭ੍ਰਿਸ਼ਟਾਚਾਰ 'ਤੇ ਲਗਾਮ ਲਾਉਣ ਲਈ ਗਠਿਤ ਇਕ 'ਫੀਡਬੈਕ ਯੂਨਿਟ' (ਐੱਫ.ਬੀ.ਯੂ.) ਜ਼ਰੀਏ ਸਿਆਸੀ ਖ਼ੁਫੀਆ ਜਾਣਕਾਰੀ ਇਕੱਠੀ ਕੀਤੇ ਜਾਣ ਦੇ ਮਾਮਲੇ 'ਚ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖ਼ਿਲਾਫ ਸੀ.ਬੀ.ਆਈ. ਨੂੰ ਜਾਂਚ ਦੀ ਮਨਜ਼ੂਰੀ ਦੇ ਦਿੱਤੀ ਹੈ। ਦਿੱਲੀ ਦੇ ਉਪ ਰਾਜਪਾਲ ਦੇ ਪ੍ਰਧਾਨ ਸਕੱਤਰ ਨੂੰ ਭੇਜੇ ਗਏ ਪੱਤਰ 'ਚ ਗ੍ਰਹਿ ਮੰਤਰਾਲਾ ਨੇ ਕਿਹਾ ਕਿ ਸਿਸੋਦੀਆ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਐਕਟ, 1988 ਦੀ ਧਾਰਾ 17 ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਜਾਂਦੀ ਹੈ।




# ਪੁਤਿਨ ਵੱਲੋਂ ਪ੍ਰਮਾਣੂ ਹਥਿਆਰਾਂ 'ਤੇ ਪਾਬੰਦੀ ਲਗਾਉਣ ਵਾਲੀ ਸੰਧੀ ਮੁਅੱਤਲ

**ਪਿਟਸਬਰਗ, (ਪੰਜਾਬ ਮੇਲ)**- ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਹੈ ਕਿ ਰੂਸ ਉਸ ਸੰਧੀ 'ਚ ਆਪਣੀ ਹਿੱਸੇਦਾਰੀ ਨੂੰ ਮੁਅੱਤਲ ਕਰ ਰਿਹਾ ਹੈ, ਜਿਸ ਦਾ ਉਦੇਸ਼ ਪ੍ਰਮਾਣੂ ਹਥਿਆਰਾਂ ਦੇ ਪ੍ਰਸਾਰ 'ਤੇ ਰੋਕ ਲਗਾਉਣਾ ਹੈ। ਅਖੌਤੀ 'ਨਿਊ ਸਟਾਰਟ' ਸੰਧੀ (ਨਵੀਂ ਰਣਨੀਤਕ ਹਥਿਆਰਾਂ ਦੀ ਕਮੀ ਸੰਧੀ) 'ਤੇ ਰੂਸ ਅਤੇ ਅਮਰੀਕਾ ਦੁਆਰਾ 2010 ਵਿਚ ਦਸਤਖਤ ਕੀਤੇ ਗਏ ਸਨ। ਇਹ ਸੰਧੀ ਲੰਬੀ ਦੂਰੀ ਦੇ ਪ੍ਰਮਾਣੂ ਹਥਿਆਰਾਂ ਦੀ ਸੰਖਿਆ ਨੂੰ ਸੀਮਤ ਕਰਦੀ ਹੈ, ਜੋ ਦੋਵਾਂ ਦੇਸ਼ਾਂ ਦੁਆਰਾ ਤਾਇਨਾਤ ਕੀਤੇ ਜਾ ਸਕਦੇ ਹਨ ਅਤੇ ਪ੍ਰਮਾਣੂ ਹਥਿਆਰਾਂ ਨੂੰ ਲਿਜਾਣ ਦੇ ਯੋਗ ਮਿਜ਼ਾਈਲਾਂ ਦੀ ਵਰਤੋਂ ਨੂੰ ਸੀਮਤ ਕਰਦਾ ਹੈ। ਪੁਤਿਨ ਨੇ ਮੰਗਲਵਾਰ ਨੂੰ ਆਪਣੇ ਸੰਬੋਧਨ 'ਚ ਕਿਹਾ ਕਿ



■ ਸੰਧੀ ਮੁਅੱਤਲ ਕਰਕੇ ਪੁਤਿਨ ਨੇ ਯੂਕਰੇਨ 'ਤੇ ਪ੍ਰਮਾਣੂ ਹਮਲੇ ਦੀ ਸੰਭਾਵਨਾ ਵਧਾਈ

ਰੂਸ ਅਜੇ ਸੰਧੀ ਤੋਂ ਪੂਰੀ ਤਰ੍ਹਾਂ ਪਿੱਛੇ ਨਹੀਂ ਹਟ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਮਰੀਕਾ ਪ੍ਰਮਾਣੂ ਹਥਿਆਰਾਂ ਦਾ ਪ੍ਰੀਖਣ ਮੁੜ ਸ਼ੁਰੂ ਕਰਦਾ ਹੈ, ਤਾਂ ਰੂਸ ਨੂੰ ਵੀ ਅਜਿਹਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

ਪੁਤਿਨ ਦੇ ਇਸ ਫ਼ੈਸਲੇ ਨੇ ਨਾ ਸਿਰਫ ਯੂਕਰੇਨ, ਬਲਕਿ ਪੂਰੀ ਦੁਨੀਆਂ ਨੂੰ ਪ੍ਰਮਾਣੂ ਯੁੱਧ ਦੇ ਨਵੇਂ ਖ਼ਤਰੇ ਵਿਚ ਪਾ ਦਿੱਤਾ ਹੈ। ਹੁਣ ਤੱਕ ਇਸ ਸੰਧੀ ਕਾਰਨ ਰੂਸ ਦੇ ਹੱਥ ਬੰਨ੍ਹੇ ਹੋਏ ਸਨ ਪਰ ਇਸ ਸੰਧੀ ਵਿਚ ਰੂਸ ਦੀ ਸ਼ਮੂਲੀਅਤ ਨੂੰ ਮੁਅੱਤਲ ਕਰਕੇ ਪੁਤਿਨ ਨੇ ਯੂਕਰੇਨ 'ਤੇ ਪ੍ਰਮਾਣੂ ਹਮਲੇ ਦੀ ਸੰਭਾਵਨਾ ਵਧਾ ਦਿੱਤੀ ਹੈ। ਇਸ ਨਾਲ ਯੂਕਰੇਨ ਅਤੇ ਅਮਰੀਕਾ ਸਮੇਤ ਪੂਰੀ ਦੁਨੀਆਂ ਵਿਚ ਦਹਿਸ਼ਤ ਦਾ ਮਾਹੌਲ ਹੈ। ਮੰਗਲਵਾਰ ਨੂੰ ਆਪਣੇ ਸੰਬੋਧਨ ਤੋਂ ਕੁਝ ਘੰਟਿਆਂ ਬਾਅਦ ਲਏ ਫ਼ੈਸਲੇ ਤੋਂ ਬਾਅਦ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਹੈ ਕਿ ਰੂਸ ਉਸ ਸੰਧੀ 'ਚ ਆਪਣੀ ਭਾਗੀਦਾਰੀ ਨੂੰ ਮੁਅੱਤਲ ਕਰ ਰਿਹਾ ਹੈ, ਜਿਸ ਦਾ ਉਦੇਸ਼ ਪ੍ਰਮਾਣੂ ਹਥਿਆਰਾਂ ਦੇ ਪ੍ਰਸਾਰ 'ਤੇ ਰੋਕ ਲਾਉਣਾ ਹੈ।

# ਭਾਜਪਾ ਆਗੂ ਗਰੇਵਾਲ ਖਿਲਾਫ ਵਿਧਾਇਕ ਨੂੰ ਧਮਕੀਆਂ ਦੇਣ ਦਾ ਪਰਚਾ ਦਰਜ

**ਪਟਿਆਲਾ, (ਪੰਜਾਬ ਮੇਲ)**- ਭਾਜਪਾ ਆਗੂ ਹਰਜੀਤ ਗਰੇਵਾਲ ਵਿਰੁੱਧ ਰਾਜਪੁਰਾ ਪੁਲਿਸ ਵੱਲੋਂ ਮੋਬਾਈਲ 'ਤੇ ਗਾਲ੍ਹਾਂ ਕੱਢਣ ਤੇ ਧਮਕੀਆਂ ਦੇਣ ਦਾ ਪਰਚਾ ਦਰਜ ਕੀਤਾ ਗਿਆ ਹੈ। ਇਹ ਮਾਮਲਾ ਪੱਤਰਕਾਰ ਸੰਦੀਪ ਚੌਧਰੀ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਸੰਦੀਪ ਚੌਧਰੀ ਨੇ ਗਰੇਵਾਲ 'ਤੇ ਵਿਧਾਇਕਾ ਨੂੰ ਗਾਲ੍ਹਾਂ ਕੱਢਣ ਤੇ ਉਸ ਨੂੰ ਧਮਕੀਆਂ ਦੇਣ ਦੇ ਦੋਸ਼ ਲਾਏ ਹਨ। ਉਧਰ ਇਸ ਸਬੰਧੀ ਹਰਜੀਤ ਗਰੇਵਾਲ ਨੇ ਦੱਸਿਆ ਕਿ ਇਸ ਸਾਰੇ ਮਾਮਲੇ ਨਾਲ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ, ਉਨ੍ਹਾਂ ਕਿਸੇ ਨੂੰ ਧਮਕੀਆਂ ਨਹੀਂ ਦਿੱਤੀਆਂ। ਉਨ੍ਹਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।

# ਬੇਅਦਬੀ ਕਾਂਡ ਨਾਲ ਜੁੜੇ ਤਿੰਨ ਕੇਸਾਂ ਨੂੰ ਪੰਜਾਬ ਤੋਂ ਬਾਹਰ ਤਬਦੀਲ ਕਰਨ ਬਾਰੇ ਸੁਣਵਾਈ 28 ਨੂੰ

■ ਸੁਪਰੀਮ ਕੋਰਟ ਦਾ ਬੈਂਚ ਤਰਜੀਹੀ ਅਧਾਰ 'ਤੇ ਕਰੇਗਾ ਸੁਣਵਾਈ

**ਫ਼ਰੀਦਕੋਟ, (ਪੰਜਾਬ ਮੇਲ)**- ਬੇਅਦਬੀ ਕਾਂਡ ਨਾਲ ਜੁੜੇ ਫ਼ਰੀਦਕੋਟ ਜ਼ਿਲ੍ਹੇ ਦੇ ਤਿੰਨ ਕੇਸਾਂ ਨੂੰ ਪੰਜਾਬ ਤੋਂ ਬਾਹਰ ਕਿਸੇ ਹੋਰ ਸੂਬੇ ਵਿਚ ਬਦਲਣ ਵਾਲੀ ਪਟੀਸ਼ਨ 'ਤੇ ਸੁਪਰੀਮ ਕੋਰਟ 28 ਫਰਵਰੀ ਨੂੰ ਸੁਣਵਾਈ ਕਰੇਗੀ। ਸੁਪਰੀਮ ਕੋਰਟ ਦੇ ਬੈਂਚ ਨੇ ਆਪਣੇ ਰਜਿਸਟਰਾਰ ਨੂੰ ਆਦੇਸ਼ ਦਿੱਤੇ ਹਨ ਕਿ ਡੇਰਾ ਪ੍ਰੇਮੀਆਂ ਦੇ ਕੇਸ ਤਬਦੀਲ ਕਰਨ ਵਾਲੀ ਪਟੀਸ਼ਨ ਨੂੰ ਸੂਚੀ ਵਿਚ ਪਹਿਲੇ ਪੰਜਾਂ ਕੇਸਾਂ ਵਿਚ ਰੱਖਿਆ ਜਾਵੇ, ਤਾਂ ਜੋ 28 ਫਰਵਰੀ ਨੂੰ ਕੇਸ ਦੀ ਸੁਣਵਾਈ ਯਕੀਨੀ ਹੋ ਸਕੇ। ਦੱਸਣਯੋਗ ਹੈ ਕਿ ਪੰਜ ਡੇਰਾ ਪ੍ਰੇਮੀਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਤਿੰਨ ਕੇਸਾਂ ਨੂੰ ਪੰਜਾਬ ਦੀ ਥਾਂ ਕਿਸੇ ਹੋਰ ਸੂਬੇ ਵਿਚ ਬਦਲਣ ਦੀ ਮੰਗ ਕੀਤੀ ਹੈ। ਡੇਰਾ ਪ੍ਰੇਮੀਆਂ ਵੱਲੋਂ ਦਾਖਲ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਜੁੜੇ ਤਿੰਨ ਮਾਮਲਿਆਂ ਵਿਚ ਡੇਰਾ ਮੁਖੀ ਸਣੇ 11 ਪ੍ਰੇਮੀਆਂ ਨੂੰ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਗਿਆ ਹੈ ਅਤੇ ਇਨ੍ਹਾਂ ਵਿਚੋਂ ਦੋ ਡੇਰਾ ਪ੍ਰੇਮੀਆਂ ਦਾ ਕਤਲ ਹੋ ਚੁੱਕਾ ਹੈ, ਜਿਸ ਕਰਕੇ ਉਹ ਪੰਜਾਬ ਵਿਚ ਆਪਣੇ ਕੇਸਾਂ ਦੀ ਪੈਰਵੀ ਆਜ਼ਾਦ ਤਰੀਕੇ ਨਾਲ ਨਹੀਂ ਕਰ ਸਕਦੇ। ਸੁਪਰੀਮ ਕੋਰਟ ਵਿਚ ਇਸ ਮਾਮਲੇ ਉੱਪਰ ਹੁਣ ਤੱਕ ਤਿੰਨ ਵਾਰ ਤਰੀਕਾਂ ਪੈ ਚੁੱਕੀਆਂ ਹਨ। ਡੇਰਾ ਪ੍ਰੇਮੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਕੇਸ ਪੰਜਾਬ ਤੋਂ ਬਾਹਰਲੀ ਅਦਾਲਤ ਵਿਚ ਤਬਦੀਲ ਕੀਤੇ ਜਾਣ। ਹਾਲਾਂਕਿ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ ਕਿਹਾ ਹੈ ਕਿ ਜਿਹੜੇ ਡੇਰਾ ਪ੍ਰੇਮੀ ਬੇਅਦਬੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਹਨ, ਉਨ੍ਹਾਂ ਨੂੰ ਪੁਲਿਸ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ।

# ਪਾਕਿਸਤਾਨ ਹੋ ਚੁੱਕੈ ਦੀਵਾਲੀਆ ਹੋ ਚੁੱਕੈ: ਪਾਕਿ ਰੱਖਿਆ ਮੰਤਰੀ ਨੇ ਕੀਤਾ ਸਵਿਕਾਰ

**ਸਿਆਲਕੋਟ, (ਪੰਜਾਬ ਮੇਲ)**- ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜ਼ਾ ਆਸਿਫ ਨੇ ਸ਼ਨੀਵਾਰ ਨੂੰ ਸੁਝਾਅ ਦਿੱਤਾ ਕਿ ਜੇਕਰ ਮਹਿੰਗੀ ਸਰਕਾਰੀ ਜ਼ਮੀਨ 'ਤੇ ਬਣੇ ਦੋ ਗੋਲਫ ਕਲੱਬਾਂ ਨੂੰ ਵੇਚ ਦਿੱਤਾ ਜਾਵੇ, ਤਾਂ ਪਾਕਿਸਤਾਨ ਦਾ ਇਕ-ਚੌਥਾਈ ਕਰਜ਼ਾ ਚੁਕਾਇਆ ਜਾ ਸਕਦਾ ਹੈ। ਪਾਕਿਸਤਾਨੀ ਟੀ.ਵੀ. ਸਮਾਂ ਨੇ ਦੱਸਿਆ ਕਿ ਮੰਤਰੀ ਨੇ ਸਵੀਕਾਰ ਕੀਤਾ ਹੈ ਕਿ ਦੇਸ਼ ਪਹਿਲਾਂ ਹੀ ਦੀਵਾਲੀਆ ਹੋ ਚੁੱਕਾ ਹੈ ਅਤੇ ਦੇਸ਼ ਦੀਆਂ ਸਮੱਸਿਆਵਾਂ ਦਾ ਹੱਲ ਕੌਮਾਂਤਰੀ ਮੁਦਰਾ ਫੰਡ (ਆਈ.ਐੱਮ.ਐੱਫ.) ਕੋਲ ਨਹੀਂ ਸਗੋਂ ਦੇਸ਼ ਦੇ ਅੰਦਰ ਹੈ। ਉਨ੍ਹਾਂ ਨੇ ਮੌਜੂਦਾ ਆਰਥਿਕ



ਸਥਿਤੀ ਲਈ ਸੰਸਥਾਵਾਂ, ਨੌਕਰਸ਼ਾਹੀ ਅਤੇ ਰਾਜਨੇਤਾਵਾਂ ਨੂੰ ਵੀ ਜ਼ਿੰਮੇਵਾਰ ਠਹਿਰਾਇਆ।

ਆਸਿਫ ਨੇ ਕਿਹਾ ਕਿ ਉਹ 33 ਸਾਲ ਤੋਂ ਸੰਸਦ ਵਿਚ ਹਨ ਅਤੇ 32 ਸਾਲਾਂ ਵਿਚ ਦੇਸ਼ ਦੀ ਸਿਆਸਤ ਨੂੰ ਬਦਨਾਮ ਹੁੰਦੇ ਦੇਖਿਆ ਹੈ। ਸਮਾ ਟੀ. ਵੀ. ਦੀ ਰਿਪੋਰਟ ਮੁਤਾਬਕ ਪੀ.ਐੱਮ.ਐੱਲ.-ਐੱਨ. ਨੇਤਾ ਨੇ ਇਹ ਵੀ ਦੱਸਿਆ ਕਿ ਗੋਲਫ ਕਲੱਬ ਸਰਕਾਰੀ ਜ਼ਮੀਨ 'ਤੇ ਬਣਾਏ ਗਏ ਹਨ ਅਤੇ ਉਨ੍ਹਾਂ 'ਚੋਂ ਦੋ ਨੂੰ ਵੇਚਣ ਨਾਲ ਪਾਕਿਸਤਾਨ ਦਾ ਇਕ-ਚੌਥਾਈ ਕਰਜ਼ਾ ਘੱਟ ਹੋ ਜਾਵੇਗਾ। ਆਸਿਫ ਨੇ ਅੱਤਵਾਦ ਦੇ ਖਿਲਾਫ਼ ਲੜਾਈ ਵਿਚ ਜਵਾਨਾਂ ਦੇ ਸ਼ਹੀਦ ਹੋਣ 'ਤੇ ਵੀ ਸ਼ੋਕ ਪ੍ਰਗਟ ਕਰਦੇ ਹੋਏ ਕਿਹਾ ਕਿ ਸੁਰੱਖਿਆ ਏਜੰਸੀਆਂ ਇਸ ਮੁੱਦੇ ਨਾਲ ਨਜਿੱਠਣ ਲਈ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਅੱਤਵਾਦੀਆਂ ਨੂੰ ਦੋ ਸਾਲ ਪਹਿਲਾਂ ਦੇਸ਼ ਵਿਚ ਵਸਣ ਦਾ ਪੂਰਾ ਮੌਕਾ ਦਿੱਤਾ ਗਿਆ। ਦਿ ਐਕਸਪ੍ਰੈੱਸ ਟ੍ਰਿਬਿਊਨ ਦੀ ਰਿਪੋਰਟ ਮੁਤਾਬਕ ਆਸਿਫ ਨੇ ਇਹ ਵੀ ਕਿਹਾ ਹੈ ਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਸਰਕਾਰੀ ਖਰਚੇ ਨੂੰ ਘੱਟ ਕਰ ਕੇ ਵਿੱਤੀ ਘਾਟੇ ਨੂੰ ਕੰਟਰੋਲ ਕਰਨ ਲਈ ਸਾਰੀਆਂ ਸਰਕਾਰੀ ਸੰਸਥਾਵਾਂ ਵਿਚ ਮੁੱਖ ਉਪਾਵਾਂ ਦਾ ਐਲਾਨ ਕਰਨਗੇ।

# ਸਾਬਕਾ ਵਿਧਾਇਕ ਬੋਨੀ ਅਜਨਾਲਾ ਤੇ ਸਠਿਆਲਾ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ, (ਪੰਜਾਬ ਮੇਲ)**-ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫ਼ਾ ਦੇਣ ਵਾਲੇ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਤੇ ਸਾਬਕਾ ਵਿਧਾਇਕ ਮਨਮੋਹਨ ਸਿੰਘ ਸਠਿਆਲਾ ਆਪਣੇ ਪੁੱਤਰ ਪ੍ਰੋ. ਸਰਬਜੀਤ ਸਿੰਘ ਸਮੇਤ ਸੀਨੀਅਰ ਆਗੂਆਂ ਦੀ ਮੌਜੂਦਗੀ 'ਚ ਭਾਜਪਾ 'ਚ ਸ਼ਾਮਲ ਹੋ ਗਏ। ਦਿੱਲੀ ਸਥਿਤ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਆਪਣੇ ਗ੍ਰਹਿ ਵਿਖੇ ਅਮਰਪਾਲ ਸਿੰਘ ਬੋਨੀ ਅਜਨਾਲਾ, ਮਨਮੋਹਨ ਸਿੰਘ ਸਠਿਆਲਾ ਤੇ ਪ੍ਰੋ. ਸਰਬਜੀਤ ਸਿੰਘ ਸਠਿਆਲਾ ਨੂੰ ਭਾਜਪਾ 'ਚ ਸ਼ਾਮਲ ਕਰਵਾਇਆ। ਇਸ ਮੌਕੇ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ, ਕੌਮੀ ਘੱਟ ਗਿਣਤੀ ਕਮਿਸ਼ਨ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਸਮੇਤ ਹੋਰ ਆਗੂ ਵੀ ਮੌਜੂਦ ਸਨ।





EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਪੰਜਾਬ ਵਿਚਲੀ ਸਿਆਸੀ ਉਥਲ-ਪੁਥਲ ਤੋਂ ਅਫ਼ਸਰਸ਼ਾਹੀ ਹੋਈ ਪ੍ਰੇਸ਼ਾਨ

**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਵਿਚ ਚੱਲ ਰਹੀ ਸਿਆਸੀ ਉਥਲ-ਪੁਥਲ, ਸਰਕਾਰ ਵਿਚਲੇ ਸੱਤਾ ਦੇ ਕੇਂਦਰਾਂ ਦੀ ਆਪਸੀ ਖਿੱਚੋਤਾਣ ਤੇ ਟਕਰਾਅ ਅਤੇ ਬਿਨਾਂ ਵਜ੍ਹਾ ਲਗਾਤਾਰ ਹੋ ਰਹੇ ਤਬਾਦਲਿਆਂ ਨੇ ਸੂਬੇ ਦੀ ਅਫ਼ਸਰਸ਼ਾਹੀ ਨੂੰ ਕਾਫ਼ੀ ਪ੍ਰੇਸ਼ਾਨ ਕਰ ਦਿੱਤਾ ਹੈ, ਜਿਸ ਕਾਰਨ ਕਈ ਅਹੁਦਿਆਂ 'ਤੇ ਕੰਮ ਕਰਨ ਤੋਂ ਅਧਿਕਾਰੀ ਕੰਨੀ ਕਤਰਾਉਣ ਲੱਗ ਪਏ ਹਨ ਅਤੇ ਬਹੁਤ ਸਾਰੇ ਅਧਿਕਾਰੀਆਂ ਨੇ ਕੇਂਦਰ ਵਿਚ ਡੈਪੂਟੇਸ਼ਨ 'ਤੇ ਜਾਣ ਲਈ ਚਾਰਾਜੋਈਆਂ ਸ਼ੁਰੂ ਕਰ ਦਿੱਤੀਆਂ ਹਨ। ਅਫ਼ਸਰਸ਼ਾਹੀ ਵਿਚਲੇ ਅਜਿਹੇ ਗੈਰ ਯਕੀਨੀ ਹਾਲਾਤ ਦਾ ਅਸਰ ਸਰਕਾਰੀ ਕੰਮਕਾਜ 'ਤੇ ਨਜ਼ਰ ਆ ਰਿਹਾ ਹੈ। ਮੁੱਖ ਮੰਤਰੀ, ਜਿਨ੍ਹਾਂ ਮਗਰਲੇ ਕੁਝ ਸਮੇਂ ਸਰਕਾਰੀ ਫ਼ੈਸਲਿਆਂ ਤੇ ਨਿਯੁਕਤੀਆਂ ਵਿਚ ਆਪਣੇ ਅਧਿਕਾਰਾਂ ਦੀ ਬਹੁਤੀ ਵਰਤੋਂ ਵੀ ਸ਼ੁਰੂ ਕਰ ਦਿੱਤੀ ਹੈ, ਇਸ ਲਈ ਮੁੱਖ ਮੰਤਰੀ ਦੇ ਦਫ਼ਤਰ ਵੱਲੋਂ ਕਈ ਉਹ ਫਾਈਲਾਂ ਵਾਪਸ ਵੀ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ ਪਾਰਟੀ ਵਿਚਲੇ ਕਈ ਹੋਰ ਅਹਿਮ ਕਾਰਕੁਨਾਂ ਦੀ ਦਿਲਚਸਪੀ ਸਮਝੀ ਜਾਂਦੀ ਹੈ।

**■ ਸੱਤਾ ਵਿਚਲੇ ਕੇਂਦਰਾਂ ਦੇ ਟਕਰਾਅ ਕਾਰਨ ਤਰੱਕੀ ਪਾਉਣ ਵਾਲੇ ਅਧਿਕਾਰੀਆਂ ਦੀਆਂ ਨਿਯੁਕਤੀਆਂ ਲਟਕੀਆਂ**

ਮੁੱਖ ਮੰਤਰੀ ਵੱਲੋਂ ਨਵਲ ਅਗਰਵਾਲ ਦੀ ਮੁੱਖ ਮੰਤਰੀ ਦਫ਼ਤਰ ਵਿਚ ਨਿਯੁਕਤੀ ਦੀ ਫਾਈਲ ਜਿਵੇਂ ਰੱਦ ਕੀਤੀ ਗਈ ਅਤੇ ਪਾਰਟੀ ਦੇ ਸੀਨੀਅਰ ਆਗੂ ਹਰਚੰਦ ਸਿੰਘ ਬਰਸਟ ਨੂੰ ਪੰਜਾਬ ਮੰਡੀ ਬੋਰਡ ਦਾ ਚੇਅਰਮੈਨ ਨਿਯੁਕਤ ਕਰਨ ਸੰਬੰਧੀ ਦਿੱਲੀ ਤੋਂ ਕੋਈ 6 ਮਹੀਨੇ ਪਹਿਲਾਂ ਮਿਲੇ ਆਦੇਸ਼ਾਂ ਨੂੰ ਲਟਕਾਇਆ ਗਿਆ, ਉਹ ਇਸ ਦੀ ਤਾਜ਼ਾ ਉਦਾਹਰਨ ਹੈ। ਰਾਜ ਸਰਕਾਰ ਵੱਲੋਂ ਪਹਿਲਾਂ ਐਡੀਸ਼ਨਲ ਡੀ.ਜੀ.ਪੀ., ਆਈ.ਜੀ. ਤੇ ਡੀ.ਆਈ.ਜੀ. ਪੱਧਰ ਦੇ ਕੋਈ 14 ਅਧਿਕਾਰੀਆਂ ਲਈ ਤਰੱਕੀਆਂ ਦੇ ਹੁਕਮ ਜਾਰੀ ਕੀਤੇ ਸਨ, ਲੇਕਿਨ ਉਨ੍ਹਾਂ ਲਈ ਨਵੀਆਂ ਨਿਯੁਕਤੀਆਂ ਦੇ ਹੁਕਮ ਵੀ ਸੱਤਾ ਵਿਚਲੇ ਕੇਂਦਰਾਂ ਦੇ ਆਪਸੀ ਟਕਰਾਅ ਕਾਰਨ ਬਾਅਦ ਵਿਚ ਵੀ ਜਾਰੀ ਨਹੀਂ ਹੋ ਸਕੇ। ਸੀਨੀਅਰ ਅਧਿਕਾਰੀਆਂ ਨੂੰ ਨਿਯੁਕਤੀ 'ਤੇ ਘੱਟੋ-ਘੱਟ ਇਕ ਜਾਂ ਦੋ ਸਾਲ ਕੰਮ ਵਿਖਾਉਣ ਦੀਆਂ ਸਿਫ਼ਾਰਸ਼ਾਂ ਤੇ ਤਜਵੀਜ਼ਾਂ ਭਾਰਤ ਸਰਕਾਰ ਰਾਜਾਂ ਨੂੰ ਕਈ ਵਾਰ ਭੇਜ ਚੁੱਕੀ ਹੈ, ਲੇਕਿਨ ਮੌਜੂਦਾ ਸਰਕਾਰ ਵਲੋਂ 11 ਮਹੀਨਿਆਂ ਦੌਰਾਨ ਹੀ ਕਈ ਅਧਿਕਾਰੀਆਂ ਦੇ 6-6 ਤਬਾਦਲੇ ਕਰ ਦਿੱਤੇ ਗਏ ਹਨ, ਜਿਸ ਤੋਂ ਸਪੱਸ਼ਟ ਹੈ ਕਿ ਅਜਿਹੇ ਅਧਿਕਾਰੀਆਂ ਦਾ ਬਹੁਤਾ ਸਮਾਂ ਨਿੱਤ ਹੋਣ ਵਾਲੀਆਂ ਟਰਾਂਸਫ਼ਰਾਂ ਅਨੁਸਾਰ ਆਪਣੇ-ਆਪ ਨੂੰ ਢਾਲਣ ਅਤੇ ਬੋਰੀ-ਬਿਸਤਰਾ ਬੰਨ੍ਹਣ ਵਿਚ ਹੀ ਲੰਘ ਗਿਆ ਹੋਵੇਗਾ ਪਰ ਅਜਿਹੇ ਤਬਾਦਲਿਆਂ ਦਾ ਮੰਤਵ ਜਾਂ ਆਧਾਰ ਕੀ ਹੈ, ਇਹ ਸਭ ਦੀ ਸਮਝ ਤੋਂ ਬਾਹਰ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਰਕਾਰ ਚਾਹੁੰਦੀ ਹੈ ਕਿ ਅਸੀਂ ਕੰਮ ਉਨ੍ਹਾਂ ਦੀ ਮਰਜ਼ੀ, ਤੌਰ-ਤਰੀਕਿਆਂ ਤੇ ਲੋੜਾਂ ਅਨੁਸਾਰ ਕਰੀਏ, ਪਰ ਉਸ ਲਈ ਜੇ ਉਹ ਆਪ ਕਿਸੇ ਉਲਝਣ 'ਚ ਫਸ ਜਾਣ ਤਾਂ ਉਸ ਨਾਲ ਸਰਕਾਰ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਜਿਵੇਂ ਕਿ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਨਾਲ ਹੋਇਆ ਹੈ।

ਸੂਚਨਾ ਅਨੁਸਾਰ ਮੁੱਖ ਸਕੱਤਰ ਪੱਧਰ ਦੇ ਅਧਿਕਾਰੀ ਅਨੀਰੁਧ ਤਿਵਾੜੀ, ਰਵਨੀਤ ਕੌਰ, ਸੀਮਾ ਜੈਨ ਤੋਂ ਇਲਾਵਾ ਪ੍ਰਮੁੱਖ ਸਕੱਤਰ ਪੱਧਰ ਦੇ ਅਧਿਕਾਰੀ ਵਰੁਣ ਰੂਜ਼ਮ, ਰਾਹੁਲ ਤਿਵਾੜੀ ਤੇ ਰਜਤ ਅਗਰਵਾਲ ਆਦਿ ਕੇਂਦਰੀ ਡੈਪੂਟੇਸ਼ਨ ਲਈ ਚਾਰਾਜੋਈ ਕਰ ਰਹੇ ਹਨ, ਜਦੋਂਕਿ ਡਾ. ਕਰੁਣਾ ਰਾਜੂ ਚੋਣ ਕਮਿਸ਼ਨ ਤੋਂ ਵਾਪਸ ਆਉਣ 'ਤੇ ਭਾਰਤ ਸਰਕਾਰ ਵਿਚ ਡੈਪੂਟੇਸ਼ਨ 'ਤੇ ਚਲੇ ਗਏ ਹਨ ਅਤੇ ਸੀ. ਸਿਬਨ ਚੋਣ ਕਮਿਸ਼ਨ ਵਿਚ ਚਲੇ ਗਏ ਹਨ।

# ਦਸਤਾਰ 'ਤੇ ਟੋਪੀ ਰੱਖਣ ਦਾ ਮਾਮਲਾ :ਚੰਨੀ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਗਲਤੀ ਦੀ ਖਿਮਾ ਯਾਚਨਾ

**ਅੰਮ੍ਰਿਤਸਰ, (ਪੰਜਾਬ ਮੇਲ)**- ਦਸਤਾਰ 'ਤੇ ਟੋਪੀ ਰੱਖਣ ਦੇ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ



ਚਰਨਜੀਤ ਸਿੰਘ ਚੰਨੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਗਲਤੀ ਦੀ ਖਿਮਾ ਯਾਚਨਾ ਕੀਤੀ ਹੈ। ਇਸ ਸਬੰਧ ਵਿਚ ਇੱਕ ਪੱਤਰ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਪੱਤਰ ਉੱਪਰ ਚਰਨਜੀਤ ਸਿੰਘ ਚੰਨੀ ਦੇ ਦਸਤਖ਼ਤ ਹਨ ਅਤੇ ਇਹ ਪੱਤਰ ਅਕਾਲ ਤਖ਼ਤ ਦੇ ਜਥੇਦਾਰ ਨੂੰ ਲਿਖਿਆ ਗਿਆ ਹੈ। ਇਸ ਪੱਤਰ ਵਿਚ ਲਿਖਿਆ ਗਿਆ ਹੈ ਕਿ ਪਿਛਲੇ ਦਿਨੀਂ ਚੰਨੀ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੂੰ ਸ਼ੁਭਕਾਮਨਾਵਾਂ ਦੇਣ ਵਾਸਤੇ ਸ਼ਿਮਲਾ ਗਏ ਸਨ। ਉੱਥੇ ਉਨ੍ਹਾਂ ਨੂੰ ਸਨਮਾਨ ਵਜੋਂ ਇੱਕ ਸ਼ਾਲ ਅਤੇ ਹਿਮਾਚਲ ਦੀ ਰਵਾਇਤੀ ਟੋਪੀ ਭੇਟ ਕੀਤੀ ਗਈ ਸੀ। ਉਨ੍ਹਾਂ ਗ਼ਲਤੀ ਨਾਲ ਇਹ ਟੋਪੀ ਪਗੜੀ 'ਤੇ ਰੱਖ ਲਈ ਸੀ। ਆਪਣੀ ਇਸ ਗਲਤੀ ਨੂੰ ਸਵੀਕਾਰ ਕਰਦਿਆਂ ਉਨ੍ਹਾਂ ਕਿਹਾ ਕਿ ਨਿਮਾਣੇ ਸਿੱਖ ਵਜੋਂ ਹੋਈ ਇਸ ਗ਼ਲਤੀ ਲਈ ਉਹ ਸਮੂਹ ਸਿੱਖ ਸੰਗਤ ਕੋਲੋਂ ਮੁਆਫ਼ੀ ਮੰਗਦੇ ਹਨ। ਇਸ ਭੁੱਲ ਨੂੰ ਬਖਸ਼ਾਉਣ ਵਾਸਤੇ ਉਹ ਆਪਣੇ ਗ੍ਰਹਿ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਅਤੇ ਗੁਰਬਾਣੀ ਦਾ ਕੀਰਤਨ ਵੀ ਕਰਵਾਉਣਗੇ।

**■ ਚੰਨੀ ਵੱਲੋਂ ਲਿਖਿਆ ਮੁਆਫ਼ੀ ਪੱਤਰ ਸੋਸ਼ਲ ਮੀਡੀਆ 'ਤੇ ਵਾਇਰਲ**

ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਨੇ ਇਸ ਤਰ੍ਹਾਂ ਦਾ ਕੋਈ ਵੀ ਪੱਤਰ ਮਿਲਣ ਤੋਂ ਇਨਕਾਰ ਕੀਤਾ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਨਿੱਜੀ ਸਕੱਤਰ ਜਸਪਾਲ ਸਿੰਘ ਨੇ ਦੱਸਿਆ ਕਿ ਇਸ ਸਬੰਧ ਵਿਚ ਹੁਣ ਤੱਕ ਕੋਈ ਮੁਆਫ਼ੀ ਪੱਤਰ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਨਾ ਹੀ ਕਿਸੇ ਨੇ ਦਸਤੀ ਰੂਪ ਵਿਚ ਅਤੇ ਨਾ ਹੀ ਈਮੇਲ ਜਾਂ ਫੈਕਸ ਰਾਹੀਂ ਅਜਿਹਾ ਮੁਆਫ਼ੀ ਪੱਤਰ ਭੇਜਿਆ ਹੈ।

# ਅਮਰਿੰਦਰ ਦੀ ਗ਼ੈਰਹਾਜ਼ਰੀ 'ਚ ਬਣਾਈ ਮਹਾਰਾਜਾ ਭੁਪਿੰਦਰ ਸਿੰਘ ਦੀ ਸਮਾਧ

**ਪਟਿਆਲਾ, (ਪੰਜਾਬ ਮੇਲ)**- ਸ਼ਹਿਰ ਦੀ ਵਿਰਾਸਤ ਵਜੋਂ ਜਾਣੀਆਂ ਜਾਂਦੀਆਂ ਸ਼ਾਹੀ ਸਮਾਧਾਂ ਵਿਚ 85 ਸਾਲਾਂ ਬਾਅਦ ਮਹਾਰਾਜਾ ਭੁਪਿੰਦਰ ਸਿੰਘ (12 ਅਕਤੂਬਰ 1891 ਤੋਂ 23 ਮਾਰਚ 1938) ਦੀ ਸਮਾਧ ਵੀ ਬਣਾ ਦਿੱਤੀ ਗਈ ਹੈ। ਰਵਾਇਤ ਅਨੁਸਾਰ ਦਾਦੇ ਦੀ ਸਮਾਧ ਵੱਡਾ ਪੋਤਾ ਬਣਾਉਂਦਾ ਹੈ ਪਰ ਮਹਾਰਾਜਾ ਭੁਪਿੰਦਰ ਸਿੰਘ ਦੇ ਪੋਤੇ ਕੈਪਟਨ ਅਮਰਿੰਦਰ ਸਿੰਘ ਇਹ ਸਮਾਧ ਬਣਾਉਣ ਲਈ ਨਹੀਂ ਆਏ। ਇਹ ਸਮਾਧ ਪ੍ਰਨੀਤ ਕੌਰ ਤੇ ਕੈਪਟਨ ਦੇ ਛੋਟੇ ਭਰਾ ਮਾਲਵਿੰਦਰ ਸਿੰਘ ਨੇ ਬਣਵਾਈ ਹੈ। ਮਿਲੀ ਜਾਣਕਾਰੀ ਅਨੁਸਾਰ ਪਟਿਆਲਾ ਰਿਆਸਤ ਦੇ ਮਹਾਰਾਜਿਆਂ ਅਤੇ ਉਨ੍ਹਾਂ ਦੇ ਪਰਿਵਾਰ ਵਿਚੋਂ ਜੇ ਕੋਈ ਵਿਅਕਤੀ ਫ਼ੌਤ ਹੁੰਦਾ ਹੈ, ਤਾਂ ਉਸ ਦਾ ਸਸਕਾਰ ਸ਼ਾਹੀ ਸਮਾਧਾਂ ਵਿਚ ਹੀ ਹੁੰਦਾ ਹੈ। ਸ਼ਾਹੀ ਸਮਾਧਾਂ ਵਿਚ ਪਟਿਆਲਾ ਦੇ ਬਾਨੀ ਬਾਬਾ ਆਲਾ ਸਿੰਘ ਦੀ ਵੱਡੀ ਸਮਾਧ ਬਣੀ ਹੈ, ਪਿੱਛੇ ਬਾਕੀ ਰਾਜਿਆਂ ਤੇ ਮਹਾਰਾਜਿਆਂ ਦੀਆਂ ਸਮਾਧਾਂ ਹਨ। ਇਨ੍ਹਾਂ ਸਮਾਧਾਂ 'ਚੋਂ ਬਹੁਤੀਆਂ ਉੱਤੇ ਪਛਾਣ ਵਾਲੀਆਂ ਤਖ਼ਤੀਆਂ ਨਹੀਂ ਲੱਗੀਆਂ। ਇਸ ਸਬੰਧੀ ਮਾਲਵਿੰਦਰ ਸਿੰਘ ਨੇ ਕਿਹਾ ਕਿ ਰਿਆਸਤ ਦੀ ਪੁਰਾਤਨ ਰਵਾਇਤ ਅਨੁਸਾਰ ਮਹਾਰਾਜਾ ਦੀ ਸਮਾਧ ਉਸ ਦਾ ਅਗਲਾ ਮਹਾਰਾਜਾ ਬਣਨ ਵਾਲਾ ਵੱਡਾ ਪੋਤਾ ਹੀ ਬਣਾਉਂਦਾ ਹੈ ਪਰ ਕੈਪਟਨ ਅਮਰਿੰਦਰ ਸਿੰਘ ਸਮਾਂ ਨਾ ਹੋਣ ਕਰ ਕੇ ਮਹਾਰਾਜਾ ਭੁਪਿੰਦਰ ਸਿੰਘ ਦੀ ਸਮਾਧ ਨਾ ਬਣਵਾ ਸਕੇ। ਮਾਲਵਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਹਾਲਾਤ ਵਿਚ ਉਨ੍ਹਾਂ ਨੂੰ



ਸ਼ਾਹੀ ਸਮਾਧਾਂ ਵਿਚ ਬਣਾਈ ਗਈ ਮਹਾਰਾਜਾ ਭੁਪਿੰਦਰ ਸਿੰਘ ਦੀ ਸਮਾਧ।

ਅਮਰਿੰਦਰ ਸਿੰਘ ਦੀ ਪਤਨੀ ਪ੍ਰਨੀਤ ਕੌਰ ਨੂੰ ਨਾਲ ਲੈ ਕੇ ਸਮਾਧ ਬਣਾਉਣੀ ਪਈ ਹੈ। ਕੈਪਟਨ ਅਮਰਿੰਦਰ ਸਿੰਘ ਦੇ ਪਿਤਾ ਮਹਾਰਾਜਾ ਯਾਦਵਿੰਦਰ ਸਿੰਘ (17 ਜਨਵਰੀ 1913 ਤੋਂ 17 ਜੂਨ 1974) ਦੀ ਸਮਾਧ ਉਨ੍ਹਾਂ ਦੇ ਪੋਤਰੇ ਭਾਵ ਅਮਰਿੰਦਰ ਦੇ ਪੁੱਤਰ ਰਣਇੰਦਰ ਸਿੰਘ ਨੇ ਬਣਾਉਣੀ ਹੈ, ਪਰ 49 ਸਾਲ ਬੀਤਣ ਤੋਂ ਬਾਅਦ ਵੀ ਉਨ੍ਹਾਂ ਦੀ ਸਮਾਧ ਨਹੀਂ ਬਣਾਈ ਗਈ, ਜਦੋਂਕਿ ਕੁਝ ਸਾਲ ਪਹਿਲਾਂ ਦੁਨੀਆਂ ਛੱਡ ਕੇ ਗਏ ਰਾਜ ਮਾਤਾ ਮਹਿੰਦਰ ਕੌਰ ਦੀ ਸਮਾਧ ਬਣਾ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਪਟਿਆਲਾ ਦੀ ਵਿਰਾਸਤ ਵਜੋਂ ਜ਼ਿਲ੍ਹਾ ਪ੍ਰਸ਼ਾਸਨ ਜਾਂ ਫਿਰ ਸਰਕਾਰ ਜੋ ਵੀ ਕੰਮ ਕਰਦੀ ਹੈ, ਉਸ ਦੀ ਸ਼ੁਰੂਆਤ ਸ਼ਾਹੀ ਸਮਾਧਾਂ ਤੋਂ ਹੀ ਹੁੰਦੀ ਹੈ। ਵਿਰਾਸਤੀ ਗਲੀ ਵੀ ਇੱਥੇ ਨੂੰ ਹੋ ਕੇ ਹੀ ਜਾ ਰਹੀ ਹੈ।



# ਪੰਜਾਬ ਡਰੱਗ ਮਾਮਲਾ : ਪੰਜਾਬ ਸਰਕਾਰ ਵੱਲੋਂ ਹਾਈਕੋਰਟ 'ਚ ਹਲਫਨਾਮਾ ਦਾਖ਼ਲ



**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਦੇ ਬਹੁਚਰਚਿਤ ਹਜ਼ਾਰਾਂ ਕਰੋੜ ਰੁਪਏ ਦੇ ਡਰੱਗ ਮਾਮਲੇ 'ਚ ਬੀਤੇ ਹਫਤੇ ਬੁੱਧਵਾਰ ਹਾਈਕੋਰਟ 'ਚ ਸੁਣਵਾਈ ਹੋਈ। ਇਸ ਦੌਰਾਨ ਲਾਇਰਸ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ ਵੱਲੋਂ ਪੁਲਿਸ ਅਧਿਕਾਰੀਆਂ ਅਤੇ ਨਸ਼ਾ ਤਸਕਰਾਂ ਵਿਚਕਾਰ ਗਠਜੋੜ ਨੂੰ ਲੈ ਕੇ ਸਾਬਕਾ ਡੀ.ਜੀ.ਪੀ. ਸਿਧਾਰਥ ਚਟੋਪਾਧਿਆਏ ਦੀ ਅਗਵਾਈ ਵਾਲੀ ਸਿਟ ਵੱਲੋਂ ਦਾਇਰ ਤਿੰਨ ਸੀਲਬੰਦ ਰਿਪੋਰਟਾਂ ਨੂੰ ਖੋਲ੍ਹਣ ਦੀ ਮੰਗ ਕਰਨ ਵਾਲੀ ਅਰਜ਼ੀ 'ਤੇ ਪੰਜਾਬ ਸਰਕਾਰ ਨੇ ਹਾਈਕੋਰਟ ਵਿਚ ਹਲਫਨਾਮਾ ਦਾਖ਼ਲ ਕਰਕੇ ਆਪਣਾ ਜਵਾਬ ਦਿੱਤਾ। ਸੁਣਵਾਈ ਦੌਰਾਨ ਸਿੱਟ ਦੀਆਂ ਇਨ੍ਹਾਂ ਰਿਪੋਰਟਾਂ ਨੂੰ ਖੋਲ੍ਹਣ ਦੀ ਗੱਲ ਆਖੀ ਜਾ ਰਹੀ ਸੀ, ਪਰ ਬਿਕਰਮ ਸਿੰਘ ਮਜੀਠੀਆ ਦੇ ਵਕੀਲ ਆਰ.ਐੱਸ. ਚੀਮਾ ਨੇ ਨਿੱਜੀ ਕਾਰਨ ਦਾ ਹਵਾਲਾ ਦਿੰਦਿਆਂ ਅਦਾਲਤ ਤੋਂ ਅਗਲੀ ਤਰੀਕ ਦੇਣ ਦੀ ਮੰਗ ਕੀਤੀ। ਪੰਜਾਬ ਸਰਕਾਰ ਵੱਲੋਂ ਪੇਸ਼ ਹਲਫਨਾਮੇ ਵਿਚ ਕਿਹਾ ਗਿਆ ਕਿ ਡਰੱਗ ਮਾਮਲੇ ਵਿਚ ਸਿੱਟ ਵਲੋਂ ਪੇਸ਼ ਕੀਤੀਆਂ ਰਿਪੋਰਟਾਂ 'ਤੇ ਕਾਰਵਾਈ ਨਾ ਕਰਨ ਦੇ ਦੋਸ਼ ਗਲਤ ਹਨ। ਸਰਕਾਰ ਨੇ ਕਿਹਾ ਕਿ ਇਹ ਰਿਪੋਰਟਾਂ ਸਰਕਾਰ ਨੂੰ ਨਹੀਂ, ਬਲਕਿ ਹਾਈਕੋਰਟ ਨੂੰ ਸੌਂਪੀਆਂ ਗਈਆਂ ਸਨ ਅਤੇ ਸਰਕਾਰ ਇਸ ਅਦਾਲਤ ਵੱਲੋਂ ਪਾਸ ਕੀਤੇ ਗਏ ਨਿਰਦੇਸ਼ਾਂ ਦੇ ਅਨੁਸਾਰ ਕੰਮ ਕਰਨ ਲਈ ਪਾਬੰਦ ਹੈ। ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਅਤੇ ਜਸਟਿਸ ਹਰਪ੍ਰੀਤ ਕੌਰ ਜੀਵਨ ਦਾ ਬੈਂਚ ਮਾਮਲੇ ਦੀ ਸੁਣਵਾਈ ਕਰ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਵਧੀਕ ਐਡਵੋਕੇਟ ਜਨਰਲ ਗੌਰਵ ਗਰਗ ਧੂਰੀਵਾਲਾ ਅਦਾਲਤ ਵਿਚ ਪੇਸ਼ ਹੋਏ, ਜਦਕਿ ਲਾਇਰਸ ਫਾਰ ਹਿਊਮਨ ਰਾਇਟਸ ਇੰਟਰਨੈਸ਼ਨਲ ਵੱਲੋਂ ਐਡਵੋਕੇਟ ਨਵਕਿਰਨ ਸਿੰਘ ਪੇਸ਼ ਹੋਏ ਅਤੇ ਕੇਂਦਰ ਦੀ ਨੁਮਾਇੰਦਗੀ ਵਕੀਲ ਅਰੁਣ ਗੋਸਾਈਂ ਨੇ ਕੀਤੀ। ਹਾਈਕੋਰਟ ਵਿਚ ਪਿਛਲੀ ਸੁਣਵਾਈ ਦੌਰਾਨ ਐੱਸ. ਟੀ. ਐੱਫ. ਵੱਲੋਂ ਪੇਸ਼ ਤਿੰਨ ਰਿਪੋਰਟਾਂ ਨੂੰ ਖੋਲ੍ਹਿਆ ਗਿਆ ਸੀ।

ਜ਼ਿਕਰਯੋਗ ਹੈ ਕਿ ਸਾਲ 2013 ਤੋਂ ਇਹ ਮਾਮਲਾ ਹਾਈਕੋਰਟ ਵਿਚ ਚੱਲ ਰਿਹਾ ਹੈ। 10 ਸਤੰਬਰ 2013 ਨੂੰ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਨੇ ਹਾਈਕੋਰਟ ਸਾਹਮਣੇ ਇਕ ਰਿਪੋਰਟ ਵਿਚ ਦਾਅਵਾ ਕੀਤਾ ਸੀ ਕਿ ਪੰਜਾਬ ਵਿਚ ਸਾਲਾਨਾ 6 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਡਰੱਗ ਤਸਕਰੀ ਹੁੰਦੀ ਹੈ ਅਤੇ ਇਹ ਪੈਸਾ ਸੂਬੇ ਵਿਚ ਚੋਣਾਂ ਦੌਰਾਨ ਵਰਤਿਆ ਜਾਂਦਾ ਹੈ। ਇਸ ਮਾਮਲੇ ਵਿਚ ਈ.ਡੀ. ਨੇ ਵੀ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਮਾਮਲੇ ਵਿਚ ਕੁਝ ਰਾਜਨੀਤਿਕ ਲੋਕਾਂ ਤੋਂ ਅੱਗੇ ਪੁੱਛਗਿੱਛ ਕਰਨ ਦੀ ਜ਼ਰੂਰਤ ਹੈ। ਈ.ਡੀ. ਦੀ ਰਿਪੋਰਟ 'ਤੇ ਪੰਜਾਬ ਦੀ ਐੱਸ.ਟੀ.ਐੱਫ. ਨੇ ਵੀ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਜਾਂਚ ਵਿਚ ਕਈ ਅਜਿਹੀਆਂ ਗੱਲਾਂ ਸਾਹਮਣੇ ਆਈਆਂ ਹਨ, ਜਿਸ ਤਹਿਤ ਇਸ ਮਾਮਲੇ ਦੀ ਅਗਲੇਰੀ ਜਾਂਚ ਦੀ ਜ਼ਰੂਰਤ ਹੈ। ਇਸ 'ਤੇ ਹਾਈਕੋਰਟ ਨੇ ਉਦੋਂ ਪੰਜਾਬ ਸਰਕਾਰ ਤੋਂ ਜਵਾਬ ਮੰਗਿਆ ਸੀ। 23 ਮਈ 2018 ਨੂੰ ਪੰਜਾਬ ਸਰਕਾਰ ਨੇ ਸੀਲਬੰਦ ਲਿਫ਼ਾਫੇ ਵਿਚ ਰਿਪੋਰਟ ਕੋਰਟ ਨੂੰ ਸੌਂਪ ਦਿੱਤੀ ਸੀ।

# ਵਿਦੇਸ਼ ਮੰਤਰਾਲੇ ਵੱਲੋਂ ਪਾਸਪੋਰਟ ਲਈ ਪੁਲਿਸ ਤਸਦੀਕ ਤੇਜ਼ ਕਰਨ ਲਈ mPassport Police App ਜਾਰੀ



**ਨਵੀਂ ਦਿੱਲੀ, (ਪੰਜਾਬ ਮੇਲ)**- ਵਿਦੇਸ਼ ਮੰਤਰਾਲੇ ਨੇ ਪਾਸਪੋਰਟ ਜਾਰੀ ਕਰਨ ਦੀ ਪੁਲਿਸ ਤਸਦੀਕ ਦੀ ਪ੍ਰਕਿਰਿਆ ਨੂੰ ਸੁਚਾਰੂ ਅਤੇ ਤੇਜ਼ ਕਰਨ ਲਈ 'mPassport Police App' ਪੇਸ਼ ਕੀਤਾ। ਵਿਦੇਸ਼ ਮੰਤਰਾਲੇ ਦੇ ਖੇਤਰੀ ਪਾਸਪੋਰਟ ਦਫਤਰ (ਆਰ.ਪੀ.ਓ.) ਦਿੱਲੀ ਵੱਲੋਂ ਜਾਰੀ ਕੀਤੀ ਰਿਲੀਜ਼ ਅਨੁਸਾਰ ਇਸ ਤਹਿਤ ਹੁਣ ਪੁਲਿਸ ਤਸਦੀਕ ਅਤੇ ਰਿਪੋਰਟ ਜਮ੍ਹਾਂ ਕਰਾਉਣ ਦੀ ਪੂਰੀ ਪ੍ਰਕਿਰਿਆ ਨੂੰ ਕਾਗਜ਼ ਰਹਿਤ ਹੋਵੇਗੀ। ਦਿੱਲੀ ਦੇ ਖੇਤਰੀ ਪਾਸਪੋਰਟ ਅਫਸਰ ਅਭਿਸ਼ੇਕ ਦੂਬੇ ਵੱਲੋਂ ਜਾਰੀ ਬਿਆਨ ਮੁਤਾਬਕ ਟੈਬਲੇਟਾਂ ਦੀ ਵਰਤੋਂ ਨਾਲ ਤਸਦੀਕ ਕਰਨ ਨਾਲ ਤਸਦੀਕ ਦਾ ਸਮਾਂ 15 ਦਿਨਾਂ ਤੋਂ ਘਟਾ ਕੇ ਪੰਜ ਦਿਨ ਹੋ ਜਾਵੇਗਾ, ਜਿਸ ਨਾਲ ਪਾਸਪੋਰਟ ਜਾਰੀ ਕਰਨ ਦੀ ਸਮਾਂ ਦਸ ਦਿਨਾਂ ਤੱਕ ਘਟਾਇਆ ਜਾਵੇਗਾ।

# ਅਮਰੀਕੀ ਸੰਸਦ 'ਚ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦੇ ਅਨਿੱਖੜਵੇਂ ਅੰਗ ਵਜੋਂ ਮਾਨਤਾ ਦੇਣ ਲਈ ਮਤਾ ਪੇਸ਼



**ਵਾਸ਼ਿੰਗਟਨ, (ਪੰਜਾਬ ਮੇਲ)**- ਅਸਲ ਕੰਟਰੋਲ ਰੇਖਾ (ਐੱਲ.ਏ.ਸੀ.) ਦੇ ਨਾਲ 'ਸਥਿਤੀ ਨੂੰ ਬਦਲਣ' ਲਈ ਚੀਨ ਦੇ ਫੌਜੀ ਹਮਲੇ ਦਾ ਵਿਰੋਧ ਕਰਦੇ ਹੋਏ ਅਮਰੀਕੀ ਸੈਨੇਟ ਨੇ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦੇ ਅਨਿੱਖੜਵੇਂ ਅੰਗ ਵਜੋਂ ਮਾਨਤਾ ਦੇਣ ਲਈ ਪ੍ਰਸਤਾਵ ਪੇਸ਼ ਕੀਤਾ। ਪ੍ਰਸਤਾਵ ਵਿਚ ਚੀਨ ਨੂੰ ਅਸਲ ਕੰਟਰੋਲ ਰੇਖਾ 'ਤੇ ਸਥਿਤੀ ਨੂੰ ਬਦਲਣ, ਵਿਵਾਦਿਤ ਖੇਤਰਾਂ ਵਿਚ ਪਿੰਡ ਬਣਾਉਣ, ਭਾਰਤੀ ਰਾਜ ਅਰੁਣਾਚਲ ਦੇ ਸ਼ਹਿਰਾਂ ਅਤੇ ਖੇਤਰਾਂ ਲਈ ਆਪਣੀ ਭਾਸ਼ਾ ਦੇ ਨਾਵਾਂ ਵਾਲੇ ਨਕਸ਼ੇ ਪ੍ਰਕਾਸ਼ਿਤ ਕਰਨ ਅਤੇ ਭੂਟਾਨ ਵਿਚ ਚੀਨੀ ਟਿਕਾਣਿਆਂ ਦੀ ਸਥਾਪਨਾ ਕਰਨ ਦੀ ਨਿੰਦਾ ਕੀਤੀ ਗਈ ਹੈ।

# ਲਖੀਮਪੁਰ ਹਿੰਸਾ ਕੇਸ ਦੇ 8 ਹੋਰ ਮੁਲਜ਼ਮਾਂ ਨੂੰ ਮਿਲੀ ਅੰਤ੍ਰਿਮ ਜ਼ਮਾਨਤ

**ਲਖਨਊ, (ਪੰਜਾਬ ਮੇਲ)**- ਇਲਾਹਾਬਾਦ ਹਾਈ ਕੋਰਟ ਨੇ ਲਖੀਮਪੁਰ ਹਿੰਸਾ ਕੇਸ ਦੇ ਅੱਠ ਹੋਰ ਮੁਲਜ਼ਮਾਂ ਨੂੰ ਅੰਤ੍ਰਿਮ ਜ਼ਮਾਨਤ ਦਿੱਤੀ ਹੈ। ਇਹ ਜ਼ਮਾਨਤ 20 ਮਾਰਚ ਤੱਕ ਮਨਜ਼ੂਰ ਕੀਤੀ ਗਈ ਹੈ। ਇਸ ਕੇਸ ਦੇ ਸਾਰੇ 13 ਮੁਲਜ਼ਮ ਨੂੰ ਹੁਣ ਜ਼ਮਾਨਤ 'ਤੇ ਹਨ, ਜਿਨ੍ਹਾਂ ਵਿਚ ਕੇਂਦਰੀ ਮੰਤਰੀ ਅਜੈ ਮਿਸ਼ਰਾ ਦਾ ਪੁੱਤਰ ਅਸ਼ੀਸ਼ ਮਿਸ਼ਰਾ ਵੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ 25 ਜਨਵਰੀ ਨੂੰ ਅਸ਼ੀਸ਼ ਮਿਸ਼ਰਾ ਦੀ ਜ਼ਮਾਨਤ ਮਨਜ਼ੂਰ ਕੀਤੀ ਸੀ ਅਤੇ ਲਖਨਊ ਬੈਂਚ ਨੇ ਇਨ੍ਹਾਂ ਹੁਕਮਾਂ ਦੇ ਮੱਦੇਨਜ਼ਰ ਅੱਠ ਹੋਰ ਮੁਲਜ਼ਮਾਂ ਨੂੰ ਅੰਤ੍ਰਿਮ ਜ਼ਮਾਨਤ ਦਿੱਤੀ ਹੈ। ਜਸਟਿਸ ਰਾਜੇਸ਼ ਕੁਮਾਰ ਸਿੰਘ ਚੌਹਾਨ 'ਤੇ ਆਧਾਰਿਤ ਬੈਂਚ ਅਨੁਸਾਰ ਇਸ ਕੇਸ ਦੀ ਅਗਲੀ ਸੁਣਵਾਈ 20 ਮਾਰਚ ਨੂੰ ਹੋਵੇਗੀ। ਅਦਾਲਤ ਨੇ ਜਿਨ੍ਹਾਂ ਦੀ ਜ਼ਮਾਨਤ ਮਨਜ਼ੂਰ ਕੀਤੀ ਹੈ, ਉਨ੍ਹਾਂ ਵਿਚ ਅੰਕਿਤ ਦਾਸ, ਨੰਦ ਸਿੰਘ ਬਿਸ਼ਤ, ਲਤੀਫ ਉਰਫ ਕਾਲੇ, ਸੱਤਿਅਮ ਤ੍ਰਿਪਾਠੀ ਉਰਫ ਸੱਤਿਆ ਪ੍ਰਕਾਸ਼ ਤ੍ਰਿਪਾਠੀ, ਸ਼ੇਖਰ ਭਾਰਤੀ, ਅਸ਼ੀਸ਼ ਪਾਂਡੇ, ਰਿੰਕੂ ਰਾਣਾ ਤੇ ਸੁਮੀਤ ਜੈਸਵਾਲ ਸ਼ਾਮਲ ਹਨ।

# ਯੂਟਿਊਬ ਦੇ ਅਗਲੇ ਸੀ.ਈ.ਓ. ਹੋਣਗੇ ਭਾਰਤੀ ਮੂਲ ਦੇ ਨੀਲ ਮੋਹਨ



**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤੀ ਮੂਲ ਦੇ ਨੀਲ ਮੋਹਨ ਦੁਨੀਆਂ ਦੇ ਸਭ ਤੋਂ ਵੱਡੇ ਵੀਡੀਓ ਸ਼ੇਅਰਿੰਗ ਪਲੇਟਫਾਰਮ ਯੂਟਿਊਬ ਦੇ ਅਗਲੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਹੋਣਗੇ। ਇਸ ਨਾਲ ਭਾਰਤੀ ਮੂਲ ਦਾ ਇੱਕ ਹੋਰ ਵਿਅਕਤੀ ਪ੍ਰਮੁੱਖ ਟੈਕਨਾਲੋਜੀ ਕੰਪਨੀਆਂ ਦੇ ਉੱਚ ਅਹੁਦੇ 'ਤੇ ਕਾਬਜ਼ ਹੋਵੇਗਾ। ਭਾਰਤੀ ਮੂਲ ਦੇ ਸੁੰਦਰ ਪਿਚਾਈ ਯੂਟਿਊਬ ਦੀ ਮਾਲਕੀ ਵਾਲੀ ਕੰਪਨੀ ਗੂਗਲ ਦੇ ਸੀ.ਈ.ਓ. ਹਨ। ਮਾਈਕ੍ਰੋਸਾਫਟ ਦੇ ਮੁਖੀ ਸੱਤਿਆ ਨਡੇਲਾ, ਆਈ.ਬੀ.ਐੱਮ. ਦੇ ਮੁਖੀ ਅਰਵਿੰਦ ਕ੍ਰਿਸ਼ਨਾ ਅਤੇ ਐਡੋਬ ਦੇ ਮੁਖੀ ਸ਼ਾਂਤਨੂ ਨਰਾਇਣ ਦੇ ਵੀ ਭਾਰਤ ਨਾਲ ਸਬੰਧ ਹਨ।







# ਸਿੱਧੂ ਮੂਸੇਵਾਲਾ ਨੂੰ ਸਮਰਪਿਤ ਕਬੱਡੀ ਕੱਪ ਅਧਵਾਟੇ ਰੱਦ

**ਚਾਰ ਮੈਚ ਖੇਡਣ ਤੋਂ ਬਾਅਦ ਟੀਮਾਂ ਵੱਲੋਂ ਮੈਦਾਨ 'ਚ ਆਉਣ ਤੋਂ ਇਨਕਾਰ**



ਮੁੱਖ ਮਹਿਮਾਨ ਬਲਕੌਰ ਸਿੰਘ ਸਿੱਧੂ ਸਟੇਜ 'ਤੇ ਸਰਪੰਚ ਸਤਵੰਤ ਸਿੰਘ ਨਾਲ ਗੱਲਬਾਤ ਕਰਦੇ ਹੋਏ।

**ਗੁਰੂਸਰ ਸੁਧਾਰ, (ਪੰਜਾਬ ਮੇਲ)-** ਪਿੰਡ ਪੱਤੀ ਧਾਲੀਵਾਲ (ਸੁਧਾਰ) ਵਿਚ 12 ਸਾਲਾਂ ਤੋਂ ਕਬੱਡੀ ਕੱਪ ਕਰਵਾਉਣ ਵਾਲੀ ਕਲਗੀਧਰ ਯੂਥ ਵੈੱਲਫੇਅਰ ਐਂਡ ਸਪੋਰਟਸ ਕਲੱਬ ਨੂੰ ਸਿੱਧੂ ਮੂਸੇਵਾਲਾ ਨੂੰ ਸਮਰਪਿਤ 13ਵਾਂ ਕਬੱਡੀ ਕੱਪ ਅਧਵਾਟੇ ਹੀ ਰੱਦ ਕਰਨਾ ਪੈ ਗਿਆ। ਚਾਰ ਮੈਚ ਖੇਡਣ ਤੋਂ ਬਾਅਦ ਕਬੱਡੀ ਟੀਮਾਂ ਨੇ ਮੈਦਾਨ ਵਿਚ ਉੱਤਰਨ ਤੋਂ ਹੀ ਇਨਕਾਰ ਕਰ ਦਿੱਤਾ।

ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਕਬੱਡੀ ਟੂਰਨਾਮੈਂਟ ਦਾ 13ਵਾਂ ਕਬੱਡੀ ਕੱਪ ਸ਼ੁਭਦੀਪ ਸਿੰਘ (ਸਿੱਧੂ ਮੂਸੇਵਾਲਾ) ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਸੀ। ਇਸ ਵਿਚ ਵੱਡੀ ਇਨਾਮੀ ਰਕਮ ਤੋਂ ਇਲਾਵਾ ਬਿਹਤਰੀਨ ਧਾਵੀ ਅਤੇ ਜਾਫੀ ਨੂੰ ਸਿੱਧੂ ਮੂਸੇਵਾਲਾ ਦੇ ਪਸੰਦੀਦਾ 5911 ਟਰੈਕਟਰ ਇਨਾਮ ਵਜੋਂ ਦਿੱਤੇ ਜਾਣੇ ਸਨ। ਇਸ ਟੂਰਨਾਮੈਂਟ ਵਿਚ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਮੁੱਖ ਮਹਿਮਾਨ ਵਜੋਂ ਬੁਲਾਇਆ ਗਿਆ ਸੀ ਪਰ ਕਬੱਡੀ ਟੀਮਾਂ ਨੇ ਬਲਕੌਰ ਸਿੰਘ ਦੀ ਹਾਜ਼ਰੀ ਵਿਚ ਖੇਡਣ ਤੋਂ ਹੀ ਇਨਕਾਰ ਕਰ ਦਿੱਤਾ। ਬਲਕੌਰ ਸਿੰਘ ਸੰਖੇਪ ਭਾਸ਼ਣ ਦੇ ਕੇ ਕੁਝ ਸਮੇਂ ਬਾਅਦ ਹੀ ਚਲੇ ਗਏ।

ਕਲੱਬ ਅਤੇ ਪ੍ਰਬੰਧਕ ਭਾਵੇਂ ਸਿੱਧੇ ਤੌਰ 'ਤੇ ਇਹ ਮੰਨਣ ਤੋਂ ਇਨਕਾਰੀ ਰਹੇ ਪਰ ਦਰਸ਼ਕਾਂ ਸਣੇ ਪਿੰਡ ਵਾਸੀਆਂ 'ਚ ਚਰਚਾ ਹੈ ਇਹ ਟੂਰਨਾਮੈਂਟ ਜੇਲ੍ਹਾਂ 'ਚ ਬੰਦ ਗੈਂਗਸਟਰਾਂ ਨੇ ਰੁਕਵਾਇਆ ਹੈ। ਟੂਰਨਾਮੈਂਟ ਦੇ ਪ੍ਰਬੰਧਕਾਂ ਨੇ ਖਿਡਾਰੀਆਂ ਨੂੰ ਧਮਕੀਆਂ ਮਿਲਣ ਤੋਂ ਇਨਕਾਰ ਕੀਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕਬੱਡੀ ਕੱਪ ਵਿਚ ਓਪਨ ਦੀਆਂ 12 ਮਸ਼ਹੂਰ ਟੀਮਾਂ ਆਈਆਂ ਸਨ, ਜਿਨ੍ਹਾਂ ਨੇ ਚਾਰ ਮੈਚਾਂ ਤੋਂ ਬਾਅਦ ਅਚਾਨਕ ਹੀ ਮੈਦਾਨ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ। ਪ੍ਰਬੰਧਕਾਂ ਨੇ ਨੇੜਲੇ ਪਿੰਡ ਨਾਨਕਸਰ ਕਲੇਰਾਂ ਵਿਚ ਚੱਲ ਰਹੇ ਕਬੱਡੀ ਟੂਰਨਾਮੈਂਟ ਦਾ ਹਵਾਲਾ ਦੇ ਕੇ ਹਕੀਕਤ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਲਾਰੈਂਸ ਬਿਸ਼ਨੋਈ ਦੇ ਕਰੀਬੀ ਗੈਂਗਸਟਰ ਜੱਗੂ ਭਗਵਾਨਪੁਰੀਆ ਵੱਲੋਂ ਟੀਮਾਂ ਨੂੰ ਟੂਰਨਾਮੈਂਟ ਵਿਚ ਆਉਣ ਤੋਂ ਰੋਕਣ ਦੀ ਖ਼ਬਰ ਹੈ। ਇਹ ਵੀ ਪਤਾ ਲੱਗਾ ਹੈ ਕਿ ਬਿਸ਼ਨੋਈ ਗੈਂਗ ਨੇ ਸਾਰੇ ਟੂਰਨਾਮੈਂਟ ਪ੍ਰਬੰਧਕਾਂ ਨੂੰ ਸਿੱਧੂ ਮੂਸੇਵਾਲਾ ਦੀ ਯਾਦ ਵਿਚ ਟੂਰਨਾਮੈਂਟ ਕਰਵਾਉਣ ਤੋਂ ਵਰਜਿਆ ਹੈ। ਕਲੱਬ ਦੇ ਮੁਖੀ ਕਰਮਜੀਤ ਸਿੰਘ ਸਿੱਧੂ ਨੇ ਕਬੱਡੀ ਕੱਪ ਰੱਦ ਕਰਨ ਦੇ ਸਵਾਲ 'ਤੇ ਕਬੱਡੀ ਫੈਡਰੇਸ਼ਨਾਂ ਨੂੰ ਦੋਸ਼ੀ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਫੈਡਰੇਸ਼ਨਾਂ ਪੇਂਡੂ ਟੂਰਨਾਮੈਂਟਾਂ ਦੀ ਥਾਂ ਵੱਡੇ ਖਿਡਾਰੀਆਂ ਦਾ ਦਬਦਬਾ ਬਣਾਉਣਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਕਬੱਡੀ ਕੱਪ ਦੀਆਂ ਨਵੀਆਂ ਤਾਰੀਕਾਂ ਦਾ ਐਲਾਨ ਜਲਦੀ ਕੀਤਾ ਜਾਵੇਗਾ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

## ਮੂਸੇਵਾਲਾ ਕਤਲਕਾਂਡ: ਪਰਿਵਾਰ ਨੇ ਸਰਕਾਰਾਂ ਤੋਂ ਇਨਸਾਫ਼ ਦੀ ਆਸ ਛੱਡੀ

*-ਇਨਸਾਫ ਲਈ ਹੋਰ ਸੰਘਰਸ਼ ਕਰਨਾ ਪਵੇਗਾ : ਬਲਕੌਰ ਸਿੱਧੂ*

**ਮਾਨਸਾ, (ਪੰਜਾਬ ਮੇਲ)-** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਪੁੱਤ ਦੀ ਮੌਤ ਦਾ ਇਨਸਾਫ਼ ਲੈ ਕੇ ਰਹਿਣਗੇ। ਉਹ ਪਿੰਡ ਮੂਸਾ ਵਿਚ ਪਹੁੰਚੇ ਗਾਇਕ ਦੇ ਚਾਹੁਣ ਵਾਲਿਆਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਰਾਹੁਲ ਗਾਂਧੀ, ਮੁੱਖ ਮੰਤਰੀ ਭਗਵੰਤ ਮਾਨ ਸਣੇ ਵੱਖ-ਵੱਖ ਆਗੂਆਂ ਨੂੰ ਮਿਲ ਚੁੱਕੇ ਹਨ, ਪਰ ਹੁਣ ਇਨਸਾਫ਼ ਦੀ ਉਮੀਦ ਖ਼ਤਮ ਹੋ ਗਈ ਹੈ। ਉਨ੍ਹਾਂ ਕਿਹਾ ਕਿ ਇਨਸਾਫ਼ ਲਈ ਹੋਰ ਸੰਘਰਸ਼ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ 'ਤੇ ਗੋਲੀਆਂ ਚਲਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਿਰਫ਼ ਉਨ੍ਹਾਂ ਦੀਆਂ ਅੱਖਾਂ ਪੂੰਝੀਆਂ ਜਾ ਰਹੀਆਂ ਹਨ, ਪਰ ਜਿਨ੍ਹਾਂ ਨੇ ਕਤਲ ਦੀ ਸਾਜ਼ਿਸ਼ ਰਚੀ, ਉਨ੍ਹਾਂ ਨੂੰ ਨਾ ਤਾਂ ਅੱਜ ਤੱਕ ਫੜਿਆ ਗਿਆ ਅਤੇ ਨਾ ਹੀ ਫੜੇ ਜਾਣ ਦੀ ਆਸ ਹੈ। ਉਨ੍ਹਾਂ ਕਿਹਾ ਕਿ ਉਹ ਅਗਲੇ ਮਹੀਨੇ ਆਪਣੇ ਪੁੱਤ ਦੀ ਬਰਸੀ ਮਨਾਉਣਗੇ, ਜਿਸ ਮੌਕੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਸਿੱਧੂ ਮੂਸੇਵਾਲਾ ਦੀ ਥਾਰ ਗੱਡੀ ਨੂੰ ਪੰਜਾਬ ਭਰ ਵਿਚ ਲਿਜਾਣਗੇ, ਤਾਂ ਜੋ ਲੋਕਾਂ ਨੂੰ ਦੱਸਿਆ ਜਾ ਸਕੇ ਕਿ ਸਰਕਾਰ ਪਰਿਵਾਰ ਨੂੰ ਅੱਜ ਤੱਕ ਇਨਸਾਫ਼ ਨਹੀਂ ਦੇ ਸਕੀ।

## ਭਾਜਪਾ ਵੱਲੋਂ ਅਮਰੀਕੀ ਕਾਰੋਬਾਰੀ ਸੋਰੋਸ ਨੇ ਭਾਰਤੀ ਜਮਹੂਰੀਅਤ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਜਪਾ ਨੇ ਅਮਰੀਕੀ ਅਰਬਪਤੀ ਨਿਵੇਸ਼ਕ ਜਾਰਜ ਸੋਰੋਸ 'ਤੇ ਤਿੱਖਾ ਹਮਲਾ ਕਰਦੇ ਹੋਏ ਉਨ੍ਹਾਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਹੀ ਨਹੀਂ, ਬਲਕਿ ਭਾਰਤੀ ਲੋਕਤੰਤਰੀ ਪ੍ਰਣਾਲੀ ਨੂੰ ਵੀ ਨਿਸ਼ਾਨਾ ਬਣਾਉਣ ਦਾ ਦੋਸ਼ ਲਗਾਇਆ ਹੈ। ਭਾਜਪਾ ਦੀ ਸੀਨੀਅਰ ਆਗੂ ਅਤੇ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਸੋਰੋਸ ਦਾ ਐਲਾਨ ਭਾਰਤ ਵਿਰੁੱਧ ਜੰਗ ਥੋਪਣ ਵਰਗਾ ਹੈ ਅਤੇ ਮੋਦੀ ਇਸ ਜੰਗ ਅਤੇ ਭਾਰਤ ਦੇ ਹਿੱਤਾਂ ਵਿਚਕਾਰ ਖੜ੍ਹੇ ਹਨ। ਸੋਰੋਸ ਨੇ ਕਿਹਾ ਹੈ ਕਿ ਭਾਰਤੀ ਕਾਰੋਬਾਰੀ ਗੌਤਮ ਅਡਾਨੀ ਦੇ ਕਾਰੋਬਾਰੀ ਸਾਮਰਾਜ ਵਿਚ ਉਥਲ-ਪੁਥਲ ਨੇ ਨਿਵੇਸ਼ ਦੇ ਮੌਕੇ ਵਜੋਂ ਭਾਰਤ ਵਿਚ ਵਿਸ਼ਵਾਸ ਨੂੰ ਹਿਲਾ ਦਿੱਤਾ ਹੈ ਅਤੇ ਭਾਰਤ ਵਿਚ ਜਮਹੂਰੀ ਸੁਰਜੀਤੀ ਦਾ ਦਰਵਾਜ਼ਾ ਖੋਲ੍ਹ ਸਕਦਾ ਹੈ। ਸੋਰੋਸ ਨੇ ਮਿਊਨਿਖ 'ਚ ਇਕ ਸੰਮੇਲਨ ਤੋਂ ਪਹਿਲਾਂ ਦਿੱਤੇ ਭਾਸ਼ਨ 'ਚ ਕਿਹਾ, 'ਮੋਦੀ ਇਸ ਵਿਸ਼ੇ 'ਤੇ ਚੁੱਪ ਹਨ ਪਰ ਉਨ੍ਹਾਂ ਨੂੰ ਵਿਦੇਸ਼ੀ ਨਿਵੇਸ਼ਕਾਂ ਅਤੇ ਸੰਸਦ 'ਚ ਸਵਾਲਾਂ ਦਾ ਜਵਾਬ ਦੇਣਾ ਹੋਵੇਗਾ। ਇਹ ਭਾਰਤ ਦੀ ਸੰਘੀ ਸਰਕਾਰ 'ਤੇ ਮੋਦੀ ਦੀ ਮਜ਼ਬੂਤ ਪਕੜ ਨੂੰ ਕਮਜ਼ੋਰ ਕਰੇਗਾ ਅਤੇ ਬਹੁਤ ਲੋੜੀਂਦੇ ਸੰਸਥਾਗਤ ਸੁਧਾਰਾਂ ਨੂੰ ਅੱਗੇ ਵਧਾਉਣ ਲਈ ਦਰਵਾਜ਼ਾ ਖੋਲ੍ਹ ਦੇਵੇਗਾ। ਮੈਂ ਭੋਲਾ ਹੋ ਸਕਦਾ ਹਾਂ ਪਰ ਮੈਂ ਭਾਰਤ ਵਿਚ ਲੋਕਤੰਤਰੀ ਸੁਰਜੀਤੀ ਦੀ ਉਮੀਦ ਕਰਦਾ ਹਾਂ।' ਉਨ੍ਹਾਂ ਨੇ ਇਹ ਵੀ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਲੋਕਤੰਤਰੀ ਨਹੀਂ ਹਨ।

## ਲੋਕ ਸਭਾ ਚੋਣਾਂ ਲਈ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਭਾਜਪਾ ਖਿਲਾਫ਼ ਇਕਜੁੱਟ ਹੋਣ ਦਾ ਸੱਦਾ

**ਮਾਨਸਾ, (ਪੰਜਾਬ ਮੇਲ)-** ਸੀ.ਪੀ.ਆਈ. (ਐੱਮ.ਐੱਲ.) ਦੇ ਮਹਾ ਸੰਮੇਲਨ ਮੌਕੇ ਪਟਨਾ ਵਿਚ 'ਸੰਵਿਧਾਨ ਬਚਾਓ, ਲੋਕਤੰਤਰ ਬਚਾਓ, ਦੇਸ਼ ਬਚਾਓ' ਵਿਸ਼ੇ 'ਤੇ ਸਿਆਸੀ ਕਨਵੈਨਸ਼ਨ ਕਰਵਾਈ ਗਈ, ਜਿਸ ਵਿਚ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਉਪ ਮੁੱਖ ਮੰਤਰੀ ਤੇਜਸਵੀ ਪ੍ਰਸਾਦ ਯਾਦਵ, ਸਾਬਕਾ ਵਿਦੇਸ਼ ਮੰਤਰੀ ਅਤੇ ਕਾਂਗਰਸ ਆਗੂ ਸਲਮਾਨ ਖੁਰਸ਼ੀਦ ਨੇ ਸ਼ਮੂਲੀਅਤ ਕਰਦਿਆਂ 2024 ਵਿਚ ਭਾਜਪਾ ਨੂੰ ਦੇਸ਼ ਦੀ ਗੱਦੀ ਤੋਂ ਲਾਹੁਣ ਲਈ ਇਕਜੁੱਟ ਹੋਣ ਦਾ ਸੱਦਾ ਦਿੱਤਾ। ਇਸ ਸਬੰਧੀ ਜਾਣਕਾਰੀ ਸੀ.ਪੀ.ਆਈ. (ਐੱਮ.ਐੱਲ.) ਲਿਬਰੇਸ਼ਨ ਦੇ ਆਗੂ ਸੁਖਦਰਸ਼ਨ ਨੱਤ ਨੇ ਦਿੱਤੀ।






# ਹਰਿਆਣਾ ਗੁਰਦੁਆਰਾ ਕਮੇਟੀ ਨੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲੀ

**ਕੁਰੂਕਸ਼ੇਤਰ, (ਪੰਜਾਬ ਮੇਲ)-** ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਸੂਬੇ ਦੇ ਇਤਿਹਾਸਕ ਗੁਰਦੁਆਰਿਆਂ ਦੀ ਸੇਵਾ ਸੰਭਾਲਣੀ ਸ਼ੁਰੂ ਕਰ ਦਿੱਤੀ ਹੈ। ਕਮੇਟੀ ਪ੍ਰਧਾਨ ਬਾਬਾ ਕਰਮਜੀਤ ਸਿੰਘ ਤੇ ਹੋਰ ਅਹੁਦੇਦਾਰਾਂ ਨੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਵਿਖੇ ਪਹੁੰਚ ਕੇ ਗੁਰੂ ਘਰ ਦੀ ਸੇਵਾ ਸੰਭਾਲੀ। ਇਸ ਦੌਰਾਨ ਕਮੇਟੀ ਮੈਂਬਰਾਂ ਨੇ ਇਕ ਕਟਰ ਦੀ ਮਦਦ ਨਾਲ ਗੁਰਦੁਆਰਾ ਸਾਹਿਬ ਦੀ ਗੋਲਕ 'ਤੇ ਲੱਗੇ ਜਿੰਦਰੇ ਨੂੰ ਕੱਟ ਕੇ ਆਪਣਾ ਜਿੰਦਰਾ ਲਗਾ ਦਿੱਤਾ। ਇਸ ਤੋਂ ਬਾਅਦ ਬਾਬਾ ਕਰਮਜੀਤ ਸਿੰਘ ਹਰਿਆਣਾ ਸਿੱਖ ਮਿਸ਼ਨ ਦੇ ਦਫ਼ਤਰ ਵਿਚ ਗਏ ਤੇ ਉਥੇ ਵੀ ਕਟਰ ਨਾਲ ਜਿੰਦਰਾ ਵੱਢ ਕੇ ਦਫ਼ਤਰ ਦਾ ਚਾਰਜ ਸੰਭਾਲ ਲਿਆ। ਇਸ ਮੌਕੇ ਐੱਚ.ਸੀ.ਐੱਸ. ਅਧਿਕਾਰੀ ਗਗਨਦੀਪ ਸਿੰਘ, ਡੀ.ਐੱਸ.ਪੀ. ਰਾਮਦੱਤ ਨੈਨ ਤੇ ਨਾਇਬ ਤਹਿਸੀਲਦਾਰ ਅਭਿਮੰਨਿਊ ਤੋਂ ਇਲਾਵਾ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੁਲਿਸ ਫੋਰਸ ਤਾਇਨਾਤ ਸੀ। ਐੱਸ.ਜੀ.ਪੀ.ਸੀ. ਦੇ ਉਪ ਦਫ਼ਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਕਰਮਜੀਤ ਸਿੰਘ ਨੇ ਦੱਸਿਆ ਕਿ ਇਸ ਦਫ਼ਤਰ ਦਾ ਚਾਰਜ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਸੰਭਾਲ ਲਿਆ ਹੈ। ਭਵਿੱਖ ਵਿਚ ਇਹ ਕਮੇਟੀ ਸਿੱਖ ਧਰਮ ਦਾ ਪ੍ਰਚਾਰ ਕਰੇਗੀ।

**■ ਧਾਮੀ ਵੱਲੋਂ ਹਰਿਆਣਾ ਕਮੇਟੀ ਦਾ ਵਿਰੋਧ**

ਉਨ੍ਹਾਂ ਕਿਹਾ ਕਿ ਕਿਸੇ ਵੀ ਮੁਲਾਜ਼ਮ ਨੂੰ ਨੌਕਰੀ ਤੋਂ ਨਹੀਂ ਕੱਢਿਆ ਜਾਵੇਗਾ। ਸਾਰੇ ਸੇਵਾਦਾਰਾਂ ਦੇ ਬੱਚਿਆਂ ਦੀ ਪੜ੍ਹਾਈ ਤੇ ਸੇਵਾਦਾਰਾਂ ਦੇ ਮੈਡੀਕਲ ਬੀਮੇ ਦਾ ਧਿਆਨ ਰੱਖਿਆ ਜਾਵੇਗਾ। ਕਿਸੇ ਨੂੰ ਘਬਰਾਉਣ ਦੀ ਲੋੜ ਨਹੀਂ। ਕਮੇਟੀ ਸਾਰੇ ਸੇਵਾਦਾਰਾਂ ਦੇ ਨਾਲ ਹੈ। ਜੇਕਰ ਕਿਸੇ ਨੂੰ ਕੋਈ ਸ਼ਿਕਾਇਤ ਹੋਏਗੀ, ਤਾਂ ਉਸ ਨੂੰ ਦੂਰ ਕੀਤਾ ਜਾਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਕਮੇਟੀ ਦੇ ਆਗੂਆਂ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਹਰਿਆਣਾ ਦੇ ਸਿੱਖ ਆਗੂਆਂ ਨੇ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਦੀ ਸ਼ਹਿ 'ਤੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਦੀ ਗੋਲਕ ਨੂੰ ਜਬਰੀ ਆਪਣੇ ਜਿੰਦਰੇ ਲਾ ਦਿੱਤੇ ਹਨ, ਜਿਸ ਦੀ ਸ਼੍ਰੋਮਣੀ ਕਮੇਟੀ ਨਿੰਦਾ ਕਰਦੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਗੁਰਦੁਆਰਾ ਐਕਟ 1925 ਤਹਿਤ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਕਰ ਰਹੀ ਹੈ, ਜਦਕਿ ਹਰਿਆਣਾ ਸਰਕਾਰ ਧੱਕੇ ਨਾਲ ਗੁਰਦੁਆਰਾ ਪ੍ਰਬੰਧਾਂ ਨੂੰ ਆਪਣੇ ਹੱਥਾਂ ਵਿਚ ਲੈਣਾ ਚਾਹੁੰਦੀ ਹੈ।

## ਟਰੂਡੋ ਦੀ ਜਿੱਤ ਲਈ ਕੈਨੇਡਾ ਚੋਣਾਂ 'ਚ ਚੀਨ ਨੇ ਕੀਤੀ ਸੀ ਦਖਲ ਅੰਦਾਜ਼ੀ : ਰਿਪੋਰਟ 'ਚ ਦਾਅਵਾ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੀ ਮੀਡੀਆ ਵਿਚ ਚੱਲ ਰਹੀਆਂ ਖ਼ਬਰਾਂ ਮੁਤਾਬਕ



2021 ਦੀਆਂ ਚੋਣਾਂ ਵਿਚ ਚੀਨ ਨੇ ਸੱਤਾਧਾਰੀ ਲਿਬਰਲ ਪਾਰਟੀ ਦੇ ਪੱਖ ਵਿਚ ਸੰਘੀ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਲਈ ਇਕ ਮੁਹਿੰਮ ਚਲਾਈ ਸੀ। ਸ਼ੁੱਕਰਵਾਰ ਨੂੰ ਕੈਨੇਡੀਅਨ ਮੀਡੀਆ ਨੇ ਇਸ ਸਬੰਧੀ ਖੁਲਾਸਾ ਕੀਤਾ। ਕੈਨੇਡਾ ਦੇ ਮਸ਼ਹੂਰ ਅਖ਼ਬਾਰ 'ਦਿ ਗਲੋਬ ਐਂਡ ਮੇਲ' ਵਿਚ ਖੋਜੀ ਰਿਪੋਰਟ ਛਪੀ ਹੈ। ਇਸ ਰਿਪੋਰਟ ਵਿਚ ਰੌਬਰਟ ਫਿਫ ਅਤੇ ਸਟੀਵਨ ਚੇਜ਼ ਨੇ ਦਾਅਵਾ ਕੀਤਾ ਹੈ ਕਿ ਚੀਨ ਨੇ 2021 ਦੀਆਂ ਸੰਘੀ ਚੋਣ ਮੁਹਿੰਮ ਵਿਚ ਕੈਨੇਡਾ ਦੇ ਲੋਕਤੰਤਰ ਨੂੰ ਪ੍ਰਭਾਵਿਤ ਕਰਨ ਲਈ ਇਕ ਰਣਨੀਤੀ ਦੀ ਵਰਤੋਂ ਕੀਤੀ ਸੀ।

ਰਿਪੋਰਟ ਵਿਚ ਦੱਸਿਆ ਗਿਆ ਕਿ ਚੀਨੀ ਡਿਪਲੋਮੈਟਾਂ ਅਤੇ ਉਨ੍ਹਾਂ ਦੇ ਪ੍ਰਤੀਨਿਧੀਆਂ ਨੇ ਜਸਟਿਨ ਟਰੂਡੋ ਅਤੇ ਉਨ੍ਹਾਂ ਦੇ ਸਮਰਥਕਾਂ ਉਮੀਦਵਾਰਾਂ ਨੂੰ ਚੋਣ ਵਿਚ ਜਿਤਵਾਉਣ ਲਈ ਸਮਰਥਨ ਦਿੱਤਾ ਸੀ ਅਤੇ ਕੰਜ਼ਰਵੇਟਿਵ ਪਾਰਟੀ ਦੇ ਲੋਕਾਂ ਨੂੰ ਹਰਾਉਣ ਲਈ ਕੰਮ ਕੀਤਾ ਸੀ।

# ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਗਜ਼ਨਵੀ ਫੋਰਸ 'ਤੇ ਪਾਬੰਦੀ

**ਨਵੀਂ ਦਿੱਲੀ, (ਪੰਜਾਬ ਮੇਲ)-** ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ ਗਜ਼ਨਵੀ ਫੋਰਸ



**ਹਰਵਿੰਦਰ ਸਿੰਘ ਸੰਧੂ ਉਰਫ਼ ਰਿੰਦਾ**

(ਜੇ.ਕੇ.ਜੀ.ਐੱਫ.) 'ਤੇ ਪਾਬੰਦੀ ਲਾ ਦਿੱਤੀ ਹੈ। ਪਾਬੰਦੀ ਅੱਤਵਾਦ ਵਿਰੋਧੀ ਕਾਨੂੰਨ ਦੀਆਂ ਸਖ਼ਤ ਧਾਰਾਵਾਂ ਤਹਿਤ ਲਾਈ ਗਈ ਹੈ। ਲਸ਼ਕਰ-ਏ-ਤਇਬਾ ਤੇ ਜੈਸ਼-ਏ-ਮੁਹੰਮਦ ਜਿਹੀਆਂ ਦਹਿਸ਼ਤੀ ਜਥੇਬੰਦੀਆਂ ਦੇ ਕੇਡਰਾਂ ਵਿਚੋਂ ਹੀ ਜੇ.ਕੇ.ਜੀ.ਐੱਫ. ਦਾ ਗਠਨ ਕੀਤਾ ਗਿਆ ਸੀ। ਇਸ ਦੇ ਨਾਲ ਹੀ ਇਕ ਵੱਖਰੇ ਨੋਟੀਫਿਕੇਸ਼ਨ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਵਸਨੀਕ ਹਰਵਿੰਦਰ ਸਿੰਘ ਸੰਧੂ ਉਰਫ਼ ਰਿੰਦਾ ਨੂੰ ਦਹਿਸ਼ਤਗਰਦ ਐਲਾਨ ਦਿੱਤਾ ਹੈ। ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਜੇ.ਕੇ.ਜੀ.ਐੱਫ. ਦੀ ਘੁਸਪੈਠ ਦੀਆਂ ਕੋਸ਼ਿਸ਼ਾਂ, ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ, ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਦਹਿਸ਼ਤੀ ਹਮਲਿਆਂ ਵਿਚ ਸ਼ਮੂਲੀਅਤ ਸੀ ਤੇ ਜਥੇਬੰਦੀ ਸੁਰੱਖਿਆ ਬਲਾਂ ਲਈ ਵੱਡੀ ਵੰਗਾਰ ਸੀ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਜੇ.ਕੇ.ਜੀ.ਐੱਫ. ਨੇ ਆਪਣੇ ਸੰਗਠਨ ਵਿਚ ਲਸ਼ਕਰ-ਏ-ਤਇਬਾ, ਜੈਸ਼-ਏ-ਮੁਹੰਮਦ, ਤਹਿਰੀਕ-ਉਲ-ਮੁਜਾਹਿਦੀਨ, ਹਰਕਤ-ਉਲ-ਜੇਹਾਦ-ਏ-ਇਸਲਾਮੀ ਤੇ ਹੋਰਨਾਂ ਜਥੇਬੰਦੀਆਂ ਤੋਂ ਆਏ ਮੈਂਬਰਾਂ ਨੂੰ ਥਾਂ ਦਿੱਤੀ ਸੀ।

ਗ੍ਰਹਿ ਮੰਤਰਾਲੇ ਨੇ ਕਿਹਾ ਕਿ ਜੇ.ਕੇ.ਜੀ.ਐੱਫ. ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਭਾਰਤ ਖਿਲਾਫ ਦਹਿਸ਼ਤੀ ਸੰਗਠਨਾਂ 'ਚ ਸ਼ਾਮਲ ਹੋਣ ਲਈ ਉਕਸਾਉਣ ਵਾਸਤੇ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰ ਰਿਹਾ ਹੈ। ਮੰਤਰਾਲੇ ਨੇ ਕਿਹਾ ਕਿ ਦਹਿਸ਼ਤੀ ਜਥੇਬੰਦੀ ਦੇਸ਼ ਦੀ ਪ੍ਰਭੂਸੱਤਾ ਤੇ ਕੌਮੀ ਸੁਰੱਖਿਆ ਲਈ ਘਾਤਕ ਹੈ ਤੇ ਕਈ ਦਹਿਸ਼ਤੀ ਸਰਗਰਮੀਆਂ 'ਚ ਸ਼ਾਮਲ ਹੈ। ਨੋਟੀਫਿਕੇਸ਼ਨ ਮੁਤਾਬਕ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ ਤਹਿਤ ਮਿਲੀਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ ਜੇ.ਕੇ.ਜੀ.ਐੱਫ. ਨੂੰ ਦਹਿਸ਼ਤੀ ਸੰਗਠਨ ਐਲਾਨਿਆ ਗਿਆ ਹੈ। ਇਹ ਪਾਬੰਦੀ ਜੇ.ਕੇ.ਜੀ.ਐੱਫ. ਤੇ ਇਸ ਨਾਲ ਜੁੜੀਆਂ ਸਾਰੀਆਂ ਸੰਸਥਾਵਾਂ 'ਤੇ ਲਾਗੂ ਹੋਵੇਗੀ। ਜੇ.ਕੇ.ਜੀ.ਐੱਫ. 43ਵਾਂ ਸਮੂਹ ਹੈ, ਜਿਸ ਨੂੰ ਅੱਤਵਾਦ ਵਿਰੋਧੀ ਕਾਨੂੰਨ ਤਹਿਤ ਗੈਰਕਾਨੂੰਨੀ ਐਲਾਨਿਆ ਗਿਆ ਹੈ।

**■ ਹਰਵਿੰਦਰ ਸਿੰਘ ਸੰਧੂ ਉਰਫ਼ ਰਿੰਦਾ ਨੂੰ ਦਹਿਸ਼ਤਗਰਦ ਐਲਾਨਿਆ**

ਉਧਰ ਸੰਧੂ ਉਰਫ਼ ਰਿੰਦਾ, ਜੋ ਪੰਜਾਬ ਨਾਲ ਸਬੰਧਤ ਹੈ ਤੇ ਇਸ ਵੇਲੇ ਲਾਹੌਰ ਵਿਚ ਹੈ, ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਜੁੜਿਆ ਹੋਇਆ ਹੈ। ਮੰਤਰਾਲੇ ਨੇ ਰਿੰਦਾ ਨੂੰ ਦਹਿਸ਼ਤਗਰਦ ਐਲਾਨਿਆ ਹੈ। ਰਿੰਦਾ, ਸਾਲ 2021 ਵਿਚ ਪੰਜਾਬ ਪੁਲਿਸ ਦੇ ਮੁਹਾਲੀ ਸਥਿਤ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਰਾਕੇਟ ਹਮਲੇ ਦੇ ਮੁੱਖ ਸਾਜ਼ਿਸ਼ਘਾੜਿਆਂ ਵਿਚੋਂ ਇਕ ਹੈ। ਇੰਟਰਪੋਲ ਉਸ ਖਿਲਾਫ਼ ਰੈੱਡ ਕਾਰਨਰ ਨੋਟਿਸ ਪਹਿਲਾਂ ਹੀ ਜਾਰੀ ਕਰ ਚੁੱਕਾ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਹਰਵਿੰਦਰ ਸਿੰਘ ਸੰਧੂ ਪਾਕਿਸਤਾਨ ਅਧਾਰਿਤ ਦਹਿਸ਼ਤੀ ਸਮੂਹਾਂ ਨਾਲ ਸਿੱਧੇ ਤੌਰ 'ਤੇ ਜੁੜਿਆ ਸੀ ਤੇ ਉਹ ਸਰਹੱਦ ਪਾਰੋਂ ਹੁੰਦੀ ਹਥਿਆਰਾਂ, ਗੋਲੀਸਿੱਕੇ ਤੇ ਫੌਜੀ ਸਾਜ਼ੋ-ਸਮਾਨ ਦੀ ਤਸਕਰੀ ਵਿਚ ਸ਼ਾਮਲ ਸੀ। ਰਿੰਦਾ 54ਵਾਂ ਵਿਅਕਤੀ ਵਿਸ਼ੇਸ਼ ਹੈ, ਜਿਸ ਨੂੰ ਸਰਕਾਰ ਨੇ ਦਹਿਸ਼ਤਗਰਦ ਐਲਾਨਿਆ ਗਿਆ ਹੈ।

# ਹਰਿਆਣਾ ਦੇ ਗੁਰਦੁਆਰਿਆਂ 'ਤੇ ਕਬਜ਼ਾ: ਸ਼੍ਰੋਮਣੀ ਕਮੇਟੀ ਨੇ ਜਾਂਚ ਲਈ ਪੰਜ ਮੈਂਬਰੀ ਕਮੇਟੀ ਬਣਾਈ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਕਮੇਟੀ ਨੇ ਹਰਿਆਣਾ ਵਿਚ ਗੁਰਦੁਆਰਾ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਅਤੇ ਸਿੱਖ ਮਿਸ਼ਨ ਦਫ਼ਤਰ 'ਤੇ ਕਬਜ਼ੇ ਦੇ ਮਾਮਲੇ ਦੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਬਣਾਈ ਹੈ। ਇਸ ਗੰਭੀਰ ਮਾਮਲੇ ਨੂੰ ਵਿਚਾਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਗਈ ਸੀ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਪੰਜ ਮੈਂਬਰੀ ਕਮੇਟੀ ਗੁਰਦੁਆਰੇ ਵਿਚ ਵਾਪਰੀ ਘਟਨਾ ਦਾ ਜਾਇਜ਼ਾ ਲਵੇਗੀ। ਕਮੇਟੀ ਦੀ ਰਿਪੋਰਟ ਮਗਰੋਂ ਸ੍ਰੀ ਅਕਾਲ ਤਖ਼ਤ ਨੂੰ ਅਗਲੇਰੀ ਕਾਰਵਾਈ ਲਈ ਅਪੀਲ ਕੀਤੀ ਜਾਵੇਗੀ। ਪੰਜ ਮੈਂਬਰੀ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰਾ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਅੰਤ੍ਰਿੰਗ ਮੈਂਬਰ ਜਰਨੈਲ ਸਿੰਘ ਕਰਤਾਰਪੁਰ ਅਤੇ ਬਾਵਾ ਸਿੰਘ ਗੁਮਾਨਪੁਰਾ ਸ਼ਾਮਲ ਹਨ। ਅੰਤ੍ਰਿੰਗ ਕਮੇਟੀ ਨੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ 'ਚ ਕਬਜ਼ੇ ਲਈ ਕੀਤੀ ਗਈ ਧੱਕੇਸ਼ਾਹੀ ਅਤੇ ਸਿੱਖ ਮਰਿਆਦਾ ਦੀ ਉਲੰਘਣਾ ਦਾ ਸਖ਼ਤ ਨੋਟਿਸ ਲੈਂਦਿਆਂ ਹਰਿਆਣਾ ਸਰਕਾਰ ਨੂੰ ਗੁਰਦੁਆਰਾ ਪ੍ਰਬੰਧਾਂ 'ਚ ਦਖ਼ਲ ਬੰਦ ਕਰਨ ਦੀ ਤਾੜਨਾ ਕੀਤੀ ਹੈ।

**■ 'ਹਰਿਆਣਾ ਸਰਕਾਰ ਗੁਰਦੁਆਰਿਆਂ ਦੇ ਪ੍ਰਬੰਧਾਂ 'ਚ ਦਖ਼ਲਅੰਦਾਜ਼ੀ ਬੰਦ ਕਰੇ'**


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann

CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA

Certified Insurance Agent

Designed By Punjab Mail USA

Ph.: (916) 900-2000

# ਚੀਨ ਦੇ ਵਿਗਿਆਨੀ 4 ਸਾਲਾਂ ਤੋਂ ਚਲਾ ਰਹੇ ਜਾਸੂਸੀ ਮਿਸ਼ਨ 'ਕਲਾਊਡ ਚੇਜਰ'!

**ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ**-ਬ੍ਰਿਟੇਨ ਦੇ ਖੁਫੀਆ ਪ੍ਰਮੁੱਖਾਂ ਨੇ ਵੱਡਾ ਖੁਲਾਸਾ ਕੀਤਾ ਹੈ। ਪ੍ਰਮੁੱਖਾਂ ਮੁਤਾਬਕ ਚੀਨ ਨੇ ਪਿਛਲੇ ਚਾਰ ਸਾਲਾਂ 'ਚ ਦੁਨੀਆਂ ਭਰ ਵਿਚ ਜਾਸੂਸੀ ਨੂੰ ਲਗਭਗ ਸੱਤ ਗੁਣਾ ਤੱਕ ਵਧਾ ਦਿੱਤਾ ਹੈ। ਹੁਣ ਮਨੁੱਖੀ ਜਾਸੂਸੀ ਨੂੰ ਘਟਾ ਕੇ ਚੀਨ ਹੈਕਿੰਗ ਕਰਕੇ ਟੈਕਨਾਲੋਜੀ ਚੋਰੀ ਕਰ ਰਿਹਾ ਹੈ। ਅਮਰੀਕੀ ਖੁਫੀਆ ਏਜੰਸੀ ਐੱਫ.ਬੀ.ਆਈ. ਦੇ ਡਾਇਰੈਕਟਰ ਕ੍ਰਿਸਟੋਫਰ ਵੇਅ ਅਤੇ ਬ੍ਰਿਟਿਸ਼ ਖੁਫੀਆ ਏਜੰਸੀ ਐੱਮ.ਆਈ.-5 ਦੇ ਡਾਇਰੈਕਟਰ ਜਨਰਲ ਕੇਨ ਮੈਕਲਮ ਨੇ ਪਹਿਲੀ ਵਾਰ ਸਾਂਝੀ ਪ੍ਰੈੱਸ ਕਾਨਫਰੰਸ ਵਿਚ ਇਹ ਸਨਸਨੀਖੇਜ਼ ਖੁਲਾਸਾ ਕੀਤਾ।

ਖੁਲਾਸੇ ਵਿਚ ਦੱਸਿਆ ਗਿਆ ਕਿ ਟੈਕਨਾਲੋਜੀ ਹੈਕਿੰਗ ਚੀਨ ਦਾ ਵੱਡਾ ਹਥਿਆਰ ਬਣ ਗਈ ਹੈ।



ਅਮਰੀਕੀ ਲੜਾਕੂ ਜਹਾਜ਼ਾਂ ਵੱਲੋਂ 4 ਸ਼ੱਕੀ ਵਸਤਾਂ ਨੂੰ ਢੇਰ ਕੀਤਾ ਗਿਆ, ਇਸ ਢੇਰ ਕੀਤੀ ਗਏ ਯੂ.ਐੱਫ.ਓ. ਵਿਚ ਇਕ ਵਿਸ਼ਾਲ ਚੀਨੀ ਗੁਬਾਰਾ ਵੀ ਸ਼ਾਮਲ ਹੈ। ਗੁਬਾਰੇ ਦੀਆਂ ਪਰਤਾਂ ਖੁੱਲ੍ਹਣ ਦੇ ਨਾਲ ਹੀ ਚੀਨ ਦੀ ਵੱਡੇ ਪੱਧਰ 'ਤੇ ਜਾਸੂਸੀ ਪ੍ਰੋਗਰਾਮ ਦੀ ਵੀ ਪੋਲ ਖੁੱਲ੍ਹਦੀ ਜਾ ਰਹੀ ਹੈ। ਚੀਨ ਦੇ ਗੁਬਾਰਾ ਜਾਸੂਸੀ ਪ੍ਰੋਗਰਾਮ ਦੇ ਪਿੱਛੇ ਏਅਰੋਨਾਟਿਕਸ ਇੰਜੀਨੀਅਰ ਪ੍ਰੋਫੈਸਰ ਯੂ ਝੇ ਦਾ ਹੱਥ ਹੈ। ਦਾਅਵਾ ਹੈ ਕਿ ਝੇ ਦੀ ਅਗਵਾਈ ਵਿਚ ਲਗਭਗ ਚਾਰ ਸਾਲ ਪਹਿਲਾਂ ਅਮਰੀਕੀ ਹਵਾਈ ਖੇਤਰ ਵਿਚ ਵੱਧ ਉੱਚਾਈ ਤੱਕ ਗੁਬਾਰੇ-ਯੂ.ਐੱਫ.ਓ. ਭੇਜੇ ਗਏ। ਪ੍ਰੋਫੈਸਰ ਝੇ ਪ੍ਰੋਗਰਾਮ ਨੂੰ ਲੈ ਕੇ ਇੰਨੇ ਉਤਸ਼ਾਹਿਤ ਹਨ ਕਿ ਉਨ੍ਹਾਂ ਨੇ ਇਸ ਮਿਸ਼ਨ ਦਾ ਨਾਂ 'ਕਲਾਊਡ ਚੇਜ਼ਰ' (ਬੱਦਲਾਂ ਦੇ ਨਾਲ ਉਡਾਣ) ਰੱਖ ਦਿੱਤਾ। 2019 ਵਿਚ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ 'ਕਲਾਊਡ ਚੇਜ਼ਰ' ਨਾਂ ਦੇ ਹਵਾਈ ਉਪਕਰਨ ਨੂੰ ਦੁਨੀਆਂ ਭਰ ਦਾ ਚੱਕਰ ਲਗਾਉਣ ਲਈ ਭੇਜਿਆ ਸੀ। ਉਦੋਂ ਉਹ 65 ਹਜ਼ਾਰ ਫੁੱਟ ਦੀ ਉੱਚਾਈ 'ਤੇ ਅਮਰੀਕਾ ਦੇ ਉਪਰੋਂ ਵੀ ਲੰਘਿਆ ਸੀ। ਅਮਰੀਕਾ ਵਿਚ ਪਿਛਲੇ ਚਾਰ ਸਾਲਾਂ ਦੌਰਾਨ ਚੀਨ ਦੇ ਹੈਕਰਾਂ ਨੇ 7 ਹਜ਼ਾਰ ਤੋਂ ਵੱਧ ਸਾਈਬਰ ਹਮਲੇ ਕੀਤੇ ਹਨ। ਇਸ ਵਿਚ ਅਰਬਾਂ ਡਾਲਰਾਂ ਦਾ ਵੀ ਗਬਨ ਕੀਤਾ ਗਿਆ।

## ਅਮਰੀਕੀ ਖੁਫੀਆ ਏਜੰਸੀ ਤੋਂ ਮਿਲੀ ਸੂਹ ਉਪਰੰਤ ਮੁੰਬਈ ਪੁਲਿਸ ਨੇ ਵਿਅਕਤੀ ਨੂੰ ਖੁਦਕੁਸ਼ੀ ਤੋਂ ਬਚਾਇਆ

**ਮੁੰਬਈ, (ਪੰਜਾਬ ਮੇਲ)-** ਮੁੰਬਈ ਪੁਲਿਸ ਨੇ ਅਮਰੀਕੀ ਖੁਫ਼ੀਆ ਏਜੰਸੀ ਤੋਂ ਮਿਲੀ ਸੂਹ ਤੋਂ ਬਾਅਦ 25 ਸਾਲਾ ਵਿਅਕਤੀ ਨੂੰ ਖ਼ੁਦਕੁਸ਼ੀ ਕਰਨ ਤੋਂ ਰੋਕ ਲਿਆ। ਇਹ ਵਿਅਕਤੀ ਗੂਗਲ 'ਤੇ 'ਬਿਨਾਂ ਦਰਦ ਦੇ ਖੁਦਕੁਸ਼ੀ ਕਿਵੇਂ ਕਰੀਏ' ਬਾਰੇ ਖੋਜ ਕਰ ਰਿਹਾ ਸੀ। ਯੂ.ਐੱਸ. ਨੈਸ਼ਨਲ ਸੈਂਟਰਲ ਬਿਊਰੋ-ਇੰਟਰਪੋਲ ਦੁਆਰਾ ਸਾਂਝੇ ਕੀਤੇ ਆਈ.ਪੀ. ਐਡਰੈੱਸ ਅਤੇ ਸਥਾਨ ਵਰਗੀਆਂ ਮਹੱਤਵਪੂਰਣ ਜਾਣਕਾਰੀਆਂ ਦੇ ਆਧਾਰ 'ਤੇ ਮੰਗਲਵਾਰ ਦੁਪਹਿਰ ਨੂੰ ਮੁੰਬਈ ਦੇ ਕੁਰਲਾ ਖੇਤਰ ਵਿਚ ਆਈ.ਟੀ. ਕੰਪਨੀ ਵਿਚ ਵਿਅਕਤੀ ਦਾ ਪਤਾ ਲਗਾਇਆ ਗਿਆ ਅਤੇ ਪੁਲਿਸ ਨੇ ਉਸਨੂੰ ਬਚਾਇਆ। ਇੱਥੋਂ ਦੇ ਜੋਗੇਸ਼ਵਰੀ ਇਲਾਕੇ ਦਾ ਰਹਿਣ ਵਾਲਾ ਅਤੇ ਪ੍ਰਾਈਵੇਟ ਕੰਪਨੀ ਵਿਚ ਆਈ.ਟੀ. ਇੰਜੀਨੀਅਰ ਵਜੋਂ ਕੰਮ ਕਰਨ ਵਾਲੇ ਨੇ ਸਿੱਖਿਆ ਅਤੇ ਹੋਰ ਲੋੜਾਂ ਲਈ ਵੱਖ-ਵੱਖ ਵਿੱਤੀ ਸੰਸਥਾਵਾਂ ਤੋਂ ਕਰਜ਼ਾ ਲਿਆ ਸੀ। ਅਧਿਕਾਰੀ ਨੇ ਕਿਹਾ ਕਿ ਉਹ ਹਾਊਸਿੰਗ ਲੋਨ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨ ਵਿਚ ਵੀ ਅਸਮਰੱਥ ਸੀ, ਜਿਸ ਤੋਂ ਬਾਅਦ ਉਹ ਡਿਪਰੈਸ਼ਨ ਵਿਚ ਚਲਾ ਗਿਆ ਅਤੇ ਆਨਲਾਈਨ ਖੋਜ ਕਰਨੀ ਸ਼ੁਰੂ ਕਰ ਦਿੱਤੀ ਕਿ ਬਿਨਾਂ ਦਰਦ ਦੇ ਖੁਦਕੁਸ਼ੀ ਕਿਵੇਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਮਰੀਕਾ ਸਥਿਤ ਏਜੰਸੀ ਨੇ ਨਵੀਂ ਦਿੱਲੀ ਸਥਿਤ ਇੰਟਰਪੋਲ ਦਫ਼ਤਰ ਨੂੰ ਇਸ ਬਾਰੇ ਸੁਚੇਤ ਕੀਤਾ, ਜਿਸ ਨੇ ਮੁੰਬਈ ਪੁਲਿਸ ਨਾਲ ਜਾਣਕਾਰੀ ਸਾਂਝੀ ਕੀਤੀ।

## ਬ੍ਰਿਟੇਨ 'ਚ ਮਹਾਮਾਰੀ ਵਾਂਗ ਵੱਧ ਰਿਹੈ ਗੰਨ ਕ੍ਰਾਈਮ


### *-ਇਕੱਲੇ ਲੰਡਨ 'ਚ ਹੀ ਹਥਿਆਰਾਂ ਦੇ ਜ਼ੋਰ 'ਤੇ ਕੀਤੇ ਅਪਰਾਧ 2500 ਫ਼ੀਸਦੀ ਵਧੇ*

**ਲੰਡਨ, (ਪੰਜਾਬ ਮੇਲ)-** ਬ੍ਰਿਟੇਨ 'ਚ ਗੰਨ ਕ੍ਰਾਈਮ ਮਹਾਮਾਰੀ ਵਾਂਗ ਵੱਧ ਰਿਹਾ ਹੈ। ਇਕੱਲੇ ਲੰਡਨ 'ਚ ਹੀ ਹਥਿਆਰਾਂ ਦੇ ਜ਼ੋਰ 'ਤੇ ਕੀਤੇ ਗਏ ਅਪਰਾਧਾਂ 'ਚ 2500 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਵੇਲਸ 'ਚ ਵੀ ਇਕ ਸਾਲ ਦੇ ਅੰਦਰ ਅਜਿਹੇ ਅਪਰਾਧਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ।

ਬ੍ਰਿਟੇਨ ਦੇ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਮੁਤਾਬਕ 2021-2022 ਦੀਆਂ ਪਹਿਲੀਆਂ ਦੋ ਤਿਮਾਹੀਆਂ ਤੇ 2022-23 ਦੀ ਤੁਲਣਾ ਕਰਨ 'ਤੇ ਪਾਇਆ ਗਿਆ ਕਿ ਇਕ ਸਾਲ ਦੀ 6 ਮਹੀਨਿਆਂ ਦੀ ਇਸ ਮਿਆਦ 'ਚ ਮਾਮਲੇ 570 ਤੋਂ ਵੱਧ ਕੇ 850 ਹੋ ਗਏ।

ਇਕੱਲੇ ਲੰਡਨ 'ਚ 237 ਮਾਮਲੇ ਦਰਜ ਕੀਤੇ ਗਏ, ਜੋ ਕਿ 2533 ਫ਼ੀਸਦੀ ਦਾ ਵਾਧਾ ਹੈ। ਪਿਛਲੇ ਸਾਲ ਦੀ ਇਸ ਮਿਆਦ 'ਚ ਲੰਡਨ 'ਚ ਸਿਰਫ 9 ਮਾਮਲੇ ਆਏ ਸਨ। ਇਸ ਤੋਂ ਇਲਾਵਾ ਚਾਕੂ ਨਾਲ ਜੁੜੇ ਅਪਰਾਧਾਂ 'ਚ ਵੀ ਬ੍ਰਿਟੇਨ 'ਚ 15 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਵਾਹਨ ਚੋਰੀ ਦੇ ਮਾਮਲਿਆਂ 'ਚ 31 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ। ਲੰਡਨ 'ਚ ਜਿਥੇ 2533 ਫ਼ੀਸਦੀ ਦੇ ਵਾਧੇ ਨਾਲ 237 ਮਾਮਲੇ ਦਰਜ ਕੀਤੇ ਗਏ, ਉਥੇ ਏਸੈਕਸ 'ਚ 81 ਫ਼ੀਸਦੀ ਦੇ ਵਾਧੇ ਨਾਲ 58, ਵੈਸਟ ਯਾਰਕਸ਼ਾਇਰ 'ਚ 147 ਫ਼ੀਸਦੀ ਦੇ ਵਾਧੇ ਨਾਲ 37 ਤੇ ਕੈਂਟ 'ਚ 130 ਫ਼ੀਸਦੀ ਦੇ ਵਾਧੇ ਨਾਲ 46 ਮਾਮਲੇ ਦਰਜ ਹੋਏ ਹਨ।

## ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਵੱਲੋਂ ਆਪਣੀ ਪੁਸਤਕ 'ਕੰਡਿਆਰੇ ਪੰਧ' ਡਾ. ਇੰਦਰਵੀਰ ਸਿੰਘ ਨੂੰ ਭੇਂਟ



**ਮੋਗਾ, (ਹਰਦਮ ਮਾਨ/ਪੰਜਾਬ ਮੇਲ)**-ਸਰੀ ਵਿਚ ਵਸਦੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਇਨ੍ਹੀਂ ਦਿਨੀਂ ਪੰਜਾਬ ਆਏ ਹੋਏ ਹਨ ਅਤੇ ਮੋਗਾ ਵਿਖੇ ਆਪਣੇ ਪੁੱਤਰ ਨਵਨੀਤ ਸਿੰਘ ਸੇਖਾ ਕੋਲ ਠਹਿਰੇ ਹੋਏ ਹਨ। ਉਨ੍ਹਾਂ ਦੀ ਆਮਦ ਦਾ ਪਤਾ ਲੱਗਦਿਆਂ ਬੀਤੇ ਦਿਨੀਂ ਉੱਘੇ ਟਰੇਡ ਯੂਨੀਨਿਸਟ, ਕਮਿਊਨਿਸਟ ਤੇ ਅਧਿਆਪਕ ਆਗੂ ਮਰਹੂਮ ਰਣਧੀਰ ਸਿੰਘ ਗਿੱਲ ਦੇ ਸਪੁੱਤਰ ਡਾਕਟਰ ਇੰਦਰਵੀਰ ਸਿੰਘ ਗਿੱਲ (ਐੱਸ.ਐੱਮ.ਓ. ਡਰੋਲੀ ਭਾਈ) ਉਨ੍ਹਾਂ ਨੂੰ ਮਿਲਣ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਗਏ। ਜਰਨੈਲ ਸਿੰਘ ਸੇਖਾ ਨੇ ਉਨ੍ਹਾਂ ਨਾਲ ਰਣਧੀਰ ਸਿੰਘ ਗਿੱਲ ਦੇ ਸਦੀਵੀ ਵਿਛੋੜੇ ਦਾ ਦੁੱਖ ਸਾਂਝਾ ਕੀਤਾ ਅਤੇ ਉਨ੍ਹਾਂ ਦੇ ਟਰੇਡ ਯੂਨੀਅਨ ਸਬੰਧੀ ਕਾਰਜਾਂ ਸਬੰਧੀ ਗੱਲਬਾਤ ਕੀਤੀ ਅਤੇ ਉਨ੍ਹਾਂ ਨਾਲ ਜੁੜੀਆਂ ਆਪਣੀਆਂ ਯਾਦਾਂ ਤਾਜ਼ਾ ਕੀਤੀਆਂ।

ਇਸ ਗੱਲਬਾਤ ਦੌਰਾਨ ਸਾਹਿਤ ਸਬੰਧੀ ਚਰਚਾ ਵੀ ਹੋਈ ਅਤੇ ਸ. ਸੇਖਾ ਨੇ ਆਪਣੀਆਂ ਕਹਾਣੀਆਂ ਅਤੇ ਨਾਵਲਾਂ ਬਾਰੇ ਵਿਸਥਾਰ ਵਿਚ ਦੱਸਿਆ ਅਤੇ ਆਪਣੀ ਸਵੈ-ਜੀਵਨੀ 'ਕੰਡਿਆਰੇ ਪੰਧ' ਦੀ ਇਕ ਕਾਪੀ ਡਾ. ਇੰਦਰਵੀਰ ਸਿੰਘ ਨੂੰ ਭੇਂਟ ਕੀਤੀ। ਇਸ ਮੌਕੇ ਨਵਨੀਤ ਸਿੰਘ ਸੇਖਾ ਅਤੇ ਹਰਦਮ ਮਾਨ ਵੀ ਮੌਜੂਦ ਸਨ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com



# ਪੰਜਾਬੀ ਪਿਆਰਿਆਂ ਨੇ ਫਗਵਾੜਾ ਵਿਖੇ ਪੰਜਾਬੀ ਮਾਂ ਬੋਲੀ ਚੇਤਨਾ ਮਾਰਚ ਕੱਢਿਆ

■ ਲੋਕਾਂ ਨੂੰ ਆਪਣੇ ਕਾਰੋਬਾਰੀ ਬੋਰਡ ਪੰਜਾਬੀ 'ਚ ਲਿਖਣੇ ਚਾਹੀਦੇ ਹਨ- ਡਾ: ਨਯਨ ਜੱਸਲ ਏ.ਡੀ.ਸੀ.



ਫਗਵਾੜਾ ਵਿਖੇ ਪੰਜਾਬੀ ਮਾਂ ਬੋਲੀ ਚੇਤਨਾ ਮਾਰਚ ਦੀ ਸ਼ੁਰੂਆਤ ਕਰਦੇ ਹੋਏ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ, ਜੋਗਿੰਦਰ ਸਿੰਘ ਮਾਨ ਸਾਬਕਾ ਮੰਤਰੀ ਅਤੇ ਸੰਤ ਗੁਰਬਚਨ ਸਿੰਘ ਪੰਡਵਾ। ਨਾਲ ਖੜ੍ਹੇ ਹਨ ਜਸਵੰਤ ਸਿੰਘ ਗੰਡਮ, ਪਿੰਦੂ ਜੌਹਲ ਅਮਰੀਕਾ, ਤਰਨਜੀਤ ਕਿੰਨੜਾ, ਸਤਬੀਰ ਸਿੰਘ ਵਾਲੀਆ ਅਤੇ ਹੋਰ।



ਪੰਜਾਬੀ ਮਾਂ ਬੋਲੀ ਮਾਰਚ ਨੂੰ ਸੰਬੋਧਨ ਕਰਦੇ ਹੋਏ ਡਾ: ਨਯਨ ਜੱਸਲ ਕਮਿਸ਼ਨਰ ਫਗਵਾੜਾ ਮਿਊਂਸਪਲ ਕਾਰਪੋਰੇਸ਼ਨ।

**ਫਗਵਾੜਾ, (ਪੰਜਾਬ ਮੇਲ)-** ਅੰਤਰਰਾਸ਼ਟਰੀ ਮਾਂ ਬੋਲੀ ਦਿਵਸ 'ਤੇ ਪੰਜਾਬੀ ਮਾਂ ਬੋਲੀ ਪ੍ਰਤੀ ਚੇਤਨਾ ਮਾਰਚ ਬਲੱਡ ਬੈਂਕ, ਗੁਰੂ ਹਰਿਗੋਬਿੰਦ ਨਗਰ, ਫਗਵਾੜਾ ਤੋਂ ਸ਼ੁਰੂ ਹੋ ਕੇ ਸੈਂਟਰ ਟਾਊਨ, ਗੁੜ ਮੰਡੀ, ਗਾਂਧੀ ਚੌਕ, ਸਰਾਫਾ ਬਜ਼ਾਰ, ਗਊਸ਼ਾਲਾ ਰੋਡ, ਝਟਕਈ ਚੌਕ, ਰੇਲਵੇ ਰੋਡ ਤੋਂ ਹੁੰਦਾ ਹੋਇਆ ਟਾਊਨ ਹਾਲ ਫਗਵਾੜਾ ਵਿਖੇ ਪਹੁੰਚਿਆ, ਜਿਸ ਵਿਚ ਸ਼ਹਿਰ ਦੀਆਂ ਪੰਜਾਬੀ ਸਾਹਿਤਕ, ਸੱਭਿਆਚਾਰਕ, ਧਾਰਮਿਕ, ਸਮਾਜਿਕ ਸੰਸਥਾਵਾਂ ਦੇ ਕਾਰਕੁੰਨਾਂ ਅਤੇ ਸਕੂਲ ਵਿਦਿਆਰਥੀਆਂ ਨੇ ਹਿੱਸਾ ਲਿਆ। ਪੰਜਾਬੀ ਕਲਾ ਅਤੇ ਸਾਹਿਤ ਕੇਂਦਰ, ਸੰਗੀਤ ਦਰਪਨ ਅਤੇ ਪੰਜਾਬੀ ਵਿਰਸਾ ਟਰੱਸਟ ਦੀ ਪਹਿਲਕਦਮੀ 'ਤੇ ਵੱਖੋ-ਵੱਖਰੀਆਂ ਸੰਸਥਾਵਾਂ ਦੀ ਸਹਾਇਤਾ ਨਾਲ ਇਹ ਮਾਰਚ ਕੱਢਿਆ ਗਿਆ। ਮਾਰਚ 'ਚ ਹਾਜ਼ਰ ਲੋਕਾਂ ਨੇ ਪੰਜਾਬੀ ਮਾਂ ਬੋਲੀ ਪ੍ਰਤੀ ਚੇਤਨਾ ਪੈਦਾ ਕਰਨ ਲਈ ਬੈਨਰ ਅਤੇ ਤਖਤੀਆਂ ਚੁੱਕੀਆਂ ਹੋਈਆਂ ਸਨ, ਜਿਨ੍ਹਾਂ ਵਿਚ ਮਾਂ ਬੋਲੀ ਦਾ ਸਤਿਕਾਰ ਕਰੋ, ਪੰਜਾਬ, ਪੰਜਾਬੀ, ਪੰਜਾਬੀਅਤ ਦਾ ਮਾਣ ਸਾਡੀ ਮਾਂ ਬੋਲੀ ਪੰਜਾਬੀ, ਪੰਜਾਬ ਦਾ ਮਹਾਨ ਵਿਰਸਾ- ਮਾਂ ਬੋਲੀ ਪੰਜਾਬੀ, ਪੰਜਾਬੀ ਬੋਲੀ ਸਭ ਧਰਮਾਂ ਦੀ ਭਾਸ਼ਾ ਹੈ, ਦੇਖਿਓ ਪੰਜਾਬੀਓ, ਪੰਜਾਬੀ ਨਾ ਭੁਲਾ ਦਿਓ,ਪੰਜਾਬੀ ਮੇਰੀ ਜਾਨ ਵਰਗੀ, ਪੰਜਾਬੀ ਮੇਰੀ ਪਹਿਚਾਣ ਵਰਗੀ ਆਦਿ ਬੈਨਰਾਂ ਨਾਲ ਬਜ਼ਾਰਾਂ ਵਿਚ ਲੋਕਾਂ ਨੂੰ ਆਪਣੇ ਕਾਰੋਬਾਰ ਦੀਆਂ ਤਖਤੀਆਂ ਪੰਜਾਬੀ 'ਚ ਲਿਖਣ ਲਈ ਪ੍ਰੇਰਿਆ ਗਿਆ। ਇਸ ਮਾਰਚ ਨੂੰ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ, ਆਮ ਆਦਮੀ ਪਾਰਟੀ ਦੇ ਇਲਾਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਅਤੇ ਸੰਤ ਬਾਬਾ ਗੁਰਬਚਨ ਸਿੰਘ ਪੰਡਵਾ ਨੇ ਹਰੀ ਝੰਡੀ ਦਿੱਤੀ । ਮਾਰਚ ਦੇ ਟਾਊਨ ਹਾਲ ਫਗਵਾੜਾ ਵਿਖੇ ਪਹੁੰਚਣ 'ਤੇ ਡਾ: ਨਯਨ ਜੱਸਲ ਏ.ਡੀ.ਸੀ. ਫਗਵਾੜਾ ਕਮ ਕਮਿਸ਼ਨਰ ਮਿਊਂਸੀਪਲ ਕਾਰਪੋਰੇਸ਼ਨ ਨੇ ਮਾਰਚ ਨੂੰ ਸੰਬੋਧਨ ਕੀਤਾ ਅਤੇ ਲੋਕਾਂ ਨੂੰ ਪੰਜਾਬੀ ਦੀ ਵਰਤੋਂ ਕਰਨ ਅਤੇ ਆਪਣੇ ਕਾਰੋਬਾਰੀ ਬੋਰਡ ਪੰਜਾਬੀ 'ਚ ਲਿਖਣ ਦਾ ਸੰਦੇਸ਼ ਦਿੱਤਾ।

ਪ੍ਰੋ: ਜਸਵੰਤ ਸਿੰਘ ਗੰਡਮ ਨੇ ਇਸ ਮੌਕੇ ਪੰਜਾਬੀ ਮਾਂ ਬੋਲੀ ਦੀ ਮਹੱਤਤਾ ਬਾਰੇ ਦੱਸਦਿਆਂ "ਮੇਰਾ ਦਾਗਿਸਤਾਨ" ਪੁਸਤਕ ਦਾ ਵਰਨਣ ਕੀਤਾ। ਉਨ੍ਹਾਂ ਨੇ ਮਾਂ ਬੋਲੀ ਪੰਜਾਬੀ ਸਬੰਧੀ ਗੱਲ ਕਰਦਿਆਂ ਕਿਹਾ ਕਿ ਕੋਈ ਵੀ ਬੋਲੀ ਸਿੱਖਣਾ ਮਾੜਾ ਨਹੀਂ ਹੈ, ਪਰ ਆਪਣੀ ਮਾਂ ਬੋਲੀ ਨੂੰ ਭੁੱਲਣਾ ਨਿੰਦਣਯੋਗ ਹੈ। ਮਾਰਚ 'ਚ ਬੋਲਦਿਆਂ ਐਡਵੋਕੇਟ ਐੱਸ.ਐੱਲ. ਵਿਰਦੀ ਨੇ ਕਿਹਾ ਕਿ ਆਪਣੀ ਮਾਂ ਬੋਲੀ ਨੂੰ ਭੁਲਾਉਣਾ ਨਹੀਂ ਚਾਹੀਦਾ ਅਤੇ ਇਸਨੂੰ ਆਪਣੀ ਕਾਰੋਬਾਰੀ ਬੋਲੀ ਬਨਾਉਣਾ ਚਾਹੀਦਾ ਹੈ। ਹਾਜ਼ਰੀਨ ਵੱਖੋ-ਵੱਖਰੀਆਂ ਸ਼ਖ਼ਸੀਅਤਾਂ ਨੇ ਪੰਜਾਬ 'ਚ ਪੰਜਾਬੀ ਨੂੰ ਬਣਦਾ ਸਥਾਨ ਦੇਣ, ਅਦਾਲਤਾਂ 'ਚ ਪੰਜਾਬੀ ਬੋਲੀ ਲਾਗੂ ਕਰਨ, ਪੰਜਾਬੀ ਬੋਲੀ ਦੀ ਪ੍ਰਫੁੱਲਤਾ ਲਈ ਕਮਿਸ਼ਨ ਬਨਾਉਣ ਦੀਆਂ ਮੰਗਾਂ ਨੂੰ ਲੈਕੇ ਨਾਹਰੇ ਲਾਏ ਗਏ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਤਰਨਜੀਤ ਸਿੰਘ ਕਿੰਨੜਾ, ਰਵਿੰਦਰ ਚੋਟ, ਐਡਵੋਕੇਟ ਐੱਸ.ਐੱਲ.ਵਿਰਦੀ, ਸੰਤ ਹਰਦੇਵ ਸਿੰਘ ਨਾਮਧਾਰੀ, ਪਰਵਿੰਦਰ ਜੀਤ ਸਿੰਘ, ਜੀ.ਐੱਸ. ਮਲਵਈ, ਸਾਧੂ ਸਿੰਘ ਜੱਸਲ, ਹਰਮੇਸ਼ ਪਾਠਕ, ਅਸ਼ੋਕ ਮਹਿਰਾ, ਬੰਸੋ ਦੇਵੀ, ਗੁਰਮੀਤ ਸਿੰਘ ਰੱਤੂ, ਰਜੇਸ਼ ਪਲਟਾ ਸ਼ਿਵ ਸੈਨਾ, ਇੰਦਰਜੀਤ ਕਰਵਲ ਸ਼ਿਵ ਸੈਨਾ, ਗੁਰਜੀਤ ਵਾਲੀਆ, ਪਿੰਦੂ ਜੌਹਲ, ਹਰੀਪਾਲ ਸਿੰਘ, ਦੀਪਕ ਕੋਹਲੀ, ਅਜੀਤ ਸਿੰਘ ਵਾਲੀਆ, ਸਤਬੀਰ ਸਿੰਘ ਵਾਲੀਆ ਜਸਵਿੰਦਰ ਸਿੰਘ ਭਗਤਪੁਰ, ਆਰੀਆ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਬੈਂਡ ਸਮੇਤ, ਐੱਸ.ਡੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਆਦਿ ਸ਼ਾਮਲ ਸਨ। ਸੁਖਮਣੀ ਸੇਵਾ ਸੁਸਾਇਟੀ ਵਲੋਂ ਮਾਰਚ ਵਿਚ ਰਿਫਰੈਸ਼ਮੈਂਟ ਅਤੇ ਪਾਣੀ ਦੀ ਸੇਵਾ ਕੀਤੀ ਗਈ ਅਤੇ ਇਸ ਸੁਸਾਇਟੀ ਦੇ ਵੱਡੀ ਗਿਣਤੀ 'ਚ ਮੈਂਬਰ ਮਾਰਚ 'ਚ ਸ਼ਾਮਲ ਹੋਏ।

# ਪੁਸਤਕ ਮੇਲੇ ਵਿਚ 'ਅਦਬਨਾਮਾ : ਖਾਲਸਾ ਕਾਲਜ ਅੰਮ੍ਰਿਤਸਰ' ਲੋਕ ਅਰਪਣ



ਪੁਸਤਕ ਲੋਕ ਅਰਪਣ ਕਰਦੇ ਹੋਏ ਕੁਲਦੀਪ ਸਿੰਘ, ਡਾ. ਆਤਮ ਰੰਧਾਵਾ, ਡਾ. ਪਰਮਜੀਤ ਸਿੰਘ ਢੀਂਗਰਾ, ਆਰਟਿਸਟ ਸਿਧਾਰਥ, ਪ੍ਰਿੰ. ਕੁਲਵੰਤ ਸਿੰਘ ਅਣਖੀ, ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰਿੰ ਮਹਿਲ ਸਿੰਘ ਭੁਲਰ, ਡਾ. ਸੁਰਜੀਤ ਸਿੰਘ, ਭੁਪਿੰਦਰ ਮੱਲੀ, ਡਾ. ਗੁਰਮੁਖ ਸਿੰਘ, ਡਾ. ਅਮਰਜੀਤ ਸਿੰਘ।

**ਅੰਮ੍ਰਿਤਸਰ, (ਪੰਜਾਬ ਮੇਲ)-** ਖਾਲਸਾ ਕਾਲਜ ਅੰਮ੍ਰਿਤਸਰ ਦੇ ਖੁੱਲ੍ਹੇ ਵਿਹੜੇ ਵਿਚ ਮਨਾਏ ਜਾ ਰਹੇ ਅੰਮ੍ਰਿਤਸਰ ਸਾਹਿਤ ਉਤਸਵ ਤੇ ਪੁਸਤਕ ਮੇਲੇ 2023 ਵਿਚ ਡਾ. ਜਸਬੀਰ ਸਿੰਘ ਸਰਨਾ ਤੇ ਡਾ. ਚਰਨਜੀਤ ਸਿੰਘ ਗੁਮਟਾਲਾ ਦੁਆਰਾ ਸੰਪਾਦਿਤ ਤੇ ਆਜ਼ਾਦ ਬੁੱਕ ਡੀਪੂ, ਹਾਲ ਬਜ਼ਾਰ, ਅੰਮ੍ਰਿਤਸਰ ਦੁਆਰਾ ਪ੍ਰਕਾਸ਼ਿਤ ਤੇ ਪ੍ਰਿੰਟਵੈਲ ਪ੍ਰੈੱਸ ਵੱਲੋਂ ਖ਼ੂਬਸੂਰਤ ਟਾਇਟਲ ਵਾਲੀ ਛਾਪੀ ਪੁਸਤਕ 'ਅਦਬਨਾਮਾ : ਖਾਲਸਾ ਕਾਲਜ ਅੰਮ੍ਰਿਤਸਰ' ਲੋਕ ਅਰਪਣ ਕੀਤੀ ਗਈ। ਇਹ ਰਸਮ ਬੀਤੇ ਦਿਨੀਂ ਕੁਲਦੀਪ ਸਿੰਘ, ਡਾ. ਆਤਮ ਰੰਧਾਵਾ, ਡਾ. ਪਰਮਜੀਤ ਸਿੰਘ ਢੀਂਗਰਾ, ਆਰਟਿਸਟ ਸਿਧਾਰਥ, ਪ੍ਰਿੰ. ਕੁਲਵੰਤ ਸਿੰਘ ਅਣਖੀ, ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰਿੰਸੀਪਲ ਡਾ. ਮਹਿਲ ਸਿੰਘ ਭੁੱਲਰ, ਡਾ. ਸੁਰਜੀਤ ਸਿੰਘ, ਭੁਪਿੰਦਰ ਸਿੰਘ ਮੱਲੀ, ਡਾ. ਗੁਰਮੁੱਖ ਸਿੰਘ ਪੰਜਾਬੀ ਯੂਨੀਵਰਸਿਟੀ ਤੇ ਡਾ. ਅਮਰਜੀਤ ਸਿੰਘ ਗਰੇਵਾਲ ਨੇ ਅਦਾ ਕੀਤੀ।

ਇਸ ਪੁਸਤਕ ਵਿਚ ਕਾਲਜ ਦੇ ਉਨ੍ਹਾਂ ਨਾਮਵਰ ਅਧਿਆਪਕਾਂ ਅਤੇ ਵਿਦਿਆਰਥੀਆਂ ਜਿਨ੍ਹਾਂ ਨੇ ਸਾਹਿਤਕ ਖੇਤਰ ਵਿਚ ਮੱਲ੍ਹਾਂ ਮਾਰੀਆਂ ਹਨ, ਦੀ ਸੰਖੇਪ ਵਿਚ ਜੀਵਨੀ ਤੇ ਉਨ੍ਹਾਂ ਦੁਆਰਾ ਲਿਖੀਆਂ ਪੁਸਤਕਾਂ ਦਾ ਵੇਰਵਾ ਦਿੱਤਾ ਗਿਆ ਹੈ। ਇਨ੍ਹਾਂ ਵਿਚ ਪ੍ਰੋ. ਗੁਰਮੁਖ ਸਿੰਘ, ਭਾਈ ਵੀਰ ਸਿੰਘ, ਗਿਆਨੀ ਬਿਸ਼ਨ ਸਿੰਘ, ਸੰਤ ਤੇਜਾ ਸਿੰਘ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਜੋਧ ਸਿੰਘ, ਪ੍ਰੋ. ਸਾਹਿਬ ਸਿੰਘ, ਭਾਈ ਸੰਤ ਰਣਧੀਰ ਸਿੰਘ, ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਸੋਹਨ ਸਿੰਘ ਜੋਸ਼, ਡਾ. ਗੰਡਾ ਸਿੰਘ, ਰੋਸ਼ਨ ਲਾਲ ਆਹੂਜਾ, ਇੰਦਰਜੀਤ ਕੌਰ ਸੰਧੂ, ਡਾ. ਦੀਵਾਨ ਸਿੰਘ , ਡਾ. ਥਾਰਨ ਆਦਿ ਲੇਖਕਾਂ ਦੀ ਸੰਖੇਪ ਵਿਚ ਜੀਵਨੀ ਤੇ ਉਨ੍ਹਾਂ ਦੁਆਰਾ ਲਿਖੀਆਂ ਪੁਸਤਕਾਂ ਦਾ ਵੇਰਵਾ ਦਿੱਤਾ ਗਿਆ ਹੈ। ਕੁਲ ਗਿਣਤੀ 208 ਹੈ।

Global Allianz
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
ਕਾਨੂੰਨੀ ਸਲਾਹਾਂ

Atul Kapoor
C.E.O
Asylum & Deportation Defense

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

KAMBOJ AYURVEDIC & HERBS
ਆਯੁਰਵੇਦਿਕ ਜੜ੍ਹੀ-ਬੂਟੀਆਂ

■ ਵਾਈ-ਬਾਦੀ ਦੇ ਰੋਗ ਜਿਵੇਂ ਲਕਵਾ, ਅਧਰੰਗ, ਜੋੜਾਂ ਦਾ ਦਰਦ, ਗਠੀਆ
■ ਗੁਪਤ ਰੋਗ ਜਿਵੇਂ ਧਾਂਤ ਪੈਣਾ, ਨਾਮਰਦੀ, ਸੁਪਨਦੋਸ਼, ਲਿਕਿਓਰੀਆ, ਮਾਂਹਵਾਰੀ ਦੀਆਂ ਖਰਾਬੀਆਂ
■ ਖ਼ੂਨ ਦੀ ਕਮੀ, ਲਿਵਰ ਦੀ ਕੋਈ ਵੀ ਖਰਾਬੀ, ਲਿਵਰ ਵਧਣਾ ਜਾਂ ਸੁੰਗੜਨਾ, ਤੇਜ਼ਾਬ ਬਣਨਾ, ਖਾਣਾ ਨਾ ਪਚਣਾ, ਭੁੱਖ ਨਾ ਲੱਗਣਾ, ਸੰਗਰਹਿਣੀ ਆਦਿ ਦੇ ਪੁਰਾਣੇ ਰੋਗ
■ ਦਿਮਾਗੀ ਖਰਾਬੀ, ਦੌਰੇ ਪੈਣਾ, ਮਿਰਗੀ, ਯਾਦਾਸ਼ਤ ਕਮਜ਼ੋਰ, ਹੱਥਾਂ-ਪੈਰਾਂ 'ਚੋਂ ਸੇਕ ਨਿਕਲਣਾ ਆਦਿ
■ ਛਾਤੀ ਦੇ ਰੋਗ ਜਿਵੇਂ ਨਿਮੋਨੀਆ, ਕਾਲੀ ਖੰਘ, ਦਮਾ ਆਦਿ
■ ਚਮੜੀ ਦੇ ਰੋਗ, ਖਾਜ, ਮੁਹਾਂਸੇ, ਛਾਈਆਂ ਆਦਿ
Open 10AM-6PM
ਕੈਂਸਰ ਦਾ ਇਲਾਜ

Kharati Kamboj
Ayurvedic Prescription
524 S. Clovis Ave, Fresno, CA 93727
559-341-9252

# ਨਿੱਕੀਆਂ ਕਰੂੰਬਲਾਂ ਦਾ ਕਮਲਜੀਤ ਨੀਲੋਂ ਵਿਸ਼ੇਸ਼ ਅੰਕ ਬਲਬੀਰ ਸੇਵਕ ਵੱਲੋਂ ਜਾਰੀ

ਮਾਹਿਲਪੁਰ, (ਪੰਜਾਬ ਮੇਲ)- ਮਾਹਿਲਪੁਰ ਦੇ ਉੱਘੇ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਵੱਲੋਂ ਪਿਛਲੇ 27 ਸਾਲ ਤੋਂ ਨਿਰੰਤਰ ਸੰਪਾਦਿਤ ਤੇ ਪ੍ਰਕਾਸ਼ਿਤ ਕੀਤਾ ਜਾਣ ਵਾਲਾ ਪੰਜਾਬੀ ਬਾਲ ਰਸਾਲਾ ਹੁਣ ਇੰਡੀਆ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੋ ਚੁੱਕਾ ਹੈ। ਇਸ ਰਸਾਲੇ ਦੇ 28 ਵੇਂ ਸਾਲ ਦਾ ਪ੍ਰਵੇਸ਼ ਅੰਕ ਕਮਲਜੀਤ ਨੀਲੋਂ ਵਿਸ਼ੇਸ਼ ਅੰਕ ਹੈ। ਇਸ ਵਿਸ਼ੇਸ਼ ਅੰਕ ਨੂੰ ਜਾਰੀ ਕਰਦਿਆਂ ਬਲਵੀਰ ਸਿੰਘ ਸੇਵਕ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕਿਹਾ ਕੀ ਪੂਰੇ ਪੰਜਾਬ ਅਤੇ ਚੰਡੀਗੜ੍ਹ ਵਿੱਚੋਂ ਪੰਜਾਬੀ ਵਿਚ ਛਪਣ ਵਾਲਾ ਇਹ ਇਕੋ-ਇਕ ਬਾਲ ਰਸਾਲਾ ਹੈ।ਇਸ ਮੌਕੇ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਪ੍ਰੋਫੈਸਰ ਡਾਕਟਰ ਦਵਿੰਦਰਜੀਤ ਕੌਰ, ਸੰਜੀਵ ਖੁਰਾਣਾ ਅਤੇ ਗੁਰਵਿੰਦਰ ਸਿੰਘ ਨੇ ਕਿਹਾ ਕਿ ਇਸ ਰਸਾਲੇ ਦੇ ਪਾਠਕ ਪੂਰੀ ਦੁਨੀਆ ਵਿਚ ਬੈਠੇ ਹਨ ਜੋ ਆਨਲਾਈਨ ਅਤੇ ਪ੍ਰਿੰਟਿੰਡ ਪੜ੍ਹਦੇ ਹਨ। ਸੁਰ ਸੰਗਮ ਵਿੱਦਿਅਕ ਟਰੱਸਟ ਵੱਲੋਂ ਪ੍ਰਿੰਸੀਪਲ ਮਨਜੀਤ ਕੌਰ ਦੀ ਅਗਵਾਈ ਹੇਠ ਆਯੋਜਿਤ ਕੀਤੇ ਗਏ ਰਲੀਜ਼ ਸਮਾਰੋਹ ਵਚ ਸਾਂਝਾ ਵਿਚਾਰ ਮੰਚ ਪੰਜਾਬ ਦੇ ਕਨਵੀਨਰ ਅਮਰਜੀਤ ਸਿੰਘ ਉਚੇਚੇ ਤੌਰ ਤੇ ਹਾਜ਼ਰ ਹੋਏ। ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਨੈਤਿਕ ਕਦਰਾਂ ਕੀਮਤਾਂ ਦਾ ਸੰਚਾਰ ਕਰਨ ਵਾਲੇ ਅਜਿਹੇ ਰਸਾਲੇ ਹਰ ਪੰਜਾਬੀ ਦੇ ਘਰ



ਵਿਚ ਹੋਣੇ ਚਾਹੀਦੇ ਹਨ । ਉਨ੍ਹਾਂ ਅੱਗੇ ਕਿਹਾ ਕਿ ਮਾਤ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਨਿੱਕੀਆਂ ਕਰੂੰਬਲਾਂ ਦਾ ਮਹੱਤਵਪੂਰਨ ਯੋਗਦਾਨ ਹੈ। ਸਾਂਝਾ ਵਿਚਾਰ ਮੰਚ ਪੰਜਾਬ ਵੱਲੋਂ ਇਸ ਰਸਾਲੇ ਨੂੰ ਘਰ-ਘਰ ਪਹੁੰਚਾਉਣ ਦਾ ਜ਼ਿੰਮਾ ਲਿਆ ਗਿਆ। ਡਾਕਟਰ ਦੇਵਿੰਦਰ ਜੀਤ ਕੌਰ ਨੇ ਕਮਲਜੀਤ ਨੀਲੋਂ ਵਿਸ਼ੇਸ਼ ਅੰਕ ਬਾਰੇ ਬੋਲਦਿਆਂ ਕਿਹਾ ਕਿ ਇਹ ਇੱਕ ਸੰਪੂਰਣ ਦਸਤਾਵੇਜ ਹੈ ਜਿਸ ਰਾਹੀਂ ਸਾਨੂੰ ਕਮਲਜੀਤ ਨੀਲੋਂ ਦੇ ਜੀਵਨ ਸੰਗਰਾਮ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਮੌਕੇ ਪੰਮੀ ਖੁਸ਼ਹਾਲਪੁਰੀ ਅਤੇ ਸੁਖਮਨ ਸਿੰਘ ਨੇ ਆਪਣੀਆਂ ਰਚਨਾਵਾਂ ਨਾਲ ਖੂਬ ਰੰਗ ਬੰਨ੍ਹਿਆ । ਇਸ ਸਮਾਰੋਹ ਵਿਚ ਹਰਭਜਨ ਸਿੰਘ ਕਾਹਲੋਂ, ਚੈਂਚਲ ਸਿੰਘ ਬੈਂਸ, ਬੱਗਾ ਸਿੰਘ ਆਰਟਿਸਟ,ਰਘਬੀਰ ਸਿੰਘ ਕਲੋਆ , ਹਰਵੀਰ ਮਾਨ, ਹਰਮਨਪ੍ਰੀਤ ਕੌਰ, ਤਾਨੀਆ ਜਾਖੂ,ਸੰਨੀ ਹੀਰ ਲੰਗੇਰੀ ਸਮੇਤ ਵਿਦਿਆਰਥੀ ਅਤੇ ਸਾਹਿਤ ਪ੍ਰੇਮੀ ਸ਼ਾਮਲ ਹੋਏ । ਸਭ ਦਾ ਧੰਨਵਾਦ ਕਰਦਿਆਂ ਕੁਲਦੀਪ ਕੌਰ ਬੈਂਸ ਨੇ ਕਿਹਾ ਕਿ ਅੱਜ ਵਿਦਿਆਰਥੀਆਂ ਨੂੰ ਨੈੱਟ ਦੇ ਜਾਲ ਤੋਂ ਬਚਾਉਣ ਲਈ ਅਜਿਹੇ ਰਸਾਲਿਆਂ ਦੀ ਬਹੁਤ ਲੋੜ ਹੈ।

ਤਸਵੀਰ :

ਨਿੱਕੀਆਂ ਕਰੂੰਬਲਾਂ ਦਾ ਕਮਲਜੀਤ ਨੀਲੋਂ ਵਿਸ਼ੇਸ਼ ਅੰਕ ਜਾਰੀ ਕਰਦੇ ਹੋਏ ਬਲਬੀਰ ਸਿੰਘ ਸੇਵਕ, ਬਲਜਿੰਦਰ ਮਾਨ, ਅਮਰਜੀਤ ਸਿੰਘ,ਸੰਜੀਵ ਖੁਰਾਣਾ, ਗੁਰਵਿੰਦਰ ਸਿੰਘ ਅਤੇ ਪ੍ਰੋਫੈਸਰ ਡਾਕਟਰ ਦੇਵਿੰਦਰਜੀਤ ਕੌਰ।

**ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ : www.punjabmailusa.com**

# ਬੰਦੀ ਸਿੰਘਾਂ ਦੀ ਰਿਹਾਈ ਦੀ ਮੁਹਿੰਮ ਦੇ ਰੰਗ 'ਚ ਰੰਗਿਆ ਨਜ਼ਰ ਆਵੇਗਾ ਹੋਲਾ-ਮਹੱਲਾ!

■ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਮੁਹਿੰਮ ਤੇਜ਼ ਕਰੇਗੀ ਸ਼੍ਰੋਮਣੀ ਕਮੇਟੀ



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਗੁਰਚਰਨ ਸਿੰਘ ਗਰੇਵਾਲ।

ਸ੍ਰੀ ਆਨੰਦਪੁਰ ਸਾਹਿਬ, (ਪੰਜਾਬ ਮੇਲ)- ਖ਼ਾਲਸਾ ਪੰਥ ਦੇ ਜਾਹੋ-ਜਲਾਲ ਦਾ ਪ੍ਰਤੀਕ ਕੌਮੀ ਜੋੜ ਮੇਲਾ ਹੋਲਾ-ਮਹੱਲਾ ਇਸ ਵਾਰ ਬੰਦੀ ਸਿੰਘਾਂ ਦੀ ਰਿਹਾਈ ਦੀ ਮੁਹਿੰਮ ਦੇ ਰੰਗ ਵਿਚ ਰੰਗਿਆ ਨਜ਼ਰ ਆਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੋਲਾ-ਮਹੱਲਾ ਮੌਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਦਸਤਖ਼ਤੀ ਮੁਹਿੰਮ ਨੂੰ ਹੋਰ ਪ੍ਰਚੰਡ ਕਰਦਿਆਂ 9 ਬੰਦੀ ਸਿੰਘਾਂ ਦੇ ਨਾਵਾਂ ਵਾਲੇ 9 ਵੱਖ-ਵੱਖ ਦਸਤਖ਼ਤੀ ਸਟਾਲ ਲਾਏ ਜਾਣਗੇ। ਇਹ ਪ੍ਰਗਟਾਵਾ ਇੱਥੇ ਜਥੇਦਾਰ ਬਲਦੇਵ ਸਿੰਘ ਮਾਹਿਲਪੁਰੀ ਯਾਦਗਾਰੀ ਹਾਲ ਵਿਖੇ ਹੋਲਾ-ਮਹੱਲਾ ਦੇ ਪ੍ਰਬੰਧਾਂ ਦੀਆਂ ਤਿਆਰੀਆਂ ਸਬੰਧੀ ਕੀਤੀ ਬੈਠਕ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਸਰਕਾਰੀ ਜਬਰ ਕਾਰਨ ਹਥਿਆਰਬੰਦ ਸੰਘਰਸ਼ ਦੇ ਰਾਹ ਪੈਣ ਲਈ ਮਜਬੂਰ ਹੋਏ ਬਹੁਤ ਸਾਰੇ ਬੰਦੀ ਸਿੰਘ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਹਨ, ਜਦੋਂਕਿ ਕਾਨੂੰਨ ਅਨੁਸਾਰ ਉਮਰ ਕੈਦੀ ਨੂੰ 10-15 ਸਾਲਾਂ ਦੀ ਕੈਦ ਤੋਂ ਬਾਅਦ ਰਿਹਾਅ ਕਰ ਦਿੱਤਾ ਜਾਂਦਾ ਹੈ।

ਸਫਾ 1 ਦਾ ਬਾਕੀ

## ਆਰ.ਬੀ.ਆਈ. ਵੱਲੋਂ ਅੰਤਰਰਾਸ਼ਟਰੀ ਯਾਤਰੀ ਲਈ ਯੂ.ਪੀ.ਆਈ...

ਭੁਗਤਾਨ ਦੀ ਸਹੂਲਤ ਦਾ ਲਾਭ ਲੈ ਸਕਦੇ ਹਨ। ਇਹ ਉਹ ਆਉਟਲੈਟ ਹਨ, ਜੋ ਕਿਊ.ਆਰ. ਕੋਡ-ਆਧਾਰਿਤ ਯੂ.ਪੀ.ਆਈ. ਭੁਗਤਾਨਾਂ ਨੂੰ ਸਵੀਕਾਰ ਕਰਦੇ ਹਨ। ਆਰ.ਬੀ.ਆਈ. ਦਾ ਹੁਕਮ ਭਾਰਤ ਅਤੇ ਸਿੰਗਾਪੁਰ ਦੇ ਆਪਣੇ ਰੀਅਲ-ਟਾਈਮ ਡਿਜੀਟਲ ਭੁਗਤਾਨ ਪ੍ਰਣਾਲੀਆਂ ਨੂੰ ਲਿੰਕ ਕਰਨ ਤੋਂ ਇੱਕ ਦਿਨ ਬਾਅਦ ਆਇਆ ਹੈ। ਸਿੰਗਾਪੁਰ ਦੇ ਨਾਲ ਯੂ.ਪੀ.ਆਈ. ਟਾਈ-ਅੱਪ ਸਿੰਗਾਪੁਰ ਵਿਚ ਪ੍ਰਵਾਸੀ ਭਾਰਤੀਆਂ ਨੂੰ ਸਸਤੇ ਅਤੇ ਸੁਰੱਖਿਅਤ ਬਾਰਡਰ-ਟੂ-ਬਾਰਡਰ-ਲੈਣ-ਦੇਣ ਦਾ ਆਨੰਦ ਲੈਣ ਦੇ ਯੋਗ ਬਣਾਏਗਾ।

ਸਫਾ 1 ਦਾ ਬਾਕੀ

## ਪੰਜਾਬੀ ਵਿਅਕਤੀ ਨੇ ਅਮਰੀਕਾ 'ਚ ਪ੍ਰਵਾਸੀਆਂ ਦੀ ਤਸਕਰੀ ਕਰਨ ਦਾ...

ਦੱਖਣ ਵਿਚ ਐਮਰਸਨ ਦੇ ਪੂਰਬ ਵਿਚ ਬਰਫ਼ ਨਾਲ ਢੱਕੇ ਖੇਤ ਵਿਚ ਮਿਲੀਆਂ ਸਨ।

ਪ੍ਰਵਾਸੀਆਂ ਨੂੰ ਕੈਨੇਡੀਅਨ ਸਰਹੱਦ 'ਤੇ ਨੈਵੀਗੇਟ ਕਰਨ ਵਿਚ ਮਦਦ ਕਰਨ ਲਈ ਰਜਿੰਦਰ ਪਾਲ ਸਿੰਘ ਨੇ ਲਾਈਫ360 ਐਪ ਦੀ ਵਰਤੋਂ ਕੀਤੀ। ਇੱਕ ਵਾਰ ਜਦੋਂ ਪ੍ਰਵਾਸੀ ਅਮਰੀਕਾ ਪਹੁੰਚ ਗਏ, ਤਾਂ ਉਸ ਨੇ ਉਬੇਰ ਰਾਈਡ ਸ਼ੇਅਰ ਐਪ ਰਾਹੀਂ ਪਿਕਅੱਪ ਦਾ ਪ੍ਰਬੰਧ ਕੀਤਾ। ਰਿਪੋਰਟ ਅਨੁਸਾਰ ਰਜਿੰਦਰ ਪਾਲ ਸਿੰਘ ਨੇ ਆਪਣੀਆਂ ਸੇਵਾਵਾਂ ਲਈ ਪ੍ਰਤੀ ਵਿਅਕਤੀ 11,000 ਡਾਲਰ ਤੱਕ ਦਾ ਖਰਚਾ ਲਿਆ। ਯੂ.ਐੱਸ. ਹੋਮਲੈਂਡ ਸਕਿਓਰਿਟੀ 2018 ਤੋਂ ਰਜਿੰਦਰ ਪਾਲ ਸਿੰਘ ਦੀ ਜਾਂਚ ਕਰ ਰਹੀ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਉਸ ਨੂੰ ਪਹਿਲਾਂ ਵੀ ਅਮਰੀਕਾ ਦੀ ਸੰਘੀ ਜੇਲ੍ਹ ਵਿਚ ਹੋਰ 27 ਮਹੀਨਿਆਂ ਦੀ ਸਜ਼ਾ ਸੁਣਾਈ ਗਈ ਸੀ।

ਸਫਾ 1 ਦਾ ਬਾਕੀ

## ਪੰਜਾਬੀ ਵਿਅਕਤੀ ਨੇ ਅਮਰੀਕਾ 'ਚ ਪ੍ਰਵਾਸੀਆਂ ਦੀ ਤਸਕਰੀ ਕਰਨ ਦਾ...

ਦੱਸਣਯੋਗ ਹੈ ਕਿ ਭਾਰਤ ਸਰਕਾਰ ਨੇ ਭਾਰਤ ਪੁੱਜੇ ਪਾਕਿਸਤਾਨੀ ਹਿੰਦੂ ਸ਼ਰਧਾਲੂਆਂ ਦੇ ਜਥਿਆਂ ਨੂੰ ਸ੍ਰੀ ਹਰਿਦੁਆਰ ਦੇ ਦਰਸ਼ਨਾਂ ਲਈ ਵੀਜ਼ੇ ਮੁਹੱਈਆ ਕਰਵਾਏ ਹਨ। ਜੇ ਇਹ ਪਾਕਿਸਤਾਨੀ ਹਿੰਦੂ ਭਾਰਤ ਅੰਦਰ ਵੱਖ-ਵੱਖ ਥਾਵਾਂ 'ਤੇ ਜਾ ਕੇ ਨਵੇਂ ਸਿਰਿਓਂ ਰੈਣਬਸੇਰਾ ਕਰਦੇ ਹਨ, ਤਾਂ ਭਾਰਤ ਸਰਕਾਰ ਤੇ ਸੂਹੀਆ ਏਜੰਸੀਆਂ ਲਈ ਸਿਰਦਰਦੀ ਵੀ ਬਣੇਗੀ। ਇਹ ਤਾਂ ਹੁਣ ਸ਼ਰਧਾਲੂਆਂ ਦੇ ਵੀਜ਼ਾ ਖਤਮ ਹੋਣ ਤੋਂ ਬਾਅਦ ਹੀ ਪਤਾ ਚੱਲੇਗਾ ਕਿ ਇਹ ਲੋਕ ਇੱਥੇ ਮੁੜ ਵਸੇਬਾ ਕਰਨਗੇ ਜਾਂ ਨਹੀਂ।




## 'ਜੋ ਦਿਖਾ, ਸੋ ਲਿਖਾ'

# ਬਹੁਤੇ ਫਰੰਟ ਖੋਲ ਕੇ ਝੰਜਟ 'ਚ ਫਸੇਗੀ 'ਆਪ' ਸਰਕਾਰ

## ਉੱਚ ਅਧਿਕਾਰੀਆਂ ਅਤੇ ਰਾਜਪਾਲ ਨਾਲ ਫੱਸਿਆ ਪੇਚ



**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)


ਪੰਜਾਬੀਆਂ ਨੇ ਬਹੁਤ ਉਮੀਦਾਂ ਨਾਲ 'ਆਪ' ਦੀ ਮਜ਼ਬੂਤ ਸਰਕਾਰ ਬਣਾਈ ਸੀ ਕਿ ਇਹ ਭ੍ਰਿਸ਼ਟ ਸਿਸਟਮ ਸੁਧਾਰੇਗੀ ਅਤੇ ਵੀ.ਆਈ.ਪੀ. ਕਲਚਰ ਨੂੰ ਸਮਾਪਤ ਕਰਕੇ ਸੂਬੇ ਨੂੰ ਲੀਹ 'ਤੇ ਲਿਆਏਗੀ। ਵੱਡੇ ਘਪਲਿਆਂ ਦੇ ਕੁੱਝ ਦੋਸ਼ੀਆਂ ਖਿਲਾਫ ਕਾਰਵਾਈ ਬੀਤੇ 11 ਮਹੀਨਿਆਂ ਵਿਚ ਜ਼ਰੂਰ ਹੋਈ ਦਿੱਸਦੀ ਹੈ। ਪਰ ਸਰਕਾਰੀ ਦਫਤਰਾਂ ਵਿਚ ਰਿਸ਼ਵਤ ਕਈ ਗੁਣਾਂ ਵੱਧ ਚੁੱਕੀ ਹੈ ਅਤੇ ਲੋਕਾਂ ਨੂੰ ਰਾਹਤ ਮਿਲੀ ਨਜ਼ਰ ਨਹੀਂ ਆ ਰਹੀ। ਵੀ.ਆਈ.ਪੀ. ਕਲਚਰ ਵੀ ਪਹਿਲਾਂ ਨਾਲੋਂ ਕਾਫੀ ਵਧਿਆ ਹੈ। ਵਿਧਾਇਕ ਜਨਤਾ ਦੀਆਂ ਮੁਸ਼ਕਲਾਂ ਵੱਲ ਧਿਆਨ ਦੇਣ ਦੀ ਥਾਂ ਆਪਣੇ ਮਾਣ-ਸਤਿਕਾਰ ਅਤੇ ਰੁਤਬੇ ਦੀ ਗੱਲ ਕਰਦੇ ਹੀ ਦਿੱਸਦੇ ਨੇ। ਚੰਗੀ ਕਾਰਗੁਜ਼ਾਰੀ ਲਈ ਸੂਬਾ ਸਰਕਾਰ ਦਾ ਪ੍ਰਸ਼ਾਸਨ ਅਤੇ ਕੇਂਦਰ ਸਰਕਾਰ ਨਾਲ ਇਕ ਸੁਖਾਵਾਂ ਮਹੌਲ ਬਣਾ ਕੇ ਚੱਲਣਾ ਬਹੁਤ ਜ਼ਰੂਰੀ ਹੁੰਦੈ। ਸੂਬੇ ਦੇ ਵਿੱਤੀ ਸਾਧਨਾਂ ਦਾ ਮੁਕੰਮਲ ਕੇਂਦਰੀਕਰਨ ਹੋਣ ਕਾਰਨ ਕੇਂਦਰ ਸਰਕਾਰ 'ਤੇ ਫੰਡਾਂ ਲਈ ਨਿਰਭਰ ਨੇ। ਵਿਕਾਸ ਅਤੇ ਭਲਾਈ ਸਕੀਮਾਂ ਲਈ ਜ਼ਿਆਦਾਤਰ ਗਰਾਂਟਾਂ ਕੇਂਦਰ ਸਰਕਾਰ ਤੋਂ ਹੀ ਆਉਂਦੀਆਂ ਨੇ। ਕੇਂਦਰੀ ਸੱਤਾ 'ਤੇ ਕਾਬਜ਼ ਪਾਰਟੀ ਦੀ ਸਰਕਾਰ ਆਪਣੀ ਪਾਰਟੀ ਦੀਆਂ ਸੂਬਾ ਸਰਕਾਰਾਂ ਨੂੰ ਵੱਧ ਗਰਾਂਟਾਂ ਜਾਰੀ ਕਰਦੀ ਹੈ। ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਵਾਲੇ ਸੂਬਿਆਂ ਨਾਲ ਵਿਤਕਰਾ ਹੁੰਦੈ। ਕੇਂਦਰ ਨਾਲ ਸਿੱਧਾ ਪੰਗਾ ਲੈ ਕੇ ਚੱਲਦੀ 'ਆਪ' ਸਰਕਾਰ ਕਾਫੀ ਮੁਸ਼ਕਲ ਵਿਚ ਫਸੀ ਦਿਖਦੀ ਹੈ। ਕੇਂਦਰੀ ਬੀ.ਜੇ.ਪੀ. ਸਰਕਾਰ ਰਾਜਪਾਲ ਅਤੇ ਆਈ.ਏ.ਐੱਸ. ਲਾਬੀ ਰਾਹੀਂ ਸੂਬਾ ਸਰਕਾਰ ਨੂੰ ਵੱਡੇ ਝੱਟਕੇ ਦਿੰਦੀ ਰਹਿੰਦੀ ਹੈ। ਉਂਝ ਵੀ ਪੰਜਾਬ ਦੀ ਵਿੱਤੀ ਹਾਲਤ ਦੂਜਿਆਂ ਸੂਬਿਆਂ ਦੇ ਮੁਕਾਬਲੇ ਬਹੁਤ ਮਾੜੀ ਹੈ। ਸੂਬੇ ਸਿਰ 3 ਲੱਖ ਕਰੋੜ ਤੋਂ ਵਧੇਰੇ ਦਾ ਕਰਜ਼ਾ ਹੈ, ਜਿਸ ਦੇ ਮੂਲ ਅਤੇ ਵਿਆਜ਼ ਦੀ ਕਿਸ਼ਤ ਕਰੀਬ 36000 ਕਰੋੜ ਰੁਪਏ ਜਾ ਰਹੀ ਹੈ। ਪਿਛਲੇ 11 ਮਹੀਨਿਆਂ ਦੌਰਾਨ ਮੌਜੂਦਾ ਸਰਕਾਰ ਵੀ ਕਰੀਬ 40000 ਕਰੋੜ ਰੁਪਏ ਦਾ ਕਰਜ਼ਾ ਹੋਰ ਵਧਾ ਚੁੱਕੀ ਹੈ। ਮੁਫਤ ਬਿਜਲੀ ਦੇਣ ਕਾਰਨ ਬਿਜਲੀ ਬੋਰਡ ਦੀ ਦਸ਼ਾ ਵੀ ਵਿਗੜ ਚੁੱਕੀ ਹੈ। ਅਜਿਹੇ ਵਿਚ ਵਿਕਾਸ ਲਈ ਫੰਡ ਅਤੇ ਢੁੱਕਵਾਂ ਮਾਹੌਲ ਹੋਣਾ ਅਤਿ ਜ਼ਰੂਰੀ ਨੇ, ਪਰ ਸਥਿਤੀ ਆਏ ਦਿਨ ਹੋਰ ਵਿਗੜਦੀ ਦਿਖਾਈ ਦਿੰਦੀ ਹੈ।

### ਰਾਜਪਾਲ ਨਾਲ ਟੱਕਰ

ਜਿਸ ਤਰ੍ਹਾਂ ਦਿੱਲੀ ਵਿਚ ਕੇਜਰੀਵਾਲ ਦੀ 'ਆਪ' ਸਰਕਾਰ ਕੇਂਦਰ, ਰਾਜਪਾਲ ਅਤੇ ਅਫਸਰਸ਼ਾਹੀ ਨਾਲ ਟਕਰਾਅ ਵਿਚ ਚੱਲ ਰਹੀ ਹੈ, ਉਸੇ ਤਰ੍ਹਾਂ ਦੀ ਪੰਗੇਬਾਜ਼ੀ ਪੰਜਾਬ ਵਿਚ ਵੀ ਦਿੱਖਦੀ ਹੈ। ਜੋ ਦਿੱਲੀ ਵਿਚ ਹੁੰਦਾ ਆ ਰਿਹੈ, ਬਿਲਕੁੱਲ ਉਸੇ ਤਰ੍ਹਾਂ ਦਾ ਤਮਾਸ਼ਾ ਪੰਜਾਬ ਵਿਚ 'ਆਪ' ਸਰਕਾਰ ਵਲੋਂ ਕੀਤਾ ਜਾ ਰਿਹੈ। ਮੁੱਖ ਮੰਤਰੀ ਅਤੇ ਰਾਜਪਾਲ ਦੋਵੇਂ ਪੂਰੀ ਤਰ੍ਹਾਂ ਆਪਣੇ ਅਧਿਕਾਰ ਖੇਤਰ ਨੂੰ ਲੈ ਕੇ ਆਹਮਣੇ-ਸਾਹਮਣੇ ਨੇ ਅਤੇ ਸਮਝੌਤੇ ਦੇ ਮੂਡ ਵਿਚ ਦਿਖਾਈ ਨਹੀਂ ਦਿੰਦੇ। ਸ਼ਿਸ਼ਟਾਚਾਰ ਵਜੋਂ ਮੁਲਾਕਾਤਾਂ ਦਾ ਸਿਲਸਿਲਾ ਵੀ ਬੰਦ ਹੋ ਚੁਕੈ। 'ਆਪ' ਸ਼ਾਇਦ ਕੇਂਦਰ ਅਤੇ ਰਾਜਪਾਲ ਨਾਲ ਲੜਾਈ ਵਿਚੋਂ ਕੌਮੀ ਪੱਧਰ 'ਤੇ ਆਪਣਾ ਉਭਾਰ ਦੇਖ ਰਹੀ ਹੈ। ਪ੍ਰੰਤੂ ਅਜਿਹੇ ਦਾਅ ਪੇਚਾਂ ਨਾਲ ਉਸ ਨੂੰ ਲਾਭ ਘੱਟ ਅਤੇ ਨੁਕਸਾਨ ਵੱਧ ਹੋ ਰਿਹੈ। ਦਿੱਲੀ ਵਿਚ ਵਿਧਾਇਕਾਂ ਨੂੰ ਬੀ.ਜੇ.ਪੀ. ਵਲੋਂ 20-20 ਲੱਖ ਦੀ ਪੇਸ਼ਕਸ਼ ਦੀ ਤਰਜ਼ 'ਤੇ ਹੀ 'ਆਪਰੇਸ਼ਨ ਲੋਟਸ' ਤਹਿਤ 11 ਵਿਧਾਇਕਾਂ ਨੂੰ 25-25 ਕਰੋੜ ਰੁਪਏ ਦੀ ਪੇਸ਼ਕਸ਼ ਦੇ ਦੋਸ਼ ਲਗਾਏ ਗਏ। ਬੇਲੋੜਾ ਬਹੁਮੱਤ ਸਾਬਿਤ ਕਰਨ ਲਈ 22 ਸਤੰਬਰ ਨੂੰ ਵਿਧਾਨ ਸਭਾ ਇਜਲਾਸ ਸੱਦਿਆ ਗਿਆ। ਇਸ 'ਤੇ ਸਰਕਾਰ ਦਾ ਰਾਜਪਾਲ ਨਾਲ ਕਾਫੀ ਵਿਵਾਦ ਭੱਖਿਆ। ਰਾਜਪਾਲ ਖਿਲਾਫ ਮਾਰਚ ਵੀ ਕੱਢਿਆ ਗਿਆ, ਜਿਸ ਨਾਲ ਰਾਜਪਾਲ ਅਤੇ ਸਰਕਾਰ ਵਿਚਕਾਰ ਕੁੜੱਤਣ ਚਰਮ ਸੀਮਾਂ 'ਤੇ ਪੁੱਜ ਗਈ। ਮੁੱਖ ਮੰਤਰੀ ਨੂੰ ਮੀਡੀਆ ਦੀ ਬਜਾਏ ਸਿੱਧੇ ਸੂਬੇ ਦੇ ਸੰਵਿਧਾਨਿਕ ਮੁੱਖੀ ਨਾਲ ਗੱਲ ਕਰਕੇ ਮਾਮਲਾ ਨਿਪਟਾਉਣਾ ਬਣਦਾ ਸੀ, ਪਰ ਇਹ ਮੌਕਾ ਗਵਾ ਲਿਆ ਗਿਆ। ਪਿਛਲੀਆਂ ਸਰਕਾਰਾਂ ਸਮੇਂ ਕਦੇ ਅਜਿਹਾ ਟਕਰਾਅ ਸਾਹਮਣੇ ਨਹੀਂ ਆਇਆ। ਤਲਖ ਸਬੰਧਾਂ ਦੇ ਦੌਰਾਨ ਹੁਣ ਰਾਜਪਾਲ ਨੇ ਸੰਵਿਧਾਨਿਕ ਮੁੱਖੀ ਹੋਣ ਦੇ ਹਵਾਲੇ ਨਾਲ ਮੁੱਖ ਮੰਤਰੀ ਨੂੰ ਰਸਮੀ ਪੱਤਰ ਲਿਖ ਕੇ ਕਈ ਮਾਮਲਿਆਂ 'ਤੇ ਜਵਾਬ ਮੰਗਿਆ ਹੈ ਅਤੇ ਜਵਾਬ ਨਾ ਮਿਲਣ 'ਤੇ ਕਨੂੰਨੀ ਸਲਾਹ ਲੈਣ ਦੀ ਗੱਲ ਵੀ ਆਖੀ ਹੈ। ਰਾਜਪਾਲ ਨੇ ਸਿੰਘਾਪੁਰ ਟਰੇਨਿੰਗ 'ਤੇ ਭੇਜੇ ਅਧਿਆਪਕਾਂ ਦੀ ਚੋਣ ਦੀ ਪ੍ਰੀਕ੍ਰਿਆ, 2 ਲੱਖ ਤੋਂ ਵੱਧ ਐੱਸ.ਸੀ. ਵਿਦਿਆਰਥੀਆਂ ਵਲੋਂ ਵਜ਼ੀਫੇ ਨਾ ਮਿਲਣ ਕਾਰਨ ਕਾਲਜ ਛੱਡਣ, ਉੱਪ ਕੁਲਪਤੀਆਂ ਦੀ ਨਿਯੁਕਤੀ ਅਤੇ ਬਦਨਾਮ ਵਿਅਕਤੀ ਨੂੰ ਇਨਫੋਟੈਕ ਦਾ ਚੇਅਰਮੈਨ ਲਗਾਉਣ ਦੇ ਮਾਮਲੇ ਵੀ ਉਠਾਏ। ਮੁੱਖ ਮੰਤਰੀ ਨੇ ਮਿਲ ਕੇ ਮਾਮਲਾ ਸੁਲਝਾਉਣ ਦੀ ਬਜਾਏ ਟਵਿੱਟਰ ਸੰਦੇਸ਼ ਰਾਹੀਂ ਹੋਰ ਭੜਕਾ ਲਿਐ। ਮੁੱਖ ਮੰਤਰੀ ਨੇ ਲਿਖਿਆ ਕਿ ਉਹ ਰਾਜਪਾਲ ਨੂੰ ਨਹੀਂ, ਪੰਜਾਬ ਦੇ ਲੋਕਾਂ ਨੂੰ ਜਵਾਬਦੇਹ ਹਨ। ਪਹਿਲਾਂ ਰਾਜਪਾਲ ਨੇ ਸਰਹੱਦੀ ਜ਼ਿਲ੍ਹਿਆਂ ਦੇ ਦੌਰੇ ਦੌਰਾਨ ਪੰਚਾਇਤਾਂ ਨਾਲ ਬੈਠਕਾਂ ਕਰਨ ਅਤੇ ਨਸ਼ੇ ਤੇ ਅਮਨ ਕਾਨੂੰਨ ਦੀ ਹਾਲਤ ਉੱਤੇ ਵੀ ਸਵਾਲ ਚੁੱਕੇ ਸਨ। ਹੁਣ ਬਜਟ ਇਜਲਾਸ ਬੁਲਾਉਣ ਲਈ ਉਸੇ ਰਾਜਪਾਲ ਪਾਸ ਬੇਨਤੀ ਭੇਜੀ ਜਾਏਗੀ ਅਤੇ ਪਹਿਲੇ ਦਿਨ ਦੀ ਸ਼ੁਰੂਆਤ ਵੀ ਰਾਜਪਾਲ ਦੇ ਭਾਸ਼ਣ ਨਾਲ ਹੀ ਹੋਣੀ ਹੈ। ਇਸ ਨਾਲ ਮੁੱਖ ਮੰਤਰੀ ਦੀ ਕਿਰਕਿਰੀ ਤੈਅ ਹੈ।

### ਅਫਸਰਸ਼ਾਹੀ ਵਿਚ ਰੋਸ

ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਅਫਸਰਾਂ ਖਿਲਾਫ ਵਿਜੀਲੈਂਸ ਦੀ ਕਾਰਵਾਈ 'ਤੇ ਸਮੁੱਚੀ ਅਫਸਰਸ਼ਾਹੀ ਸਰਕਾਰ ਤੋਂ ਨਾਰਾਜ਼ ਹੈ। ਹੜਤਾਲ ਸਮੇਂ ਮੁੱਖ ਮੰਤਰੀ ਦੇ ਸਖਤ ਸਟੈਂਡ ਨਾਲ ਅਧਿਕਾਰੀ ਡਿਊਟੀ 'ਤੇ ਹਾਜ਼ਰ ਤਾਂ ਹੋ ਗਏ, ਪਰ ਬੇਵਿਸ਼ਵਾਸੀ ਦੀ ਅੱਗ ਅੰਦਰਖਾਤੇ ਧੁਖਦੀ ਰਹੀ। ਪਿਛਲੇ ਦਿਨੀਂ ਇਸ਼ਤਿਹਾਰ ਜਾਰੀ ਕਰਨ ਅਤੇ ਨਵਲ ਅਗਰਵਾਲ ਦੀ ਮੁੱਖ ਮੰਤਰੀ ਦੇ ਓ.ਐੱਸ.ਡੀ. ਵਜੋਂ ਨਿਯੁਕਤੀ ਤੇ ਫੈਸਲੇ ਲੈਣ ਸਮੇਂ ਅਫਸਰਾਂ ਦਾ ਬਾਗੀ ਰੁੱਖ ਸਾਹਮਣੇ ਆਇਆ। ਇਕ ਦਰਜਨ ਤੋਂ ਵੱਧ ਸੀਨੀਅਰ ਆਈ.ਏ.ਐੱਸ. ਅਫਸਰ ਕੇਂਦਰ ਸਰਕਾਰ ਵਿਚ ਡੇਪੂਟੇਸ਼ਨ 'ਤੇ ਜਾਣ ਦੀ ਮੰਗ ਕਰ ਚੁੱਕੇ ਨੇ ਅਤੇ ਕੁੱਝ ਚਲੇ ਵੀ ਗਏ ਨੇ। ਸਾਰੇ ਵਿਭਾਗਾਂ ਵਿਚ ਪਹਿਲੀ ਸਰਕਾਰ ਸਮੇਂ ਦੇ ਬਹੁਤ ਸਾਰੇ ਘਪਲੇ ਸਾਹਮਣੇ ਆ ਰਹੇ ਨੇ, ਜਿਨ੍ਹਾਂ ਵਿਚ ਵਿਭਾਗਾਂ ਦੇ ਉੱਚ ਅਧਿਕਾਰੀਆਂ ਦੀ ਸ਼ਮੂਲੀਅਤ ਹੋਣਾ ਵੀ ਸੁਭਾਵਕ ਹੈ ਅਤੇ ਬਹੁਤੇ ਅਫਸਰਾਂ 'ਤੇ ਤਲਵਾਰ ਲਟਕਦੀ ਦਿੱਖਦੀ ਹੈ। ਅਜਿਹੇ ਹਾਲਾਤ ਵਿਚ ਅਫਸਰ ਨਿਯਮਾਂ ਅਨੁਸਾਰ ਫਾਈਲਾਂ 'ਤੇ ਦਸਤਖਤ ਕਰਨ ਦੇ ਬਹਾਨੇ ਰੁਕਾਵਟਾਂ ਖੜ੍ਹੀਆਂ ਕਰਦੇ ਦਿੱਸਦੇ ਨੇ। ਬੇਵਿਸ਼ਵਾਸੀ ਦੇ ਮਹੌਲ ਵਿਚ ਸਰਕਾਰ ਦੇ ਤਰਜੀਹੀ ਪ੍ਰਾਜੈਕਟਾਂ ਵਿਚ ਦੇਰੀ ਹੋਣ ਨਾਲ ਸਰਕਾਰ ਦੇ ਅਕਸ ਨੂੰ ਵੱਡਾ ਧੱਕਾ ਲੱਗ ਰਿਹੈ।

### ਦਿੱਲੀ ਦਾ ਦਖਲ

ਇਸ ਸਮੇਂ ਸੂਬੇ ਵਿਚ ਇਕ ਤੋਂ ਵਧੇਰੇ ਪਾਵਰ ਸੈਂਟਰ ਕੰਮ ਕਰਦੇ ਸਪੱਸ਼ਟ ਨਜ਼ਰ ਆ ਰਹੇ ਨੇ। ਪਿਛਲੇ ਦਿਨੀਂ ਮੁੱਖ ਮੰਤਰੀ ਨਵਲ ਅਗਰਵਾਲ ਦੀ ਨਿਯੁਕਤੀ ਲਈ ਫਾਈਲ ਰੋਕਣ ਅਤੇ ਭ੍ਰਿਸ਼ਟਾਚਾਰੀ ਮੰਤਰੀ ਸਰਾਰੀ ਨੂੰ ਵਜ਼ਾਰਤ 'ਚੋਂ ਬਾਹਰ ਕਰਨ ਵਰਗੇ ਕਈ ਅਹਿਮ ਫੈਸਲੇ ਆਜ਼ਾਦਾਨਾ ਲੈਂਦੇ ਦਿੱਖੇ ਸਨ। ਪ੍ਰੰਤੂ ਹੁਣ ਕੁੱਝ ਵੱਡੇ ਅਧਿਕਾਰੀਆਂ ਦੀਆਂ ਕੀਤੀਆਂ ਨਿਯੁਕਤੀਆਂ ਬਾਹਰੀ ਦਬਾਅ ਕਾਰਨ ਰੱਦ ਕਰਨ ਤੇ ਮੁੱਖ ਮੰਤਰੀ ਕਾਫੀ ਕੰਮਜ਼ੋਰ ਦਿੱਖੇ ਨੇ। ਮੁੱਖ ਸਕੱਤਰ ਅਤੇ ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਵਿਚਕਾਰ ਵੀ ਮਨਮੁਟਾਵ ਚਰਚਾ ਦਾ ਵਿਸ਼ਾ ਬਣਿਆ ਹੋਇਐ। ਦਿੱਲੀ ਤੋਂ ਅਣਅਧਿਕਾਰਤ ਵਿਅਕਤੀਆਂ ਦੀ ਅਹਿਮ ਮੀਟਿੰਗਾਂ ਵਿਚ ਸ਼ਾਮਲ ਹੋਣ 'ਤੇ ਰਾਜਪਾਲ ਨੇ ਵੀ ਸਪੱਸ਼ਟੀਕਰਨ ਮੰਗਿਐ। ਦਿੱਲੀ ਦੇ ਲੋਕਾਂ ਵਲੋਂ ਸੂਬਾ ਸਰਕਾਰ ਦੇ ਫੈਸਲਿਆਂ ਵਿਚ ਸਿੱਧੇ ਦਖਲ ਨਾਲ ਜਨਤਾ ਵਿਚ ਸਰਕਾਰ ਦਾ ਅਕਸ ਤੇਜ਼ੀ ਨਾਲ ਵਿਗੜ ਰਿਹੈ। ਬਠਿੰਡਾ ਦਿਹਾਤੀ ਦੇ ਵਿਧਾਇਕ ਅਮਿਤ ਰਤਨ ਅਤੇ ਅਖਾਉਤੀ ਪੀ.ਏ. ਨੂੰ ਘੁੱਦਾ ਪਿੰਡ ਦੀ ਪੰਚਾਇਤੀ ਗਰਾਂਟ ਜਾਰੀ ਕਰਾਉਣ ਲਈ ਰਿਸ਼ਵਤ ਲੈਂਦੇ ਰੰਗੇ ਹੱਥੀਂ ਵਿਜ਼ੀਲੈਂਸ ਵਲੋਂ ਦਬੋਚਿਆ ਗਿਆ। ਇਹ ਕਾਰਵਾਈ ਮੁੱਖ ਮੰਤਰੀ ਨੂੰ ਭਰੋਸੇ 'ਚ ਲਏ ਬਿਨਾਂ ਨਹੀਂ ਹੋਈ ਹੋਵੇਗੀ। ਫਿਰ ਕਿਸੇ ਬਾਹਰੀ ਤਾਕਤ ਦੇ ਦਬਾਅ ਨਾਲ ਵਿਧਾਇਕ ਨੂੰ ਬਚਾਉਣ 'ਤੇ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਪ੍ਰਤੀ ਜ਼ੀਰੋ ਟਾਲਰੈਂਸ ਨੀਤੀ ਮਜ਼ਾਕ ਬਣ ਕੇ ਰਹਿ ਗਈ। ਵਿਰੋਧੀ ਨੇਤਾਵਾਂ ਖਿਲਾਫ ਤਾਂ ਕਾਰਵਾਈਆਂ ਹੁੰਦੀਆਂ ਨੇ, ਪਰ 'ਆਪ' ਦੇ ਬਰਖਾਸਤ ਮੰਤਰੀ ਸਿੰਗਲਾ ਅਤੇ ਸਰਾਰੀ ਸਬੂਤਾਂ ਦੇ ਬਾਵਜੂਦ ਪਾਰਟੀ ਵਿਚ ਮੌਜੂਦ ਨੇ। ਆਪਣਿਆਂ ਨੂੰ ਬਚਾਉਣ ਦੇ ਇਹ ਮਾਮਲੇ ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣ ਵਿਚ ਵੱਡੇ ਮੁੱਦੇ ਵਜੋਂ ਉਭਰਨੇ ਤੈਅ ਨੇ। ਜੇਕਰ ਮੁੱਖ ਮੰਤਰੀ ਆਜ਼ਾਦਾਨਾ ਤੌਰ 'ਤੇ ਦ੍ਰਿੜ੍ਹਤਾ ਨਾਲ ਸੂਬੇ ਦੇ ਅਹਿਮ ਮੁੱਦਿਆਂ ਨੂੰ ਹੱਲ ਕਰਨ ਤੋਂ ਉਕਦੇ ਨੇ, ਤਾਂ ਉਨ੍ਹਾਂ ਦੇ ਅਕਸ ਨੂੰ ਭਾਰੀ ਧੱਕਾ ਲਗੇਗਾ। ਕੁੱਲ ਮਿਲਾ ਕੇ ਰਾਜਪਾਲ ਅਤੇ ਅਫਸਰਸ਼ਾਹੀ ਨਾਲ ਸਿੱਧਾ ਟਕਰਾਅ ਪੰਜਾਬ ਦੇ ਵਿਕਾਸ ਵਿਚ ਕਾਫੀ ਮੁਸ਼ਕਲਾਂ ਖੜ੍ਹੀਆਂ ਕਰ ਸਕਦੈ।







# ਪ੍ਰਧਾਨ ਜੀ ਦੇ ਨਾਮ ਪੱਤਰ




**ਸਰਵਜੀਤ ਸਿੰਘ**
ਸੈਕਰਾਮੈਂਟੋ
(Punjab Mail USA)




**ਸਰਦਾਰ ਹਰਜਿੰਦਰ ਸਿੰਘ ਧਾਮੀ,**
**ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,**

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।

**ਵਿਸ਼ਾ:- ਨਵੇ ਸਾਲ (ਸੰਮਤ 555) ਦਾ ਕੈਲੰਡਰ।**

ਸਰਦਾਰ ਹਰਜਿੰਦਰ ਸਿੰਘ ਧਾਮੀ ਜੀ, ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ 13 ਫਰਵਰੀ 2023 ਈ:, ਦਿਨ ਸੋਮਵਾਰ ਨੂੰ ਆਪ ਜੀ ਵੱਲੋਂ, ਧਰਮ ਪ੍ਰਚਾਰ ਕਮੇਟੀ ਦੁਆਰਾ ਛਾਪਿਆ ਗਿਆ ਕੈਲੰਡਰ (ਸੰਮਤ 555) ਜਾਰੀ ਕੀਤਾ ਗਿਆ ਸੀ। ਉਸ ਕੈਲੰਡਰ ਸਬੰਧੀ ਬੇਨਤੀ ਇਹ ਹੈ ਕਿ;

(1) ਇਸ ਕੈਲੰਡਰ ਮੁਤਾਬਕ, ਨਵੇਂ ਸਾਲ ਦਾ ਆਰੰਭ 1 ਚੇਤ 14 ਮਾਰਚ ਨੂੰ ਹੋ ਰਿਹਾ ਹੈ। ਇਸ ਕੈਲੰਡਰ ਦੇ ਮਹੀਨਿਆਂ ਦੇ ਆਰੰਭ ਦੀਆਂ ਤਾਰੀਖਾਂ (ਸੰਗਰਾਂਦਾਂ) ਦੀ ਪੜਤਾਲ ਕਰਨ ਉਪਰੰਤ ਸਹਿਜੇ ਹੀ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਕੈਲੰਡਰ ਦ੍ਰਿਕ ਗਿਣਤ ਸਿਧਾਂਤ ਮੁਤਾਬਕ ਤਿਆਰ ਕੀਤਾ ਗਿਆ ਹੈ। ਜਦੋਂਕਿ ਗੁਰੂ ਕਾਲ ਵਾਲਾ ਕੈਲੰਡਰ ਸੂਰਜੀ ਸਿਧਾਂਤ ਮੁਤਾਬਕ ਹੁੰਦਾ ਸੀ। ਜਿਸ ਮੁਤਾਬਕ ਨਵੇਂ ਸਾਲ ਦਾ ਆਰੰਭ ਇਕ ਚੇਤ, 15 ਮਾਰਚ ਨੂੰ ਹੋਵੇਗਾ। ਪ੍ਰਧਾਨ ਜੀ ਦੇਸ਼-ਵਿਦੇਸ਼ ਦੀਆਂ ਸੰਗਤਾਂ ਇਹ ਜਾਨਣਾ ਚਾਹੁੰਦੀਆਂ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰੂ ਕਾਲ ਵਾਲਾ ਕੈਲੰਡਰ (ਸੂਰਜੀ ਸਿਧਾਂਤ) ਕਿਉਂ ਤਿਆਗਿਆ ਹੈ? ਉਸ ਕੈਲੰਡਰ (ਸੂਰਜੀ ਸਿਧਾਂਤ) ਵਿਚ ਕੀ ਦੋਸ਼ ਸੀ, ਜਿਹੜਾ ਤੁਸੀਂ ਉਸ ਨੂੰ ਛੱਡ ਕੇ, ਨਵੇਂ ਸਿਧਾਂਤ (ਦ੍ਰਿਕ ਗਿਣਤ ਸਿਧਾਂਤ) ਮੁਤਾਬਕ ਕੈਲੰਡਰ ਛਾਪਿਆ ਹੈ?

(2) ਨਵੇਂ ਸਾਲ ਦੇ ਕੈਲੰਡਰ ਵਿਚ ਹੋਲਾ ਮਹੱਲਾ ਦਰਜ ਨਹੀਂ ਹੈ। ਇਸ ਦਾ ਕੀ ਕਾਰਨ ਹੈ? ਕੀ ਇਹ ਛਾਪੇਖ਼ਾਨੇ ਦੀ ਗਲਤੀ ਹੈ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੋਲਾ ਮਹੱਲਾ ਮਨਾਉਣਾ ਬੰਦ ਕਰ ਦਿੱਤਾ ਹੈ?

(3) ਨਵੇਂ ਸਾਲ ਦੇ ਇਸ ਕੈਲੰਡਰ ਵਿਚ, 'ਸਿਰਜਣਾ ਦਿਹਾੜਾ ਸ਼੍ਰੀ ਅਕਾਲ ਤਖਤ ਸਾਹਿਬ' 25 ਜੇਠ ਦਾ ਦਰਜ ਹੈ। ਜਦੋਂ ਮੈਂ ਪਿਛਲੇ ਇਕ ਦਹਾਕੇ ਦੇ ਕੈਲੰਡਰ (ਸੰਮਤ 543-554) ਵੇਖੇ, ਤਾਂ ਹਰ ਸਾਲ ਇਹ ਦਿਹਾੜਾ 18 ਹਾੜ ਦਾ ਦਰਜ ਸੀ। ਇਹ ਦਿਹਾੜਾ 18 ਹਾੜ ਤੋਂ ਬਦਲ ਕੇ 25 ਜੇਠ ਕਰਨ ਦਾ ਕੀ ਕਾਰਨ ਹੈ? ਇਸ ਸਾਲ ਕਿਹੜੀ ਨਵੀਂ ਖੋਜ ਆਈ ਹੈ, ਜੋ ਇਸ ਇਤਿਹਾਸਕ ਦਿਹਾੜੇ ਦਾ ਪ੍ਰਵਿਸ਼ਟਾ ਬਦਲ ਦਿੱਤਾ ਗਿਆ ਹੈ? ਜੇ ਕੋਈ ਨਵੀਂ ਖੋਜ ਆਈ ਹੈ, ਤਾਂ ਉਹ ਖੋਜ ਜਾਂ ਕਿਸੇ ਸਬ-ਕਮੇਟੀ ਨੇ ਅਜਿਹਾ ਕਰਨ ਦੀ ਸ਼ਿਫਾਰਸ਼ ਕੀਤੀ ਹੈ, ਤਾਂ ਉਸ ਕਮੇਟੀ ਦੀ ਰਿਪੋਰਟ ਸੰਗਤਾਂ ਨਾਲ ਸਾਂਝੀ ਕੀਤੀ ਜਾਵੇ।

ਸਤਿਕਾਰ ਯੋਗ ਪ੍ਰਧਾਨ ਜੀ, ਨਿਮਰਤਾ ਸਹਿਤ ਬੇਨਤੀ ਹੈ ਕਿ ਨਿੱਜੀ ਤੌਰ 'ਤੇ ਦਖ਼ਲ ਦੇ ਕੇ, ਨਵੇਂ ਸਾਲ ਦੇ ਕੈਲੰਡਰ ਸਬੰਧੀ ਆਪ ਜੀ ਦੇ ਧਿਆਨ ਵਿਚ ਲਿਆਂਦੇ ਗਏ ਨੁਕਤਿਆਂ ਸਬੰਧੀ, ਮੰਗੀ ਗਈ ਜਾਣਕਾਰੀ ਸਾਂਝੀ ਕਰਨ ਦੀ ਕ੍ਰਿਪਾਲਤਾ ਕਰਨੀ ਜੀ।

**ਸਤਿਕਾਰ ਸਹਿਤ**
**ਸਰਵਜੀਤ ਸਿੰਘ ਸੈਕਰਾਮੈਂਟੋ**
**11 ਫੱਗਣ ਸੰਮਤ 554 ਨਾਨਕਸ਼ਾਹੀ**

# ਧੀ-ਬਾਪ




**ਜਗਜੀਤ ਸਿੰਘ ਝਤਰਾ**
ਪੇਸ਼ਕਸ਼-ਤਸਵਿੰਦਰ ਸਿੰਘ ਬੜੈਚ
ਮੋਬ : 75279-31887
(Punjab Mail USA)




ਜਦ ਤੱਕ ਬਾਪ ਜਿਉਂਦਾ ਹੈ, ਧੀ ਆਪਣੇ ਮਾਪਿਆਂ 'ਤੇ ਹੱਕ ਰੱਖਦੀ ਹੈ। ਘਰ ਵਿਚ ਜ਼ਿੱਦ ਕਰਦੀ ਹੈ। ਜੇ ਕੋਈ ਕੁੱਝ ਕਹੇ ਤਾਂ ਅੱਗੋਂ ਡੱਟਕੇ ਜਵਾਬ ਦਿੰਦੀ ਹੈ। ਮੇਰੇ ਪਿਤਾ ਦਾ ਘਰ ਹੈ। ਪਰ ਜਦੋਂ ਧੀ ਦੇ ਪਿਤਾ ਦੀ ਮੌਤ ਹੁੰਦੀ ਹੈ, ਤਾਂ ਧੀ ਮਾਪਿਆਂ ਦੇ ਘਰ ਬਹੁਤ ਵਿਰਾਗ ਤੇ ਉੱਚੀ-ਉੱਚੀ ਚੀਕਾਂ ਮਾਰਕੇ ਰੋਂਦੀ ਹੈ। ਸਭ ਸਾਕ-ਸਬੰਧੀ ਸਮਝ ਜਾਂਦੇ ਹਨ ਕਿ ਪਿਤਾ ਦੀ ਧੀ ਆ ਗਈ ਹੈ।

ਉਸ ਦਿਨ ਤੋਂ ਧੀ ਆਪਣੀ ਤਾਕਤ ਤੋਂ ਹਾਰ ਜਾਂਦੀ ਹੈ ਕਿਉਂਕਿ ਉਸਦਾ ਬਾਪ ਨਹੀਂ ਹੁੰਦਾ ਹੈ। ਉਸ ਦੀ ਊਰਜਾ ਵੀ ਖਤਮ ਹੋ ਜਾਂਦੀ ਹੈ। ਸਭ ਨੂੰ ਇਸ ਬਾਤ ਦਾ ਇਲਮ ਹੈ ਕਿ ਪਿਤਾ ਦੇ ਜਾਣ ਤੋਂ ਬਾਅਦ ਧੀ ਆਪਣੇ ਭਾਈਆਂ ਦੇ ਘਰ ਜ਼ਿੱਦ ਨਹੀਂ ਕਰ ਸਕਦੀ ਹੈ। ਕਦੇ ਵੀ ਆਪਣੀ ਭਰਜਾਈ ਦੇ ਨਾਲ ਕੋਈ ਵੀ ਜ਼ਿੱਦ ਵਾਲੀ ਬਾਤ ਨਹੀਂ ਕਰ ਸਕਦੀ ਹੈ, ਜੋ ਆਪਣੇ ਬਾਪ ਦੇ ਨਾਲ ਕਰਦੀ ਸੀ। ਜੋ ਮਿਲ ਗਿਆ ਲੈ ਲਿਆ, ਖਾ ਲਿਆ, ਜੋ ਭਰਾਵਾਂ-ਭਰਜਾਈਆਂ ਨੇ ਦੇ ਦਿੱਤਾ, ਉਹ ਹੀ ਕੱਪੜਾ ਪਾ ਲਿਆ।

ਜਦੋਂ ਤੱਕ ਧੀ ਦਾ ਬਾਪ ਜਿਉਂਦਾ ਹੈ, ਉਦੋਂ ਤੱਕ ਧੀ ਦਾ ਸਭ ਕੁੱਝ ਸੀ, ਉਸਦਾ ਹੱਕ ਸੀ, ਧੀ ਵੀ ਇਹ ਗੱਲ ਚੰਗੀ ਤਰ੍ਹਾਂ ਸਮਝਦੀ ਸੀ। ਅੱਗੇ ਮੈਂ ਲਿਖਣ ਦੀ ਊਰਜਾ ਨਹੀਂ ਰੱਖਦਾ ਹਾਂ। ਇੰਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਪਿਤਾ ਦੇ ਵਾਸਤੇ ਧੀ ਉਸਦੀ ਜ਼ਿੰਦਗੀ ਹੁੰਦੀ ਹੈ ਪਰ ਉਹ ਕਿਸੇ ਨੂੰ ਕਦੇ ਵੀ ਦੱਸਦਾ ਨਹੀਂ। ਧੀ ਵਾਸਤੇ ਉਸਦਾ ਬਾਪ ਇਸ ਸੰਸਾਰ ਦੇ ਵਿਚ ਸਭ ਤੋਂ ਵੱਡੀ ਹਿੰਮਤ ਹੈ ਤੇ ਵਫਾਦਾਰੀ ਹੈ। ਬਾਪ ਦਾ ਜੀਵਨ ਬੇਟੀ ਦੇ ਜੀਵਨ ਵਿਚ ਰਲਗੱਡ ਹੁੰਦਾ ਹੈ ਪਰ ਧੀ ਕਿਸੇ ਨੂੰ ਵੀ ਕੋਈ ਗੱਲ ਕਹਿੰਦੀ ਨਹੀਂ, ਵਿਚੇ-ਵਿਚ ਦਿਲ ਵਿਚ ਪੀ ਜਾਂਦੀ ਹੈ।

ਪਿਤਾ ਦਾ ਪਿਆਰ ਆਪਣੀ ਧੀ ਵਾਸਤੇ ਸਮੁੰਦਰ ਤੋਂ ਵੀ ਡੂੰਘਾ ਹੁੰਦਾ ਹੈ। ਕੌਣ ਦਿਲਾਂ ਦੀਆਂ ਜਾਣ ਸਕਦਾ ਹੈ। ਇਹ ਇਕ ਵਿਲੱਖਣ ਪਿਆਰ ਦੀ ਰੌਅ ਹੁੰਦੀ ਹੈ, ਜੋ ਮਹਿਸੂਸ ਕੀਤੀ ਜਾ ਸਕਦੀ ਹੈ। ਬਾਪ-ਧੀ ਦੇ ਪਿਆਰ ਦੀ ਡੂੰਘਾਈ ਨਾਪੀ ਨਹੀਂ ਜਾ ਸਕਦੀ ਹੈ।

ਬਾਪ ਦੇ ਬਾਅਦ ਬਾਪ ਦੇ ਘਰ ਤਾਂ ਆਉਂਦੀ ਹੈ ਧੀ, ਪਰ ਸੱਧਰਾਂ, ਪਿਆਰਾਂ, ਉਮੰਗਾਂ, ਚਾਵਾਂ ਅਤੇ ਪਿੰਡ ਦੇ ਰਾਹਾਂ ਦੀ ਯਾਦ ਦਿਲ ਵਿਚ ਦੱਬਕੇ ਭਰੇ ਲਹਿਜ਼ੇ ਵਿਚ ਵਾਪਸ ਆਪਣੇ ਸਹੁਰੀ ਚਲੀ ਜਾਂਦੀ ਹੈ। ਵੱਖਰਾ ਜਿਹਾ ਇਕ ਹੌਂਕਾ ਲੈ ਕੇ ਭਰਾਵਾਂ-ਭਰਜਾਈਆਂ ਨੂੰ ਅਸੀਸਾਂ ਦੇਂਦੀ ਆਪਣੇ ਘਰ ਨੂੰ ਤੁਰ ਜਾਂਦੀ ਏ। ਉਸ ਸਮੇਂ ਸਾਰਾ ਸੰਸਾਰ ਹਿੱਲ ਜਾਂਦਾ ਹੈ। ਪੱਥਰ ਵੀ ਮੋਮ ਵਾਂਗ ਤਰਲ ਦਾ ਰੂਪ ਧਾਰ ਲੈਂਦੇ ਹਨ।




# ਦਿਨੋਂ-ਦਿਨ ਵਧ ਰਿਹਾ ਸਾਇਬਰ ਕਰਾਇਮ


-ਜਸਵੰਤ ਸਿੰਘ ਜੋਗਾ

ਫੋਨ : 62396-43306

(Punjab Mail USA)




ਅਸੀਂ ਸਭ ਭਲੀ-ਭਾਂਤ ਜਾਣਦੇ ਹਾਂ ਕਿ ਅੱਜ ਦਾ ਜ਼ਮਾਨਾ ਇੰਟਰਨੈੱਟ ਦਾ ਜ਼ਮਾਨਾ ਹੈ ਹਰ ਕੋਈ ਪੜ੍ਹਿਆ ਜਾਂ ਥੋੜਾ ਪੜ੍ਹਿਆ ਇਨਸਾਨ ਇਸ ਨਾਲ ਜੁੜਿਆ ਹੋਇਆ ਹੈ। ਜੇ ਇੰਟਰਨੈੱਟ ਦੀ ਵਰਤੋਂ ਚੰਗੇ ਲੋਕ ਕਰਦੇ ਨੇ, ਤਾਂ ਮਾੜੇ ਵੀ ਕਰਦੇ ਨੇ, ਜਿਨ੍ਹਾਂ ਦਾ ਕੰਮ ਲੋਕਾਂ ਨੂੰ ਧੋਖੇ ਨਾਲ ਆਪਣੇ ਝਾਂਸੇ 'ਚ ਫਸਾ ਕੇ ਲੁੱਟਣਾ ਹੈ। ਇਸ ਆਨਲਾਇਨ ਕਰਾਇਮ ਦਾ ਸਿਕਾਰ ਪੜ੍ਹੇ-ਲਿਖੇ ਤੇ ਅਨਪੜ੍ਹ ਦੋਵੇਂ ਹੋ ਜਾਂਦੇ ਨੇ, ਜੋ ਬਿਨਾਂ ਸੋਚੇ ਸਮਝੇ ਇਨ੍ਹਾਂ ਦੇ ਝਾਂਸੇ ਵਿਚ ਆ ਕੇ ਲੱਖਾਂ ਰੁਪਿਆ ਤੇ ਆਪਣੀ ਜਾਨ ਤੱਕ ਵੀ ਖਤਮ ਕਰ ਲੈਂਦੇ ਨੇ।

ਇਸ ਬਾਬਤ ਮੈਂ ਤੁਹਾਡੇ ਨਾਲ ਕੁਝ ਘਟੀਆ ਘਟਨਾਵਾਂ ਬਾਰੇ ਜਾਣਕਾਰੀ ਸਾਂਝੀ ਕਰ ਰਿਹਾ, ਜਿਸ ਤੋਂ ਤੁਹਾਨੂੰ ਅਸਾਨੀ ਨਾਲ ਸਮਝ ਆ ਜਾਵੇਗਾ ਕਿ ਇਹ ਸਾਇਬਰ ਕਰਾਇਮ ਦਾ ਲੋਕ ਕਿਵੇਂ ਸ਼ਿਕਾਰ ਹੁੰਦੇ ਨੇ। ਮੈਂ ਇੱਕ ਅਯੁਰਵੈਦਿਕ ਕੰਪਨੀ ਦੇ ਕਾਲ ਸੈਂਟਰ 'ਚ ਕੰਮ ਕਰਦਾ, ਅਸੀਂ ਇਸ ਕੰਪਨੀ ਦੀਆਂ ਦਵਾਈਆਂ ਸੇਲ ਕਰਵਾਉਣ ਦਾ ਕੰਮ ਕਰਦੇ ਹਾਂ। ਜੋ ਪਤਾ ਅਸੀਂ ਗਰਾਹਕ ਦਾ ਆਰਡਰ 'ਤੇ ਲਿਖਦੇ ਹਾਂ, ਉਹੀ ਕੁਝ ਗਰਾਹਕਾਂ ਦਾ ਇਹ ਪਤਾ ਕੁਝ ਸਾਇਬਰ ਕਰਾਇਮ ਦੇ ਲੋਕ ਚੋਰੀ ਕਰ ਲੈਂਦੇ ਨੇ। ਬਾਅਦ ਵਿਚ ਲੋਕਾਂ ਨੂੰ ਇਹ ਲੋਕ ਸਾਡੀ ਕੰਪਨੀ ਦਾ ਪਤਾ ਵਗੈਰਾ ਲਿਖ ਕਿ ਘਰੇ ਚਿੱਠੀ ਭੇਜ ਦਿੰਦੇ ਨੇ ਕਿ ਤੁਹਾਡੀ ਲਾਟਰੀ ਨਿਕਲੀ ਹੈ। ਇਸ ਚਿੱਠੀ ਵਿਚ ਇੰਨੀ ਪਾਰਦਰਸ਼ਤਾ ਪੇਸ਼ ਕੀਤੀ ਜਾਂਦੀ ਹੈ ਕਿ ਸਾਡੀ ਕੰਪਨੀ ਤੋਂ ਦਵਾਈ ਖਾ ਰਹੇ ਗਰਾਹਕ ਨੂੰ ਇਕਦਮ ਯਕੀਨ ਹੋ ਜਾਂਦਾ ਕਿ ਮੇਰੀ ਤਾਂ ਸੱਚੀ ਲਾਟਰੀ ਲੱਗ ਗਈ ਹੈ। ਇਸ ਵਿਚ ਜੋ ਲੋਕ ਫਸ ਜਾਂਦੇ ਨੇ, ਉਹ ਤਾਂ ਹਜ਼ਾਰਾਂ ਰੁਪਏ ਇਨ੍ਹਾਂ ਲੋਕਾਂ ਦੇ ਖਾਤਿਆਂ ਵਿਚ ਭੇਜ ਦਿੰਦੇ ਨੇ। ਜਿਨ੍ਹਾਂ ਨੂੰ ਮਾੜੀ-ਮੋਟੀ ਸੋਝੀ ਹੁੰਦੀ ਹੈ, ਉਹ ਅਜਿਹੀ ਚਿੱਠੀ ਮਿਲਣ 'ਤੇ ਤੁਰੰਤ ਸਾਨੂੰ ਕਾਲ ਕਰਦੇ ਨੇ ਤੇ ਅਸੀਂ ਕਹਿ ਦਿੰਦੇ ਹਾਂ, ਇਸ ਨੂੰ ਨਜ਼ਰਅੰਦਾਜ਼ ਕਰੋ। ਸੋ ਉਹ ਕਰ ਦਿੰਦੇ ਤੇ ਬਚ ਜਾਂਦੇ ਨੇ। ਹੁਣ ਇਹ ਸਿਰਫ ਇੱਕ ਕੰਪਨੀ ਦੀ ਘਟਨਾ ਹੈ। ਪਤਾ ਨਹੀਂ ਇਹ ਲੋਕ ਕਿੰਨੀਆਂ ਕੰਪਨੀਆਂ ਦਾ ਡਾਟਾ ਚੋਰੀ ਕਰਕੇ ਇਸ ਤਰ੍ਹਾਂ ਦੇ ਕਰਾਇਮ ਨੂੰ ਅੰਜਾਮ ਦਿੰਦੇ ਨੇ। ਇਸ ਤੋਂ ਪਹਿਲਾਂ ਮੈਂ ਜਿਸ ਕੰਪਨੀ ਵਿਚ ਕੰਮ ਕਰਦਾ ਸੀ, ਉਹ ਵੀ ਇੱਕ ਏਅਰਟੈਲ ਕੰਪਨੀ ਦਾ ਕਾਲ ਸੈਂਟਰ ਸੀ। ਉੱਥੇ ਵੀ ਬਹੁਤ ਸਾਰੇ ਗਰਾਹਕਾਂ ਦੀਆਂ ਕਾਲਾਂ ਆਉਂਦੀਆਂ ਸਨ ਕਿ ਸਾਡੇ ਕੋਲ ਮੈਸਜ ਆਇਆ ਕਿ ਤੁਹਾਡੀ ਏਅਰਟੈਲ ਕੰਪਨੀ ਨੇ ਲਾਟਰੀ ਕੱਢੀ ਹੈ, ਅਸੀਂ ਪੈਸੇ ਅਗਲੀ ਪਾਰਟੀ ਨੂੰ ਭੇਜ ਦਿੱਤੇ ਹਨ। ਹੁਣ ਅਸੀਂ ਕੀ ਕਰੀਏ। ਇੱਥੇ ਵੀ ਅਸੀਂ ਇਨ੍ਹਾਂ ਲੁੱਟ ਦੇ ਸ਼ਿਕਾਰ ਹੋਏ ਲੋਕਾਂ ਨੂੰ ਕਹਿੰਦੇ ਸਾਂ ਕਿ ਹੁਣ ਤੁਸੀਂ ਅੱਗੇ ਅਜਿਹੇ ਮੈਸਜਾਂ ਨੂੰ ਨਜ਼ਰਅੰਦਾਜ਼ ਕਰੋ ਤੇ ਫਿਲਹਾਲ ਲਈ ਇਸ ਘਟਨਾ ਦੀ ਸ਼ਿਕਾਇਤ ਸਾਇਬਰ ਕਰਾਇਮ ਬਰਾਂਚ ਵਿਚ ਕਰਵਾਓ।

ਇਸ ਤਰ੍ਹਾਂ ਕੁਝ ਲੋਕਾਂ ਕੋਲ ਮੈਸਜ ਆਉਂਦੇ ਨੇ ਕਿ ਕੌਣ ਬਣੇਗਾ ਕਰੋੜਪਤੀ ਵਿਚ ਤੁਹਾਡੀ ਲਾਟਰੀ ਲੱਗੀ ਹੈ। ਇਸ ਕੇਸ ਵਿਚ ਵੀ ਉਹੀ ਕਹਾਣੀ ਵਾਪਰਦੀ ਹੈ, ਜੋ ਬਾਕੀ ਕੇਸਾਂ ਵਿਚ ਹੋਰਾਂ ਲੋਕਾਂ ਨਾਲ ਵਾਪਰਦੀ ਹੈ। ਸਾਇਬਰ ਕਰਾਇਮ ਕਰਨ ਵਾਲੇ ਲੋਕਾਂ ਦਾ ਇਹ ਤਰੀਕਾ ਸਭ ਤੋਂ ਜ਼ਿਆਦਾ ਖਤਰਨਾਕ ਤੇ ਅਸਰਦਾਰ ਹੈ। ਅਗਲਾ ਤਰੀਕਾ ਇਸ ਤੋਂ ਵੀ ਜ਼ਿਆਦਾ ਖਤਰਨਾਕ ਤੇ ਅਸ਼ਲੀਲ ਹੈ, ਜਿਸਦਾ ਸ਼ਿਕਾਰ ਲੋਕ ਸਭ ਤੋਂ ਸੋਸਲ ਐਪਲੀਕੇਸਨਾਂ ਰਾਹੀਂ ਹੋ ਰਹੇ ਹਨ। ਅਜਿਹੀ ਘਟਨਾ ਮੇਰੇ ਇੱਕ ਮਿੱਤਰ ਨਾਲ ਘਟੀ। ਉਸਨੂੰ ਪਹਿਲਾਂ ਕਿਸੇ ਕੁੜੀ ਦੇ ਨਾਮ 'ਤੇ ਚੱਲਣ ਵਾਲੀ ਸੋਸ਼ਲ ਆਈ.ਡੀ. ਤੋਂ ਮਿੱਤਰ ਬਣਾਇਆ ਗਿਆ। ਬਾਦ ਵਿਚ ਦਿਨੋਂ-ਦਿਨ ਗੱਲ ਹੋਣ ਲੱਗੀ। ਫੇਰ ਉਹ ਕੁੜੀ ਨੇ ਮੁੰਡੇ ਨੂੰ ਅਸ਼ਲੀਲ ਵੀਡੀਓ ਕਾਲ ਕੀਤੀ। ਮੁੰਡਾ ਕਾਮ ਵਾਸਨਾ ਦਾ ਸ਼ਿਕਾਰ ਹੁੰਦਾ-ਹੁੰਦਾ ਇਨ੍ਹਾਂ ਲੋਕਾਂ ਦੀ ਇਸ ਗੰਦੀ ਚਾਲ ਵਿਚ ਫਸਦਾ ਗਿਆ। ਕੁੜੀ ਦੇ ਮੁੰਡੇ ਨੂੰ ਵੀ ਅਸ਼ਲੀਲ ਹੋਣ ਲਈ ਰਾਜ਼ੀ ਕੀਤਾ ਤੇ ਮੁੰਡਾ ਰਾਜ਼ੀ ਹੋ ਗਿਆ। ਹੁੰਦੀ ਹਵਾਂਦੀ ਗੱਲ ਉਸ ਕੁੜੀ ਨੇ ਮੁੰਡੇ ਦੀ ਵੀਡੀਓ ਕਾਲ ਦੀ ਅਸ਼ਲੀਲ ਵੀਡੀਓ ਕਾਲ ਵਾਲੀ ਰਿਕਾਰਡਿੰਗ ਬਣਾ ਕੇ ਮੁੰਡੇ ਨੂੰ ਭੇਜੀ। ਮੁੰਡਾ ਡਰ ਗਿਆ ਤੇ ਤੁਰੰਤ ਮੁੰਡੇ ਨੇ ਉਸ ਕੁੜੀ ਨੂੰ ਸੋਸ਼ਲ ਐਪ ਤੋਂ ਬਲੌਕ ਕਰ ਦਿੱਤਾ। ਗੱਲ ਇੱਥੇ ਹੀ ਖਤਮ ਨਹੀਂ ਹੋਈ। ਕੁੜੀ ਨੇ ਮੁੰਡੇ ਦਾ ਫੋਨ ਨੰਬਰ ਤੱਕ ਲੈ ਲਿਆ ਸੀ। ਮੁੰਡੇ ਨੇ ਜਦੋਂ ਬਲੌਕ ਕੀਤਾ, ਤਾਂ ਉਸਦੇ ਨੰਬਰ 'ਤੇ ਇਨ੍ਹਾਂ ਦਾ ਫੋਨ ਆਉਣਾ ਲਾਜ਼ਮੀ ਸੀ। ਇੱਥੇ ਇਸ ਗੱਲ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਦੇ ਸਾਇਬਰ ਕਰਾਇਮ ਦੇ ਇਸ ਤਰੀਕੇ ਵਿਚ ਇਸ ਤਰ੍ਹਾਂ ਵੀਡੀਓ ਕਾਲ ਦੀ ਵੀਡੀਓ ਬਣਾਉਣ ਤੋਂ ਬਾਅਦ ਸਭ ਤੋਂ ਪਹਿਲਾਂ ਇਹ ਲੋਕ ਵੀਡੀਓ ਵੈਟਸ ਐਪ 'ਤੇ ਭੇਜ ਕੇ ਪੈਸਿਆਂ ਦੀ ਮੰਗ ਕਰਦੇ ਨੇ। ਗੱਲ ਨਾ ਬਣੇ, ਤਾਂ ਫਿਰ ਇੱਕ ਝੂਠੀ ਐੱਫ.ਆਈ.ਆਰ. ਦੀ ਕਾਪੀ ਭੇਜਣਗੇ, ਜਿਸ ਵਿਚ ਇਸ ਅਸ਼ਲੀਲ ਵੀਡੀਓ ਕਾਲ ਦਾ ਸ਼ਿਕਾਰ ਹੋਏ ਮੁੰਡੇ 'ਤੇ ਕੇਸ ਕਰਨ ਦੀ ਧਮਕੀ ਭੇਜੀ ਜਾਂਦੀ ਹੈ। ਹੁਣ ਜੇ ਇੱਥੇ ਤੱਕ ਗੱਲ ਨਾ ਬਣੇ, ਤਾਂ ਫਿਰ ਉਸ ਮੁੰਡੇ ਨੂੰ ਕਾਲ ਆਉਂਦੀ ਹੈ, ਜਿਸ ਤਰ੍ਹਾਂ ਮੇਰੇ ਮਿੱਤਰ ਕੋਲ ਆਈ ਸੀ। ਉਸ ਵਿਚ ਕਿਹਾ, ਇੱਕ ਮੁੰਡਾ ਗੱਲ ਕਰੇਗਾ ਤੇ ਬੋਲੇਗਾ ਕਿ ਮੈਂ ਸਾਇਬਰ ਕਰਾਇਮ ਬਰਾਂਚ ਦਾ ਇੰਸਪੈਕਟਰ ਗੱਲ ਕਰ ਰਿਹਾ ਹਾਂ। ਤੇਰਾ ਇੱਕ ਕੁੜੀ ਨਾਲ ਵੀਡੀਓ ਕਾਲ ਤੇ ਸੈਕਸ ਹੋਇਆ। ਤੈਨੂੰ ਗ੍ਰਿਫਤਾਰ ਕਰਨ ਲਈ ਮੈਂ ਚੌਵੀ ਘੰਟਿਆਂ ਵਿਚ ਟੀਮ ਭੇਜ ਰਿਹਾ।

ਇਸੇ ਤਰ੍ਹਾਂ ਦੀਆਂ ਹੀ ਗੱਲਾਂ ਮੇਰੇ ਦੋਸਤ ਨਾਲ ਹੋਈਆਂ, ਜੋ ਮੈਨੂੰ ਉਸਦੇ ਆਡੀਓ ਕਾਲ ਰਿਕਾਰਡਿੰਗ ਸੁਣਨ 'ਤੇ ਪਤਾ ਲੱਗੀਆਂ। ਇਸ ਤਰ੍ਹਾਂ ਦੇ ਸਾਇਬਰ ਕਰਾਇਮ ਦੇ ਪੀੜਤ ਵਿਅਕਤੀ ਦੀ ਹਾਲਤ ਸਾਧਾਰਨ ਨਹੀਂ ਹੁੰਦੀ ਕਿਉਂਕਿ ਇਹ ਲੋਕ ਬੰਦੇ ਨੂੰ ਬੁਰੀ ਤਰ੍ਹਾਂ ਡਰਾ ਦਿੰਦੇ ਨੇ। ਉਹ ਜਾਂ ਤਾਂ ਪੈਸੇ ਦੇ ਦਿੰਦੇ ਨੇ ਜਾਂ ਜਾਨ ਤੋਂ ਹੱਥ ਧੋ ਬਹਿੰਦੇ ਨੇ। ਪਿਛਲੇ ਮਹੀਨੇ ਇੱਕ ਨੌਜਵਾਨ ਜੋ ਇਸੇ ਤਰ੍ਹਾਂ ਦੇ ਮਾਮਲੇ ਦਾ ਸ਼ਿਕਾਰ ਹੋਇਆ, ਜੋ ਡਰ ਨਾ ਸਹਾਰਦਾ ਹੋਇਆ ਸੂਏ ਵਿਚ ਡੁੱਬ ਕੇ ਮਰ ਗਿਆ। ਮੇਰੇ ਮਿੱਤਰ ਨੂੰ ਜਿਵੇਂ ਮੈਂ ਬਚਾਇਆ ਉਸੇ ਤਰ੍ਹਾਂ ਹੀ ਸਭ ਨੂੰ ਬਚਣਾ ਪਵੇਗਾ। ਮੈਂ ਆਪਣੇ ਮਿੱਤਰ ਦੀ ਰਿਕਾਰਡਿੰਗ ਸੁਣੀ। ਉਹ ਬੜਾ ਡਰਿਆ ਹੋਇਆ ਸੀ। ਮੈਂ ਸਿਰਫ ਉਸ ਨੂੰ ਇੱਕ ਗੱਲ ਦੱਸੀ ਕਿ ਤੈਨੂੰ ਕੁਝ ਨਹੀਂ ਹੋਵੇਗਾ। ਤੂੰ ਇਸ ਤਰ੍ਹਾਂ ਦੇ ਬੰਦਿਆਂ ਨਾਲ ਰਾਬਤਾ ਬਿਲਕੁਲ ਬੰਦ ਕਰ ਦੇ। ਉਸ ਨੇ ਇੰਝ ਹੀ ਕੀਤਾ। ਉਸ ਦੀ ਨਾਂ ਤਾਂ ਵੀਡੀਓ ਕਿਸੇ ਤੱਕ ਭੇਜੀ, ਨਾ ਹੀ ਅੱਜ ਤੱਕ ਸਾਡੇ ਰੂਮ ਵਿਚ ਪੁਲਿਸ ਆਈ ਕਿਉਂਕਿ ਇਸੇ ਤਰ੍ਹਾਂ ਦੇ ਕਰਾਇਮ ਕਰਿੰਦਿਆਂ ਦਾ ਕੰਮ ਸਿਰਫ ਪੈਸਾ ਲੁੱਟਣਾ ਹੁੰਦਾ। ਇਸ ਕੇਸ ਵਿਚ ਮੈਂ ਇਹ ਜ਼ਰੂਰ ਦੱਸਣਾ ਚਹਾਂਗਾ ਕਿ ਇਸ ਤਰੀਕੇ ਦਾ ਇਸਤੇਮਾਲ ਕਰਨ ਵਾਲੇ ਲੋਕ ਜ਼ਿਆਦਾਤਰ ਪ੍ਰਸਿੱਧ ਲੋਕਾਂ ਜਾਂ ਜੋ ਲੋਕਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਆਣਜਾਣ ਲੁਟੇਰੇ ਬੰਦਿਆਂ ਦਾ ਸ਼ਿਕਾਰ ਹੋਣ ਜਾ ਰਹੇ ਨੇ, ਤੇ ਇਹ ਮੁੰਡੇ ਆਮ ਜਿਵੇਂ ਕੁੜੀਆਂ ਨਾਲ ਸੋਸ਼ਲ ਐਪਲੀਕੇਸਨਾਂ 'ਤੇ ਗੱਲ ਕਰਦੇ ਨੇ, ਉਂਝ ਹਰ ਰੋਜ਼ ਗੱਲ ਕਰਨ ਲੱਗ ਜਾਂਦੇ ਨੇ, ਇਹ ਸ਼ਿਕਾਰ ਹੁੰਦੇ ਨੇ। ਪਿਛਲੇ ਦਿਨਾਂ ਵਿਚ ਫੇਸਬੁੱਕ 'ਤੇ ਦੋ ਧਾਰਮਿਕ ਲੋਕਾਂ ਦੀਆਂ ਅਸ਼ਲੀਲ ਵੀਡੀਓ ਕਾਲਾਂ ਦੀ ਰਿਕਾਰਡਿੰਗ ਸਾਹਮਣੇ ਆਈਆਂ। ਇਹ ਸਾਇਬਰ ਕਰਾਇਮ ਕਰਦੇ ਸਮੇਂ ਇਹ ਲੋਕ ਵੀਡੀਓ ਕਾਲ ਵਿਚ ਕੁੜੀ ਦੀ ਅਜਿਹੀ ਵੀਡੀਓ ਕਾਲ ਚਲਾਉਂਦੇ ਨੇ, ਜਿਸ ਨੂੰ ਦੇਖਣ 'ਤੇ ਲੋਕਾਂ ਨੂੰ ਲੱਗਦਾ ਕਿ ਇਹ ਵੀਡੀਓ ਵਾਲੀ ਕੁੜੀ ਅਸਲੀ ਹੈ ਤੇ ਉਹ ਸ਼ਿਕਾਰ ਹੋ ਜਾਂਦੇ ਨੇ।

ਸੋ ਆਓ, ਇਸ ਤਰ੍ਹਾਂ ਦੇ ਸਾਇਬਰ ਕਰਾਇਮ ਤੋਂ ਬਚੀਏ ਤੇ ਹੋਰਾਂ ਨੂੰ ਇਸ ਬਾਰੇ ਸੁਚੇਤ ਕਰੀਏ। ਬਚਣ ਦਾ ਆਸਾਨ ਜਿਹੇ ਕੁਝ ਤਰੀਕੇ ਨੇ। ਸਭ ਤੋਂ ਪਹਿਲਾਂ ਤੁਹਾਡੇ ਕੋਲ ਕਿਸੇ ਵੀ ਪ੍ਰਕਾਰ ਦਾ ਅਣਜਾਣ ਵਿਅਕਤੀ ਦੇ ਖਾਤੇ ਤੋਂ ਮੈਸਜ ਆਉਂਦਾ, ਉਸ ਵਿਅਕਤੀ ਨਾਲ ਓਨਾਂ ਚਿਰ ਕੋਈ ਰਾਬਤਾ ਨਾ ਕਰੋ, ਜਿੰਨਾ ਚਿਰ ਤੁਸੀਂ ਉਸ ਵਿਅਕਤੀ ਨੂੰ ਚੰਗੀ ਤਰ੍ਹਾਂ ਜਾਣ ਨਹੀਂ ਲੈਂਦੇ। ਕਿਸੇ ਵਿਅਕਤੀ ਨਾਲ ਆਪਣੇ ਬੈਂਕ ਖਾਤੇ ਦੀ ਜਾਣਕਾਰੀ ਸਾਂਝੀ ਨਾ ਕਰੋ। ਲਾਟਰੀਆਂ ਆਲੇ ਬਕਵਾਸ ਮੈਸਜਾਂ 'ਤੇ ਕਦੇ ਭਰੋਸਾ ਨਾ ਕਰੋ, ਅਸ਼ਲੀਲ ਵੀਡੀਓ ਕਾਲਾਂ ਆਲੇ ਗੈਂਗ ਤੋਂ ਆਪਣੇ ਆਪ ਨੂੰ ਬਚਾ ਕੇ ਰੱਖੋ। ਆਪ ਬਚੋ, ਦੂਜਿਆਂ ਨੂੰ ਬਚਾਉ...।







# ਅਡਾਨੀ ਨੂੰ ਦਿਨੇ ਤਾਰੇ ਦਿਖਾਉਣ ਵਾਲੀ ਹਿੰਡਨਬਰਗ ਕੰਪਨੀ ਦਾ ਮਾਲਕ ਨੇਥਨ ਐਂਡਰਸਨ ਕਿਸੇ ਸਮੇਂ ਐਂਬੂਲੈਂਸ ਦਾ ਡਰਾਈਵਰ ਹੁੰਦਾ ਸੀ





ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)


25 ਫਰਵਰੀ ਨੂੰ ਅਮਰੀਕਾ ਦੀ ਵਿੱਤੀ ਖੋਜ ਕੰਪਨੀ ਹਿੰਡਨਬਰਗ ਨੇ ਜਿਵੇਂ ਹੀ ਗੌਤਮ ਅਡਾਨੀ ਦੀ ਕੰਪਨੀ ਅਡਾਨੀ ਗਰੁੱਪ ਵੱਲੋਂ ਕੀਤੇ ਜਾ ਰਹੇ ਕਥਿਤ ਘੁਟਾਲਿਆਂ ਬਾਰੇ 413 ਪੇਜ਼ਾਂ ਦੀ ਇੱਕ ਵਿਸਥਾਰਿਤ ਰਿਪੋਰਟ ਦੁਨੀਆਂ ਦੇ ਸਾਹਮਣੇ ਪੇਸ਼ ਕੀਤੀ, ਅਡਾਨੀ ਗਰੁੱਪ ਦੇ ਸ਼ੇਅਰਾਂ ਦੀ ਕੀਮਤ ਧੜਾਧੜ ਥੱਲੇ ਨੂੰ ਆਉਣ ਲੱਗ ਪਈ। ਕੁਝ ਹੀ ਦਿਨਾਂ ਵਿਚ ਗੌਤਮ ਅਡਾਨੀ ਸੰਸਾਰ ਦੇ ਦੂਸਰੇ ਅਮੀਰ ਆਦਮੀ ਦੀ ਪਦਵੀ ਤੋਂ ਡਿੱਗ ਕੇ ਦਸਵੇਂ ਸਥਾਨ ’ਤੇ ਪਹੁੰਚ ਗਿਆ ਹੈ। ਹਿੰਡਨਬਰਗ ਦੀ ਰਿਪੋਰਟ ਨੇ ਵਿਸ਼ਵ ਪੱਧਰ ’ਤੇ ਐਸੀ ਤਰਥੱਲੀ ਮਚਾਈ ਹੈ ਕਿ ਅੱਜ ਤੱਕ ਅਡਾਨੀ ਗਰੁੱਪ ਦੇ ਸ਼ੇਅਰ ਥੱਲੇ ਤੋਂ ਥੱਲੇ ਹੀ ਜਾ ਰਹੇ ਹਨ। ਆਖਰ ਕੌਣ ਹੈ ਇਹ ਹਿੰਡਨਬਰਗ ਕੰਪਨੀ ਜਿਸ ਦੀਆਂ ਖੋਜੀ ਰਿਪੋਰਟਾਂ ਨੂੰ ਵਿਸ਼ਵ ਪੱਧਰ ’ਤੇ ਐਨੀ ਤਵੱਜੋ ਅਤੇ ਵਿਸ਼ਵਾਸ ਹਾਸਲ ਹੈ ਕਿ ਉਨ੍ਹਾਂ ਨੂੰ ਪੱਥਰ ’ਤੇ ਲਕੀਰ ਮੰਨ ਲਿਆ ਜਾਂਦਾ ਹੈ। ਹਿੰਡਨਬਰਗ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿਚ ਕੰਮ ਕਰ ਰਹੀ ਇੱਕ ਵਿੱਤੀ ਖੋਜ ਕੰਪਨੀ ਹੈ, ਜੋ ਵਿਸ਼ਵ ਪੱਧਰ ਦੀਆਂ ਖਰਬਪਤੀ ਕੰਪਨੀਆਂ ਦੇ ਕਾਲੇ ਕਾਰ ਵਿਹਾਰ, ਗੁਪਤ ਖਾਤੇ ਅਤੇ ਭ੍ਰਿਸ਼ਟ ਲੈਣ-ਦੇਣ ਆਦਿ ਬਾਰੇ ਬਰੀਕੀ ਅਤੇ ਵਿਸਥਾਰ ਨਾਲ ਖੋਜ ਪੜਤਾਲ ਕਰਕੇ ਉਨ੍ਹਾਂ ਵੱਲੋਂ ਸਰਕਾਰ, ਨਿਵੇਸ਼ਕਾਂ ਅਤੇ ਗਾਹਕਾਂ ਨਾਲ ਕੀਤੇ ਜਾ ਰਹੇ ਧੋਖੇ ਅਤੇ ਵਿੱਤੀ ਘਪਲਿਆਂ ਨੂੰ ਸਾਹਮਣੇ ਲਿਆਉਂਦੀ ਹੈ। ਇਸ ਵੱਲੋਂ ਪ੍ਰਕਾਸ਼ਿਤ ਰਿਪੋਰਟਾਂ ਐਨੀ ਸਟੀਕਤਾ ਅਤੇ ਸਖਤ ਪੁਣਛਾਣ ਤੋਂ ਬਾਅਦ ਤਿਆਰ ਕੀਤੀਆਂ ਜਾਂਦੀਆਂ ਹਨ ਕਿ ਅੱਜ ਤੱਕ ਕਿਸੇ ਕੰਪਨੀ ਨੇ ਇਨ੍ਹਾਂ ਦੇ ਖਿਲਾਫ ਅਦਾਲਤ ਵਿਚ ਜਾਣ ਦੀ ਹਿੰਮਤ ਨਹੀਂ ਕੀਤੀ, ਤੇ ਜੇ ਕਿਸੇ ਨੇ ਕੀਤੀ ਵੀ, ਤਾਂ ਉਸ ਦੇ ਅਨੇਕਾਂ ਹੋਰ ਪੋਲ ਖੁੱਲ੍ਹ ਗਏ ਹਨ।

ਇੱਕ ਹਫਤਾ ਪਹਿਲਾਂ ਤੱਕ ਭਾਰਤ ਵਿਚ ਕੋਈ ਨੇਥਨ ਐਂਡਰਸਨ ਅਤੇ ਹਿੰਡਨਬਰਗ ਦਾ ਨਾਮ ਤੱਕ ਨਹੀਂ ਸੀ ਜਾਣਦਾ। ਨੇਥਨ ਐਂਡਰਸਨ ਦਾ ਜਨਮ ਅਮਰੀਕਾ ਦੇ ਕਨੈਕਟੀਕਟ ਸੂਬੇ ਦੇ ਸ਼ਹਿਰ ਹਾਰਟਫੋਰਡ ਦੇ ਇੱਕ ਸਾਧਾਰਨ ਪਰਿਵਾਰ ਵਿਚ ਹੋਇਆ ਸੀ। ਸਕੂਲੀ ਪੜ੍ਹਾਈ ਖਤਮ ਕਰਨ ਤੋਂ ਬਾਅਦ ਉਹ ਇਜ਼ਰਾਈਲ ਚਲਾ ਗਿਆ ਤੇ ਕੁਝ ਸਾਲਾਂ ਤੱਕ ਯੋਰੂਸ਼ਲਮ ਸ਼ਹਿਰ ਦੇ ਸਰਕਾਰੀ ਹਸਪਤਾਲ ਵਿਚ ਐਂਬੂਲੈਂਸ ਚਲਾਉਂਦਾ ਰਿਹਾ। ਉਥੋਂ ਵਾਪਸ ਆ ਕੇ ਉਸ ਨੇ ਯੂਨੀਵਰਸਿਟੀ ਆਫ ਕਨੈਕਟੀਕਟ ਤੋਂ ਇੰਟਰਨੈਸ਼ਨਲ ਬਿਜ਼ਨਸ ਵਿਚ ਡਿਗਰੀ ਹਾਸਲ ਕੀਤੀ ਤੇ ਇੱਕ ਵਿੱਤੀ ਖੋਜ ਕੰਪਨੀ ਫੈਕਟਸੈਟ ਵਿਚ ਬਤੌਰ ਡਾਟਾ ਐਨੀਲੈਸਟ ਨੌਕਰੀ ਸ਼ੁਰੂ ਕਰ ਦਿੱਤੀ। ਇਹ ਕੰਪਨੀ ਵੀ ਛੋਟੇ ਪੱਧਰ ’ਤੇ ਵਿੱਤੀ ਘੁਟਾਲਿਆਂ ਦੀ ਖੋਜਬੀਨ ਦਾ ਕੰਮ ਕਰਦੀ ਸੀ। ਇਥੇ ਕੰਮ ਕਰਦੇ ਸਮੇਂ ਉਸ ਨੂੰ ਅਪਾਰ ਤਜ਼ਰਬਾ ਹਾਸਲ ਹੋਇਆ ਤੇ ਉਸ ਦਾ ਮਨ ਇਸ ਕੰਮ ਵਿਚ ਪੂਰੀ ਤਰ੍ਹਾਂ ਨਾਲ ਖੁੱਭ ਗਿਆ। ਇਸ ਕੰਪਨੀ ਵਿਚ ਛੇ ਸਾਲ ਕੰਮ ਕਰਨ ਤੋਂ ਬਾਅਦ ਉਸ ਨੇ 2017 ਵਿਚ ਆਪਣੀ ਅਲੱਗ ਕੰਪਨੀ ਖੋਲ੍ਹ ਲਈ ਤੇ ਜਲਦੀ ਹੀ ਅਮਰੀਕੀ ਬਿਜ਼ਨਸ ਸੰਸਾਰ ਵਿਚ ਇੱਕ ਵੱਡਾ ਨਾਮ ਬਣ ਗਿਆ। ਹੈਰਾਨੀ ਦੀ ਗੱਲ ਹੈ ਕਿ ਉਸ ਦੀ ਕੰਪਨੀ ਵਿਚ ਉਸ ਸਮੇਤ ਸਿਰਫ ਦਸ ਕਰਮਚਾਰੀ ਕੰਮ ਕਰਦੇ ਹਨ ਤੇ ਇੱਹ ਇੱਕ ਕਮਰੇ ਦੇ ਦਫਤਰ ਤੋਂ ਆਪਣਾ ਸਾਰਾ ਕੰਮਕਾਜ ਚਲਾਉਂਦੀ ਹੈ।

ਉਸ ਨੇ ਆਪਣੀ ਕੰਪਨੀ ਦਾ ਨਾਮ ਹਾਈਡਰੋਜਨ ਗੈਸ ਦੇ ਵਿਸ਼ਾਲ ਗੁਬਾਰੇ ਦੀ ਮਦਦ ਨਾਲ ਉੱਡਣ ਵਾਲੇ ਜਰਮਨੀ ਨਿਰਮਿਤ ਹਿੰਡਨਬਰਗ ਏਅਰਸ਼ਿੱਪ ਦੇ ਨਾਮ ’ਤੇ ਰੱਖਿਆ ਹੈ, ਜੋ 6 ਮਈ 1937 ਨੂੰ ਅਮਰੀਕਾ ਦੇ ਮਾਨਚੈਸਟਰ ਸ਼ਹਿਰ (ਨਿਊਜਰਸੀ ਸਟੇਟ) ਦੇ ਨੇਵਲ ਏਅਰਪੋਰਟ ’ਤੇ ਉੱਤਰਦੇ ਸਮੇਂ ਹਾਈਡਰੋਜਨ ਗੈਸ ਨੂੰ ਅੱਗ ਲੱਗ ਜਾਣ ਕਾਰਨ ਤਬਾਹ ਹੋ ਗਿਆ ਸੀ। ਇਸ ਹਾਦਸੇ ਕਾਰਨ 35 ਯਾਤਰੀ ਮਾਰੇ ਗਏ ਸਨ ਤੇ 45 ਦੇ ਕਰੀਬ ਜ਼ਖਮੀ ਹੋਏ ਸਨ। ਬਾਅਦ ਵਿਚ ਹੋਈ ਜਾਂਚ ਪੜਤਾਲ ਵਿਚ ਇਹ ਹਾਦਸਾ ਪੂਰੀ ਤਰ੍ਹਾਂ ਨਾਲ ਇਨਸਾਨੀ ਅਣਗਹਿਲੀ ਕਾਰਨ ਹੋਇਆ ਪਾਇਆ ਗਿਆ ਸੀ। ਨੇਥਨ ਦਾ ਕਹਿਣਾ ਹੈ ਕਿ ਧੋਖੇਬਾਜ਼ ਕੰਪਨੀਆਂ ਵੀ ਨਿਵੇਸ਼ਕਾਂ ਨੂੰ ਠੱਗਣ ਲਈ ਹਿੰਡਨਬਰਗ ਵਰਗੇ ਵਿਸ਼ਾਲ ਤੇ ਝੂਠੇ ਸੁਪਨੇ ਵਿਖਾਉਂਦੀਆਂ ਹਨ, ਜੋ ਬਾਅਦ ਵਿਚ ਹਿੰਡਨਬਰਗ ਵਾਂਗ ਫਟ ਕੇ ਲੱਖਾਂ ਲੋਕਾਂ ਦੀ ਜ਼ਿੰਦਗੀ ਭਰ ਦੀ ਕਮਾਈ ਸਵਾਹ ਕਰ ਦਿੰਦੇ ਹਨ ਤੇ ਕੰਪਨੀਆਂ ਕਾਨੂੰਨੀ ਦਾਅਪੇਚਾਂ ਦਾ ਸਹਾਰਾ ਲੈ ਕੇ ਸਾਫ ਬਚ ਨਿਕਲਦੀਆਂ ਹਨ। ਹਿੰਡਨਬਰਗ ਕੰਪਨੀ ਦੀ ਵੈੱਬਸਾਈਟ ਦੇ ਮੁਤਾਬਕ ਉਹ ਹੁਣ ਤੱਕ ਵਿਸ਼ਵ ਭਰ ਦੀਆਂ 17 ਕੰਪਨੀਆਂ ਦੇ ਗਲਤ ਕੰਮਾਂ ਦਾ ਭਾਂਡਾ ਫੋੜ ਕੇ ਉਨ੍ਹਾਂ ਦੇ ਕਾਲੇ ਕਾਰਨਾਮੇ ਦੁਨੀਆਂ ਦੇ ਸਾਹਮਣੇ ਲਿਆ ਚੁੱਕੀ ਹੈ।

ਹਿੰਡਨਬਰਗ ਕੰਪਨੀ ਦਾ ਕੰਮ ਕਰਨ ਦਾ ਤਰੀਕਾ ਬਹੁਤ ਹੀ ਧੀਰਜ ਵਾਲਾ ਅਤੇ ਅੱਤ ਆਧੁਨਿਕ ਹੈ। ਜਿਸ ਸ਼ੱਕੀ ਕੰਪਨੀ ਦੀ ਉਸ ਨੇ ਜਾਂਚ ਕਰਨੀ ਹੋਵੇ, ਉਸ ਨੂੰ ਪਤਾ ਲੱਗੇ ਬਗੈਰ ਬਹੁਤ ਹੀ ਗੁੱਪ-ਚੁੱਪ ਤਰੀਕੇ ਉਸ ਦੇ ਵਹੀ-ਖਾਤੇ ਅਤੇ ਕੰਮ ਕਰਨ ਦੇ ਤਰੀਕਿਆਂ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਸ ਕੰਮ ਵਿਚ ਇਸ ਦੀ ਸਭ ਤੋਂ ਵੱਧ ਮਦਦ ਖੋਜੀ ਪੱਤਰਕਾਰ, ਕੰਪਨੀ ਤੋਂ ਨਾਰਾਜ਼ ਤੇ ਬਰਤਰਫ ਕੀਤੇ ਹੋਏ ਕਰਮਚਾਰੀ ਅਤੇ ਹੋਰ ਘਰ ਦੇ ਭੇਤੀ ਕਰਦੇ ਹਨ। ਅਡਾਨੀ ਗਰੁੱਪ ਬਾਰੇ ਹਿੰਡਨਗਰਗ ਦਾ ਦਾਅਵਾ ਹੈ ਕਿ ਉਸ ਦੀ ਜਾਂਚ-ਪੜਤਾਲ ਵਾਸਤੇ ਉਸ ਨੇ ਤਿੰਨ ਸਾਲ ਖਰਚ ਕੀਤੇ ਹਨ। ਅਡਾਨੀ ਗਰੁੱਪ ਤੋਂ ਇਲਾਵਾ ਉਸ ਦੀਆਂ ਸਭ ਤੋਂ ਪ੍ਰਸਿੱਧ ਵਿੱਤੀ ਬੇਨਿਯਮੀ ਖੋਜਾਂ ਵਿਚ ਬਿਜਲਈ ਗੱਡੀਆਂ ਬਣਾਉਣ ਵਾਲੀ ਨਿਕੋਲਾ ਕੰਪਨੀ ਅਤੇ ਦਵਾਈਆਂ ਬਣਾਉਣ ਵਾਲੀ ਕਲੋਵ ਹੈੱਲਥ ਕੰਪਨੀ ਸ਼ਾਮਲ ਹੈ। ਨਿਕੋਲਾ ਕੰਪਨੀ ਦਾਅਵਾ ਕਰਦੀ ਸੀ ਕਿ ਉਹ ਹਾਈਡਰੋਜ਼ਨ ਅਤੇ ਇਲੈੱਕਟਰਿਕ ਫਿਊਲ ਸੈੱਲ ਦੁਆਰਾ ਚੱਲਣ ਵਾਲੀਆਂ ਜ਼ੀਰੋ ਪ੍ਰਦੂਸ਼ਣ ਗੱਡੀਆਂ ਤਿਆਰ ਕਰਦੀ ਹੈ। ਉਸ ਬਾਰੇ ਡੂੰਘਾਈ ਨਾਲ ਜਾਂਚ ਪੜਤਾਲ ਕਰਕੇ ਹਿੰਡਨਬਰਗ ਨੇ ਸਤੰਬਰ 2020 ਵਿਚ ਇੱਕ ਰਿਪੋਰਟ ਪ੍ਰਕਾਸ਼ਿਤ ਕੀਤੀ ਕਿ ਨਿਕੋਲਾ ਕੰਪਨੀ ਇੱਕ ਬਹੁਤ ਵੱਡੇ ਫਰਾਡ ਤੋਂ ਇਲਾਵਾ ਕੁਝ ਨਹੀਂ ਹੈ। ਇਸ਼ਤਿਹਾਰੀ ਵੀਡੀਉ ਵਿਚ ਜਿਸ ਬਿਜਲਈ ਟਰੱਕ ਨੂੰ ਬਹੁਤ ਤੇਜ਼ੀ ਨਾਲ ਦੌੜਦਾ ਹੋਇਆ ਵਿਖਾਇਆ ਗਿਆ ਹੈ, ਅਸਲ ਵਿਚ ਉਹ ਢਲਾਣ ਤੋਂ ਥੱਲੇ ਵੱਲ ਜਾ ਰਿਹਾ ਸੀ। ਹੋਰ ਤਾਂ ਹੋਰ ਉਹ ਟਰੱਕ ਨਿਕੋਲਾ ਕੰਪਨੀ ਦਾ ਹੈ ਹੀ ਨਹੀਂ ਸੀ, ਸਗੋਂ ਜਨਰਲ ਮੋਟਰ ਦਾ ਬਣਿਆ ਹੋਇਆ ਸੀ ਤੇ ਉਸ ’ਤੇ ਸਿਰਫ ਨਿਕੋਲਾ ਦਾ ਲੋਗੋ ਚੇਪਿਆ ਹੋਇਆ ਸੀ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਸੀ ਕਿ ਨਿਕੋਲਾ ਕੰਪਨੀ ਲਗਾਤਾਰ ਨਿਵੇਸ਼ਕਾਂ ਅਤੇ ਸ਼ੇਅਰ ਹੋਲਡਰਾਂ ਨੂੰ ਧੋਖਾ ਦੇ ਰਹੀ ਹੈ, ਜਿਸ ਵਿਚ ਉਸ ਦਾ ਚੇਅਰਮੈਨ ਟਰੈਵਰ ਮਿਲਟਨ ਪੂਰੀ ਤਰ੍ਹਾਂ ਨਾਲ ਸ਼ਾਮਲ ਹੈ। ਇਸ ਰਿਪੋਰਟ ਦੇ ਪ੍ਰਕਾਸ਼ਿਤ ਹੁੰਦੇ ਸਾਰ ਨਿਕੋਲਾ ਦੇ ਸ਼ੇਅਰ 40% ਤੱਕ ਡਿੱਗ ਪਏ ਤੇ ਉਸ ਦੇ ਖਿਲਾਫ ਅਮਰੀਕੀ ਨਿਆਂ ਵਿਭਾਗ ਦੀ ਜਾਂਚ ਪੜਤਾਲ ਖੁੱਲ੍ਹ ਗਈ। ਪਹਿਲਾਂ ਤਾਂ ਚੇਅਰਮੈਨ ਨੇ ਕਾਫੀ ਰੌਲਾ-ਗੌਲਾ ਪਾਇਆ ਪਰ ਬਾਅਦ ਵਿਚ ਉਸ ਨੇ ਆਪਣਾ ਗੁਨਾਹ ਮੰਨ ਲਿਆ ਤੇ ਚੇਅਰਮੈਨ ਦੀ ਪਦਵੀ ਤੋਂ ਅਸਤੀਫਾ ਦੇ ਦਿੱਤਾ। ਪੜਤਾਲ ਵਿਚ ਉਹ ਦੋਸ਼ੀ ਪਾਇਆ ਗਿਆ ਤੇ ਦਸ ਲੱਖ ਡਾਲਰ ਦਾ ਜੁਰਮਾਨਾ ਭੁਗਤਣਾ ਪਿਆ। ਦਸੰਬਰ 2022 ਵਿਚ ਇੱਕ ਅਦਾਲਤ ਨੇ ਵੀ ਉਸ ਨੂੰ ਸਾਰੇ ਇਲਜ਼ਾਮਾਂ ਵਿਚ ਦੋਸ਼ੀ ਪਾਇਆ ਹੈ ਤੇ ਜਲਦੀ ਹੀ ਉਹ ਜੇਲ੍ਹ ਯਾਤਰਾ ’ਤੇ ਜਾ ਰਿਹਾ ਹੈ। ਹਿੰਡਨਬਰਗ ਦੇ ਇੰਕਸ਼ਾਫ ਤੋਂ ਬਾਅਦ ਨਿਕੋਲਾ ਦੁਬਾਰਾ ਆਪਣੇ ਪੈਰਾਂ ’ਤੇ ਖੜ੍ਹੀ ਨਹੀਂ ਹੋ ਸਕੀ।

ਫਰਵਰੀ 2021 ਵਿਚ ਹਿੰਡਨਬਰਗ ਨੇ ਹੈਲਥਕੇਅਰ ਕੰਪਨੀ ਕਲੋਵਰ ਹੈਲਥ ਦੇ ਖਿਲਾਫ ਰਿਪੋਰਟ ਛਾਇਆ ਕੀਤੀ ਸੀ ਕਿ ਉਸ ਨੇ ਆਪਣੇ ਨਿਵੇਸ਼ਕਾਂ ਨੂੰ ਇਹ ਗੱਲ ਲੁਕਾ ਕੇ ਧੋਖਾ ਦਿੱਤਾ ਹੈ ਕਿ ਉਸ ਦੇ ਖਿਲਾਫ ਅਮਰੀਕਾ ਦੇ ਵਣਜ ਵਿਭਾਗ ਵੱਲੋਂ ਵਿੱਤੀ ਬੇਨਿਯਮੀਆਂ ਦੀ ਜਾਂਚ ਪੜਤਾਲ ਚੱਲ ਰਹੀ ਹੈ। ਇਸ ਤੋਂ ਇਲਾਵਾ ਉਸ ਨੇ ਇਸ ਕੰਪਨੀ ਦੀਆਂ ਹੋਰ ਵੀ ਅਨੇਕਾਂ ਗੜਬੜੀਆਂ ਨੂੰ ਸਾਹਮਣੇ ਲਿਆਂਦਾ, ਜਿਸ ਕਾਰਨ ਇਹ ਕੰਪਨੀ ਵੀ ਰਾਤੋ-ਰਾਤ ਬਰਬਾਦੀ ਦੇ ਕੰਢੇ ਪਹੁੰਚ ਗਈ। ਇਸ ਤੋਂ ਇਲਾਵਾ ਉਹ ਡਰਾਫਕਿੰਗ, ਆਰਮਟ ਟੈਕਨੋਲਾਜੀ, ਮੁੱਲਾਨ, ਚੀਨੀ ਕੰਪਨੀ ਬਲਾਕਚੇਨ ਅਤੇ ਕ੍ਰਿਪਟੋ ਕਰੰਸੀ ਐੱਸ.ਉ.ਐੱਸ. ਆਦਿ ਦੇ ਖਿਲਾਫ ਜਾਂਚ-ਪੜਤਾਲ ਕਰ ਚੁੱਕੀ ਹੈ, ਜੋ ਹਰ ਵਾਰ ਸਹੀ ਪਾਈ ਗਈ। ਹਿੰਡਨਬਰਗ ਇਹ ਕੰਮ ਕੋਈ ਸਮਾਜ ਸੇਵਾ ਲਈ ਜਾਂ ਮੁਫਤ ਵਿਚ ਨਹੀਂ ਕਰਦਾ। ਜਦੋਂ ਉਹ ਕਿਸੇ ਕੰਪਨੀ ਦੀਆਂ ਵਿੱਤੀ ਗੜਬੜੀਆਂ ਸਾਹਮਣੇ ਲਿਆਉਂਦਾ ਹੈ, ਤਾਂ ਇੱਕ ਜਾਸੂਸੀ ਕੰਪਨੀ ਵਜੋਂ ਕੰਮ ਕਰਦਾ ਹੈ। ਕਈ ਵਾਰ ਨਿਵੇਸ਼ਕ ਉਸ ਨੂੰ ਇਹ ਕੰਮ ਕਰਨ ਲਈ ਕਹਿੰਦੇ ਹਨ, ਤਾਂ ਜੋ ਉਹ ਕਿਸੇ ਖਾਸ ਕੰਪਨੀ ਵਿਚ ਪੈਸਾ ਲਗਾਉਣ ਜਾਂ ਨਾ। ਇਸ ਕੰਮ ਦੀ ਉਹ ਮੋਟੀ ਫੀਸ ਵਸੂਲਦਾ ਹੈ। ਇਸ ਤੋਂ ਇਲਾਵਾ ਕਿਸੇ ਕੰਪਨੀ ਦੀ ਗੜਬੜੀ ਸਾਹਮਣੇ ਲਿਆਉਣ ’ਤੇ ਉਸ ਨੂੰ ਅਮਰੀਕੀ ਵਿੱਤ ਵਿਭਾਗ ਵੱਲੋਂ ਮੋਟੀ ਰਾਸ਼ੀ ਕਮਿਸ਼ਨ ਦੇ ਤੌਰ ’ਤੇ ਮਿਲਦੀ ਹੈ। ਅੱਜਕੱਲ੍ਹ ਉਹ ਟੈਥਰ ਨਾਮਕ ਕ੍ਰਿਪਟੋ ਕਰੰਸੀ ਕੰਪਨੀ ਦੇ ਪਿੱਛੇ ਪਿਆ ਹੋਇਆ ਹੈ। ਅਕਤੂਬਰ 2022 ਵਿਚ ਉਸ ਨੇ ਟੈਥਰ ਦੀ ਕਿਸੇ ਠੋਸ ਵਿੱਤੀ ਗੜਬੜੀ ਦੀ ਸੂਚਨਾ ਦੇਣ ਵਾਲੇ ਨੂੰ ਇੱਕ ਲੱਖ ਅਮਰੀਕਨ ਡਾਲਰ (ਕਰੀਬ 83 ਲੱਖ ਰੁਪਏ) ਇਨਾਮ ਦੇਣ ਦੀ ਘੋਸ਼ਣਾ ਕੀਤੀ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਇਸ ਕੰਮ ਵਿਚ ਹਿੰਡਨਬਰਗ ਨੂੰ ਕਿੰਨੀ ਕਮਾਈ ਹੋ ਰਹੀ ਹੈ।

ਅਡਾਨੀ ਤੋਂ ਇਲਾਵਾ ਹਿੰਡਨਬਰਗ ਦੀ ਜਾਂਚ-ਪੜਤਾਲ ਕਾਰਨ ਵਿੰਨਜ਼ ਫਾਈਨਾਂਸ, ਜੀਨੀਅਸ ਬਰਾਂਡ, ਚਾਈਨਾ ਮੈਟਲ ਕੰਪਨੀ, ਪਰੀਡਿਕਟਵ ਟੈਕਨੋਲਾਜੀ ਕੰਪਨੀ ਅਤੇ ਐੱਚ.ਐੱਫ. ਫੂਡ ਨੂੰ ਵੀ ਸ਼ੇਅਰ ਡਿੱਗਣ ਕਾਰਨ ਕਰੋੜਾਂ ਦਾ ਨੁਕਸਾਨ ਹੋਇਆ ਸੀ। ਹੁਣ ਅਡਾਨੀ ਗਰੁੱਪ ਹਿੰਡਨਬਰਗ ਦੇ ਖਿਲਾਫ ਕੀ ਕਾਨੂੰਨੀ ਕਾਰਵਾਈ ਕਰਦਾ ਹੈ ਜਾਂ ਭਾਰਤ ਸਰਕਾਰ ਅਡਾਨੀ ਗਰੁੱਪ ਦੇ ਖਿਲਾਫ ਕੀ ਕਾਰਵਾਈ ਕਰਦੀ ਹੈ, ਇਹ ਅਜੇ ਸਮੇਂ ਦੇ ਗਰਭ ਵਿਚ ਹੈ। ਪਰ ਇੱਕ ਵਾਰ ਤਾਂ ਉਸ ਨੇ ਅਡਾਨੀ ਗਰੁੱਪ ਨੂੰ ਹਿਲਾ ਕੇ ਰੱਖ ਦਿੱਤਾ ਹੈ।

# ਪੰਜਾਬੀ ਦੇ ਸਤਿਕਾਰ ਲਈ ਆਮ ਲੋਕ ਵੀ ਹੋਣ ਸੁਚੇਤ

## ਪੰਜਾਬੀ ਦਿਹਾੜੇ ’ਤੇ ਵਿਸ਼ੇਸ਼






-ਰਾਮ ਸਿੰਘ ਕਲਿਆਣ
ਪਿੰਡ ਕਲਿਆਣ ਸੁੱਖਾ (ਬਠਿੰਡਾ)
ਮੋਬ : 94634-18654
(Punjab Mail USA)


ਪੰਜਾਬੀ ਭਾਸ਼ਾ, ਜਿਸਨੂੰ ਕੁਝ ਖੋਜਕਾਰ ਵਿਦਵਾਨਾਂ ਵੱਲੋਂ ਲਗਭਗ 14 ਹਜ਼ਾਰ ਸਾਲ ਪੁਰਾਣੀ ਭਾਸ਼ਾ ਦੱਸਿਆ ਜਾਂਦਾ ਹੈ, ਪਰ ਇਸ ਨੂੰ ਵੀ ਪੂਰਾ ਸਹੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਕੁਝ ਵਿਦਵਾਨ ਪੰਜਾਬੀ ਭਾਸ਼ਾ ਨੂੰ ਇਸ ਤੋਂ ਵੱਧ ਪੁਰਾਤਨ ਦੱਸਦੇ ਹਨ।

ਪੰਜਾਬੀ ਭਾਸ਼ਾ ਨੂੰ ਦੋ ਲਿੱਪੀਆਂ ਵਿਚ ਲਿਖਿਆ ਜਾਂਦਾ ਹੈ। ਚੜ੍ਹਦੇ ਪੰਜਾਬ ਵਿਚ ਗੁਰਮੁੱਖੀ ਅਤੇ ਲਹਿੰਦੇ ਪੰਜਾਬ ਵਿਚ ਸ਼ਾਹਮੁੱਖੀ ਲਿੱਪੀ। ਪੰਜਾਬੀ ਦਾ ਗੁਰਮੁੱਖੀ ਰੂਪ ਸਿੱਖਾਂ ਦੇ ਧਾਰਮਿਕ ਗ੍ਰੰਥ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿੱਪੀ ਦੇ ਰੂਪ ਵਿਚ ਗੁਰੂ ਸਹਿਬਾਨਾ ਵੱਲੋਂ ਬਖਸ਼ੀ ਗੁਰਮੁਖੀ ਲਿਪੀ ਦੇ ਰੂਪ ਵਿਚ ਚੜ੍ਹਦੇ ਪੰਜਾਬ ਵਿਚ ਮਿਲਦਾ ਹੈ। ਸ਼ਾਹਮੁੱਖੀ ਲਿੱਪੀ ਪੀਰਾਂ, ਫਕੀਰਾਂ ਦੀ ਕਲਮ ਦਾ ਸ਼ਿੰਗਾਰ ਬਣੀ। ਸ਼ਾਹਮੁੱਖੀ ਲਿਪੀ ਦੇ ਰੂਪ ਵਿਚ ਲਹਿੰਦੇ ਪੰਜਾਬ ਵਿਚ ਅੱਜ ਵੀ ਮਿਲਦਾ ਹੈ। ਬੋਲੀ ਬੋਲਣ ਦੀ ਜ਼ੁਬਾਨ ਭਾਵੇਂ ਇਕੋ ਹੈ ਪਰ ਗੁਰਮੁਖੀ ਅਤੇ ਸ਼ਾਹਮੁਖੀ ਲਿੱਪੀ ਦਾ ਬਹੁਤ ਜ਼ਿਆਦਾ ਅੰਤਰ ਹੈ।

ਇਸ ਤੋਂ ਇਲਾਵਾ ਪੰਜਾਬੀ ਦੀਆਂ ਬਹੁਤ ਸਾਰੀਆਂ ਉਪ-ਬੋਲੀਆਂ ਹਨ, ਜਿਵੇਂ ਮਾਝੀ, ਪੁਆਂਦੀ, ਪੋਠੋਹਾਰੀ, ਡੋਗਰੀ।

ਪਰ ਮੌਜੂਦਾ ਸਮੇਂ ਮਾਲਵੇ ਇਲਾਕੇ ਦੀ ਬੋਲੀ ਪੰਜਾਬ ਵਿਚ ਮੁੱਖ ਰੂਪ ਵਿਚ ਉੱਭਰ ਕੇ ਸਾਹਮਣੇ ਆ ਰਹੀ ਹੈ।

ਪਰ ਜ਼ਮਾਨੇ ਦੀ ਆਧੁਨਿਕਤਾ ਦੇ ਕਾਰਨ ਪੰਜਾਬੀ ਭਾਸ਼ਾ ਨੂੰ ਕਾਫੀ ਖੋਰਾ ਲੱਗ ਰਿਹਾ ਹੈ, ਜਿਸ ਕਰਕੇ ਪੰਜਾਬੀ ਦੇ ਪ੍ਰੇਮੀਆਂ ਵਿਚ ਚਿੰਤਾ ਪਾਈ ਜਾ ਰਹੀ ਹੈ, ਜਿੱਥੇ ਸਰਕਾਰ ਵੱਲੋਂ ਸਿਰਫ ਦਫਤਰੀ ਭਾਸ਼ਾ ਅਤੇ ਬੋਰਡਾਂ ਦੀ ਭਾਸ਼ਾ ਨੂੰ ਪੰਜਾਬੀ ਭਾਸ਼ਾ ਦਾ ਐਲਾਨ ਕਰਕੇ ਪੰਜਾਬੀ ਨੂੰ ਮਾਣ-ਸਨਮਾਨ ਦੇਣ ਦੀ ਗੱਲ ਕੀਤੀ ਜਾ ਰਹੀ ਹੈ, ਪਰ ਅਸਲ ਮੁੱਦਾ ਅਜੇ ਵੀ ਸਰਕਾਰ ਨੇ ਅੱਖੋਂ-ਪਰੋਖੇ ਕੀਤਾ ਹੋਇਆ ਹੈ।

ਕਿਉਂਕਿ ਕਿਸੇ ਵੀ ਭਾਸ਼ਾ ਦੇ ਅਸਲ ਹੋਂਦਕਾਰ ਵਾਰਿਸ ਲੇਖਕ ਹੁੰਦੇ ਹਨ, ਪਰ ਪੰਜਾਬੀ ਦੇ ਵਾਰਿਸ ਪੰਜਾਬੀ ਲੇਖਕਾਂ ਦੀ ਸਥਿਤੀ ਡਾਵਾਂਡੋਲ ਹੈ, ਜਿਸ ਕਰਕੇ ਪੰਜਾਬੀ ਦੀ ਹੋਂਦ ਦਾ ਖਤਰਾ ਹੋਰ ਵਧ ਜਾਂਦਾ ਹੈ।

ਗੁਰੂਆਂ, ਪੀਰਾਂ, ਫਕੀਰਾਂ ਦੀ ਧਰਤੀ ਪੰਜਾਬ ਦੇ ਹਰ ਪਿੰਡ ਵਿਚ ਸ਼ਰਾਬ ਦੇ ਠੇਕੇ ਤਾਂ ਦੋ ਵੀ ਮਿਲ ਜਾਣਗੇ ਪਰ ਸਕੂਲਾਂ ਅਤੇ ਪਿੰਡਾਂ ਵਿਚ ਲਾਇਬ੍ਰੇਰੀਆਂ ਦੀ ਕੋਈ ਸਾਰ ਨਹੀਂ ਲੈ ਰਿਹਾ। ਜਿਸ ਕਰਕੇ ਲਗਾਤਾਰ ਨੌਜਵਾਨ ਪੀੜ੍ਹੀ ਆਪਣੇ ਸਾਹਿਤ ਨਾਲੋਂ ਟੁੱਟ ਰਹੀ ਹੈ। ਮੌਜੂਦਾ ਸਮੇਂ ਸੰਸਾਰ ਦਾ ਏਕੀਕਰਨ ਕਾਰਨ ਭਾਵੇਂ ਅੰਗਰੇਜ਼ੀ ਸਮੇਤ ਹੋਰ ਭਾਸ਼ਾਵਾਂ ਸਿੱਖਣੀਆਂ ਜ਼ਰੂਰੀ ਹਨ। ਪੰਜਾਬੀ ਨੂੰ ਵਿਸਾਰਨ ਵਾਲੀ ਗੱਲ ਨਹੀਂ ਹੈ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀਆਂ ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਪੰਜਾਬੀ ਭਾਸ਼ਾ ਨੂੰ ਮਾਣ-ਸਨਮਾਨ ਦੇਣ ਲਈ ਹਰ ਸਿੱਖਿਆ ਸੰਸਥਾਵਾਂ ਅਤੇ ਪਿੰਡ ਪੱਧਰ ’ਤੇ ਪੰਜਾਬੀ ਸਾਹਿਤ ਨਾਲ ਸਬੰਧਤ ਲਾਇਬ੍ਰੇਰੀਆਂ ਦਾ ਪ੍ਰਬੰਧ ਕਰਨ, ਤਾਂਕਿ ਨੌਜਵਾਨ ਪੀੜ੍ਹੀ ਨੂੰ ਪੰਜਾਬੀ ਕਲਮ ਅਤੇ ਪੰਜਾਬੀ ਪੜ੍ਹਨ ਦੀ ਚੇਟਕ ਲੱਗ ਜਾਵੇ। ਇਸ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਪੰਜਾਬੀ ਭਾਸ਼ਾ ਦੇ ਸਤਿਕਾਰ ਪ੍ਰਤੀ ਸੁਚੇਤ ਹੋਣਾ ਪਵੇਗਾ ਤੇ ਸਰਕਾਰਾਂ ਤੋਂ ਇਹ ਮੰਗ ਮੰਗਣੀ ਪਵੇਗੀ ਕਿ ਪੰਜਾਬੀ ਭਾਸ਼ਾ ਨੂੰ ਮਾਣ-ਸਤਿਕਾਰ ਦਿੱਤਾ ਜਾਵੇ।

ਹੈਰਾਨੀਜਨਕ ਗੱਲ ਇਹ ਹੈ ਕਿ ਚੜ੍ਹਦੇ ਪੰਜਾਬ ਵਿਚ ਲਾਇਬ੍ਰੇਰੀਅਨ ਦੀਆਂ ਅਸਾਮੀਆਂ ਲਈ ਲੇਖਕਾਂ ਜਾਂ ਪੱਤਰਕਾਰਾਂ ਨੂੰ ਕੋਈ ਕੋਟਾ ਨਹੀਂ ਦਿੱਤਾ ਜਾਂਦਾ, ਜਦਕਿ ਲਾਇਬ੍ਰੇਰੀਅਨ ਭਰਤੀ ਵਿਚ ਖਿਡਾਰੀਆਂ ਲਈ ਰਾਖਵਾਂ ਕੋਟਾ ਰੱਖਿਆ ਜਾਂਦਾ ਹੈ, ਜਿਸ ਕਰਕੇ ਲੇਖਕ ਵਰਗ ਵਿਚ ਰੋਸ ਪਾਇਆ ਜਾਂਦਾ ਹੈ।

# ਭਾਰਤੀ ਬਜ਼ਟ-2023: ਅੰਕੜੇ ਹੋਰ ਹਕੀਕਤ ਹੋਰ




**ਗੁਰਮੀਤ ਸਿੰਘ ਪਲਾਹੀ**
# ਮੋਬਾਈਲ : 98158-02070
(Punjab Mail USA)



ਰਿਜ਼ਰਵ ਬੈਂਕ ਆਫ ਇੰਡੀਆ ਦੀ 31 ਅਕਤੂਬਰ 2021 ਦੀ ਰਿਪੋਰਟ ਅਨੁਸਾਰ ਉਸ ਵੇਲੇ ਭਾਰਤ ਸਿਰ ਕੁੱਲ ਕਰਜ਼ਾ 128 ਲੱਖ ਕਰੋੜ ਸੀ, ਜੋ 31 ਮਾਰਚ 2022 ਦੀ ਰਿਪੋਰਟ ਅਨੁਸਾਰ ਵਧਕੇ 133 ਲੱਖ ਕਰੋੜ ਹੋ ਗਿਆ, ਭਾਵ ਤਿੰਨ ਮਹੀਨਿਆਂ 'ਚ ਇਹ ਕਰਜ਼ਾ ਪੰਜ ਲੱਖ ਕਰੋੜ ਵੱਧ ਗਿਆ।

ਹੁਣ ਇਹ ਕਰਜ਼ਾ 142 ਲੱਖ ਕਰੋੜ ਹੋ ਗਿਆ ਹੈ। ਰੁਪਏ ਦੇ ਮੁਕਾਬਲੇ ਡਾਲਰ ਦੇ ਮੁੱਲ ਵਧਣ ਕਾਰਨ ਕਰਜ਼ੇ ਦਾ ਬੋਝ ਲਗਾਤਾਰ ਵੱਧ ਰਿਹਾ ਹੈ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਐਡੇ ਕਰਜ਼ਾਈ ਮੁਲਕ ਨੇ ਵੱਡੇ ਸ਼ਾਹੂਕਾਰਾਂ ਦੇ ਲੱਖਾਂ ਕਰੋੜ ਰੁਪਏ ਦੇ ਕਰਜ਼ੇ ਵੱਟੇ ਖਾਤੇ ਪਾ ਦਿੱਤੇ ਹਨ।

ਅਸਲ ਵਿਚ ਅਰਥਵਿਵਸਥਾ ਦੀ ਮਜ਼ਬੂਤੀ ਦੇ ਕੀਤੇ ਜਾ ਰਹੇ ਦਾਅਵੇ, ਪਿੱਟਿਆ ਜਾ ਰਿਹਾ ਢੰਡੋਰਾ ਇਸ ਵਧਦੇ ਕਰਜ਼ੇ ਦੇ ਕਾਰਨ ਹਕੀਕਤ ਤੋਂ ਬਹੁਤ ਦੂਰ ਹੈ। ਇਸ ਨਾਲ ਗੈਰ-ਬਰਾਬਰੀ 'ਚ ਵਾਧਾ ਹੋਇਆ ਹੈ। ਦੇਸ਼ ਵਿਚ ਅਮੀਰਾਂ ਦੀ ਗਿਣਤੀ ਵਧੀ ਹੈ, ਪਰ ਗਰੀਬ ਵੱਡੀ ਸੰਖਿਆ 'ਚ ਵਧੇ ਹਨ। ਇਹੀ ਦੇਸ਼ ਦੀ ਵੱਡੀ ਹਕੀਕਤ ਹੈ। ਇਹੀ ਦੇਸ਼ ਦੀ ਬਦਹਾਲੀ ਦੀ ਅਸਲੀਅਤ ਹੈ।

ਕੇਂਦਰ ਦੇ ਨਵੇਂ ਬਜ਼ਟ ਨੂੰ ਆਮ ਤੌਰ 'ਤੇ ਕਿਸਾਨਾਂ, ਔਰਤਾਂ, ਬਜ਼ੁਰਗਾਂ ਅਤੇ ਨੌਜਵਾਨਾਂ ਲਈ ਕਈ ਪਾਸਿਓਂ ਵਧੀਆ ਕਿਹਾ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਖੇਤੀ ਖੇਤਰ ਦੇ ਸਟਾਰਟ-ਅੱਪ ਦੇ ਵਾਧੇ ਲਈ ਜੋ ਕਦਮ ਚੁੱਕੇ ਗਏ ਹਨ, ਉਹ ਮੀਲ ਪੱਥਰ ਹੋਣਗੇ। ਬਜ਼ਟ ਵਿਚ 20 ਲੱਖ ਕਰੋੜ ਨਾਲ "ਐਗਰੀਕਲਚਰ ਐਕਸੀਲੇਟਰ ਫੰਡ" (ਖੇਤੀ ਵਧਾਓ ਕੋਸ਼) ਬਨਾਉਣ ਦਾ ਐਲਾਨ ਹੋਇਆ ਹੈ, ਜਿਹੜਾ ਬਿਹਤਰ ਤਕਨੀਕ ਮੁਹੱਈਆ ਕਰਨ ਅਤੇ ਖੇਤੀ ਰਿਕਾਰਡ ਦੇ ਡਿਜ਼ੀਟਲੀਕਰਨ ਆਦਿ ਲਈ ਵਰਤਿਆ ਜਾਵੇਗਾ। ਖੇਤੀ ਕਰਜ਼ਾ ਕੋਸ਼ ਵੀ ਗਿਆਰਾਂ ਫੀਸਦੀ ਵਧਾਇਆ ਗਿਆ ਹੈ ਅਤੇ ਹੁਣ ਇਹ ਵੀਹ ਲੱਖ ਕਰੋੜ ਕੀਤਾ ਗਿਆ ਹੈ।

ਮੁਰਗੀ ਪਾਲਣ, ਸੂਰ ਪਾਲਣ, ਮੱਛੀ ਪਾਲਣ ਲਈ ਛੇ ਹਜ਼ਾਰ ਕਰੋੜ ਰੱਖਣ ਦੀ ਗੱਲ ਕੀਤੀ ਜਾ ਰਹੀ ਹੈ। ਔਰਤ ਕਿਸਾਨਾਂ ਲਈ 54 ਹਜ਼ਾਰ ਕਰੋੜ ਰੱਖੇ ਹਨ, ਜਦਕਿ 47 ਲੱਖ ਨੌਜਵਾਨਾਂ ਨੂੰ ਤਿੰਨ ਸਾਲ ਤੱਕ ਭੱਤਾ ਦਿੱਤੇ ਜਾਣ ਦੀ ਗੱਲ ਕੀਤੀ ਗਈ ਹੈ। ਸੀਨੀਅਰ ਸਿਟੀਜਨ ਬੱਚਤ ਯੋਜਨਾ ਦੀ ਸੀਮਾ ਵਧਾਕੇ 70 ਲੱਖ ਰੁਪਏ ਕੀਤੀ ਗਈ ਹੈ।

ਗੱਲ ਕੀ ਸਮਾਜ ਦੇ ਹਰ ਵਰਗ ਦੇ ਲੋਕਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਬਜ਼ਟ 'ਚ ਹੋਈ ਹੈ। ਪਰ ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਸਮਾਜ ਦੇ ਹਰ ਵਰਗ ਦੀ ਬਿਹਤਰੀ ਲਈ ਇਹ ਬਜ਼ਟ ਵਧੀਆ ਹੈ ਜਾਂ ਇਹ ਅੰਕੜਿਆਂ ਦੀ ਜਾਦੂਗਰੀ ਹੈ, ਜਿਵੇਂ ਕਿ ਦੇਸ਼ ਦੇ ਵਿਰੋਧੀ ਦਲ ਕਹਿ ਰਹੇ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਵਿਕਾਸ ਦਾ ਢੰਡੋਰਾ ਪਿੱਟ ਰਹੀਆਂ ਹਨ। ਵਿਕਾਸ 'ਚ ਤੇਜ਼ੀ ਨਾਲ ਵਾਧੇ ਦੀ ਕੇਂਦਰ ਸਰਕਾਰ ਗੱਲ ਕਰਦੀ ਹੈ, ਪਰ ਕੀ ਵਿਕਾਸ ਅਸਲੀਅਤ 'ਚ ਹਕੀਕਤ ਹੈ ਜਾਂ ਅੰਕੜਿਆਂ ਤੇ ਹਕੀਕਤ 'ਚ ਫਰਕ ਹੈ?

ਵਿਸ਼ਵੀਕਰਨ ਦੇ ਬਾਅਦ ਦੇਸ਼ 'ਚ ਸ਼ਹਿਰੀਕਰਨ ਦੀ ਰਫ਼ਤਾਰ ਵਧੀ ਹੈ। ਬਹੁਰਾਸ਼ਟਰੀ ਕੰਪਨੀਆਂ ਦਾ ਪਸਾਰ ਹੋਇਆ ਹੈ। ਉਨ੍ਹਾਂ ਦਾ ਭਾਰਤੀ ਅਰਥ ਵਿਵਸਥਾ 'ਚ ਏਕਾਧਿਕਾਰ ਵਧਿਆ ਹੈ।

ਕੇਂਦਰ ਸਰਕਾਰ ਨੇ ਇਸ ਮਾਮਲੇ 'ਤੇ ਚੁੱਪੀ ਸਾਧੀ ਰੱਖੀ ਹੈ। ਸੂਬੇ ਤੇ ਕੇਂਦਰ ਸਰਕਾਰ ਵਲੋਂ ਆਜ਼ਾਦੀ ਤੋਂ ਬਾਅਦ ਕੋਈ ਇਹੋ ਜਿਹੇ ਕਦਮ ਨਹੀਂ ਚੁੱਕੇ, ਜਿਸ ਨਾਲ ਕਿਸਾਨ-ਮਜ਼ਦੂਰ ਦੀ ਨਿੱਤ ਵਧਦੀ ਮੰਦੀ ਹਾਲਤ ਨੂੰ ਰੋਕਿਆ ਜਾ ਸਕੇ। ਮੌਜੂਦਾ ਕੇਂਦਰ ਸਰਕਾਰ ਨੇ ਪਹਿਲਾਂ ਚੱਲ ਰਹੇ ਪੁਰਾਣੇ ਢਾਂਚੇ ਨੂੰ ਹੀ ਅੱਗੇ ਤੋਰਿਆ ਹੈ, ਕੁਝ ਨਵਾਂ ਕਰਨ ਦਾ ਯਤਨ ਨਹੀਂ ਕੀਤਾ। ਇਸ ਵਲੋਂ ਖੇਤੀ ਖੇਤਰ ਨੂੰ ਉਦਾਰਵਾਦੀ ਨੀਤੀ ਅਧੀਨ ਲਿਆਉਣਾ ਜਾਰੀ ਰੱਖਿਆ ਹੈ, ਇਸ ਨੇ ਕਾਰਪੋਰੇਟ ਪੱਖੀ ਖੇਤੀ ਕਾਨੂੰਨ ਅਤੇ ਨੀਤੀਆਂ ਬਣਾਈਆਂ। ਇਸ ਨਾਲ ਨਾ ਕਿਸਾਨਾਂ-ਮਜ਼ਦੂਰਾਂ ਦਾ ਸੋਸ਼ਣ ਰੁਕਿਆ ਅਤੇ ਨਾ ਹੀ ਉਨ੍ਹਾਂ ਦੀਆਂ ਆਤਮ ਹੱਤਿਆਵਾਂ ਨੂੰ ਠੱਲ ਪਈ। ਕੇਂਦਰ ਦੇ ਵਤੀਰੇ ਤੋਂ ਸ਼ੰਕਾ ਤਾਂ ਇਸ ਗੱਲ ਦੀ ਹੈ ਕਿ ਭਵਿੱਖ 'ਚ ਖੇਤੀ ਵੀ ਧੰਨ ਕੁਬੇਰਾਂ ਨੂੰ ਸੌਂਪ ਦਿੱਤੀ ਜਾਵੇ ਅਤੇ ਕਿਸਾਨ ਆਪਣੀ ਜ਼ਮੀਨ ਦਾ ਨਾ-ਮਾਤਰ ਮਾਲਕ ਹੀ ਬਣਕੇ ਰਹਿ ਜਾਵੇ।

ਭਾਰਤੀ ਸ਼ਹਿਰਾਂ 'ਚ ਪੱਛਮੀ ਦੇਸ਼ਾਂ ਦੀ ਤਰ੍ਹਾਂ ਵੱਡੇ-ਵੱਡੇ ਵਿਉਪਾਰਕ ਕੰਪਲੈਕਸ, ਮਲਟੀਕੰਪਲੈਕਸ, ਪੰਜ ਸਤਾਰਾ ਹੋਟਲ, ਬਹੁ ਰਾਸ਼ਟਰੀ ਕੰਪਨੀਆਂ ਦੀਆਂ ਉੱਚੀਆਂ ਇਮਾਰਤਾਂ, ਦੇਸ਼ ਦੀ ਜਿਸ ਤਰ੍ਹਾਂ ਦੀ ਤਸਵੀਰ ਪੇਸ਼ ਕਰ ਰਹੀਆਂ ਹਨ, ਦੱਸਣ ਦੀ ਲੋੜ ਨਹੀਂ ਹੈ। ਲੋਕਾਂ ਨੂੰ ਇਹ ਭਰੋਸਾ ਦਿੱਤਾ ਜਾ ਰਿਹਾ ਹੈ ਕਿ ਇਨ੍ਹਾਂ ਤੋਂ ਡਰਨ ਦੀ ਲੋੜ ਨਹੀਂ ਹੈ, ਕਿਉਂਕਿ ਭਾਰਤੀ ਕੰਪਨੀਆਂ ਨੇ ਬਹੁਰਾਸ਼ਟਰੀ ਕੰਪਨੀਆਂ ਨੂੰ ਖਰੀਦ ਲਿਆ ਹੈ ਅਤੇ ਉਹ ਆਪ ਵੀ ਬਹੁਰਾਸ਼ਟਰੀ ਕੰਪਨੀਆਂ ਬਣ ਗਈਆਂ ਹਨ। ਵਿਸ਼ਵ ਦੇ ਵੱਡੇ ਧੰਨ ਕੁਬੇਰਾਂ 'ਚ ਭਾਰਤੀ ਧੰਨ ਕੁਬੇਰ ਆਪਣਾ ਨਾਮ ਦਰਜ਼ ਕਰਵਾ ਰਹੇ ਹਨ। ਉਦਯੋਗਪਤੀ ਦੇਸ਼ 'ਚ ਵਧ ਰਹੇ ਹਨ। ਪ੍ਰਾਈਵੇਟ ਉਦਯੋਗ ਵੀ ਵਧ ਰਹੇ ਹਨ। ਪ੍ਰਚਾਰ ਤੰਤਰ ਦੇ ਕਾਰਨਾਮਿਆਂ ਕਾਰਨ ਇੰਜ ਲੱਗਦਾ ਹੀ ਨਹੀਂ ਕਿ ਦੇਸ਼ ਵਿਚ ਕੋਈ ਗਰੀਬ ਹੈ, ਕੋਈ ਬੇਰੁਜ਼ਗਾਰ ਹੈ, ਕੋਈ ਭੁੱਖਮਰੀ, ਕੋਈ ਦਵਾ-ਦਾਰੂ ਖੁਣੋਂ ਵਿਰਵਾ ਹੈ, ਕੋਈ ਕਰਜ਼ਦਾਰ ਕਿਸਾਨ ਹੈ, ਕੋਈ ਮਜ਼ਲੂਮ ਹੈ। ਤਸਵੀਰ ਵਿਖਾਈ ਜਾ ਰਹੀ ਹੈ ਕਿ ਉਹ ਦਿਨ ਦੂਰ ਨਹੀਂ, ਜਦੋਂ ਦੇਸ਼ ਦਾ ਹਰ ਆਦਮੀ ਖੁਸ਼ਹਾਲ ਹੋਏਗਾ, ਸਰਵ-ਸੁਖ ਸੰਪਨ ਹੋਏਗਾ।

ਅੰਤਰਰਾਸ਼ਟਰੀ "ਕਰੈਡਿਟ ਸੁਇਸ ਗਰੁੱਪ ਏ ਜੀ" ਦੇ ਅਨੁਸਾਰ ਭਾਰਤ ਦੇਸ਼ ਦੀ ਅੱਧੀ ਆਬਾਦੀ ਕੋਲ 2.1 ਫੀਸਦੀ ਜਾਇਦਾਦ ਹੈ। ਸਾਲ 2010 ਵਿਚ ਦੇਸ਼ ਦੇ ਇੱਕ ਫੀਸਦੀ ਲੋਕਾਂ ਕੋਲ ਦੇਸ਼ ਦੀ 40 ਫੀਸਦੀ ਜਾਇਦਾਦ ਸੀ, ਜੋ 2016 ਵਿਚ ਵਧਕੇ 58.4 ਫੀਸਦੀ ਹੋ ਗਈ। ਇਸੇ ਤਰ੍ਹਾਂ 2010 'ਚ 10 ਫੀਸਦੀ ਲੋਕਾਂ ਕੋਲ ਦੇਸ਼ ਦੀ 68.8 ਫੀਸਦੀ ਜਾਇਦਾਦ ਸੀ, ਜੋ 2016 'ਚ ਵਧਕੇ 80.7 ਫੀਸਦੀ ਹੋ ਗਈ। ਪਿਛਲੇ ਚਾਰ ਸਾਲ ਵਿਚ ਗਰੀਬਾਂ ਦੀ ਕੁੱਲ ਜਾਇਦਾਦ ਵਿਚੋਂ ਹੋਰ 10 ਫੀਸਦੀ ਦਾ ਕੱਟ ਲੱਗ ਗਿਆ। ਇਹ ਧੰਨ ਕੁਬੇਰਾਂ ਦੇ ਪੱਲੇ ਪਈ। ਇਹ ਕੰਮ ਦੇਸ਼-ਦੁਨੀਆਂ ਦੇ ਧੰਨ ਕੁਬੇਰਾਂ ਦੀਆਂ ਕੰਪਨੀਆਂ ਨੇ ਬਹੁਤ ਹੀ ਹੁਸ਼ਿਆਰੀ ਨਾਲ "ਵਿਕਾਸ ਦੇ ਨਵੇਂ ਦਿਸਹੱਦੇ" ਸਿਰਜਨ ਦੇ ਨਾਅ 'ਤੇ ਕੀਤਾ ਅਤੇ ਲੋਕਾਂ ਨੂੰ ਠਗਿਆ।

ਭਾਰਤ 'ਚ ਇੱਕ ਫੀਸਦੀ ਲੋਕਾਂ ਕੋਲ ਸਭ ਤੋਂ ਜ਼ਿਆਦਾ ਜਾਇਦਾਦ ਹੈ। ਇਥੇ ਦੁਨੀਆਂ ਦੇ ਕਰੋੜਪਤੀਆਂ ਵਿਚੋਂ ਪੰਜ ਫੀਸਦੀ ਕਰੋੜਪਤੀ ਹਨ ਅਤੇ ਦੋ ਫੀਸਦੀ ਅਰਬਪਤੀ। ਇਸ ਤਰ੍ਹਾਂ ਮੁੰਬਈ 'ਚ ਸਭ ਤੋਂ ਵੱਧ 1340 ਧੰਨ ਕੁਬੇਰ ਰਹਿੰਦੇ ਹਨ। ਕੀ ਇਸ ਤੋਂ ਜ਼ਾਹਿਰ ਨਹੀਂ ਹੈ ਕਿ ਜਿਥੇ ਧੰਨ ਕੁਬੇਰਾਂ ਦੀ ਗਿਣਤੀ 'ਚ ਨਿੱਤ ਵਾਧਾ ਹੋ ਰਿਹਾ ਹੋਵੇ, ਗੈਰ ਬਰਾਬਰੀ ਵੱਧ ਰਹੀ ਹੋਵੇ, ਉਥੇ ਅਮੀਰਾਂ-ਗਰੀਬਾਂ ਦਾ ਪਾੜਾ ਵਧੇਗਾ।

ਇੱਕ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਅਗਲੇ ਦਸ ਸਾਲਾਂ 'ਚ ਭਾਰਤ 'ਚ ਗਰੀਬਾਂ, ਬਿਮਾਰਾਂ ਦੀ ਗਿਣਤੀ ਦੁਨੀਆਂ 'ਚ ਸਭ ਤੋਂ ਜ਼ਿਆਦਾ ਹੋਵੇਗੀ। ਸਾਡੇ ਬਜ਼ਟ ਬਨਾਉਣ ਵਾਲਿਆਂ ਵਲੋਂ ਜੋ ਖਾਕਾ ਹਰ ਵਰ੍ਹੇ ਤਿਆਰ ਕੀਤਾ ਜਾਂਦਾ ਹੈ, ਉਸ ਅਧੀਨ ਮੈਟਰੋ ਸ਼ਹਿਰਾਂ ਦੇ ਨਿਰਮਾਣ, ਵੱਡੀਆਂ ਸੜਕਾਂ ਦੇ ਨਿਰਮਾਣ ਨੂੰ ਵਧਾਇਆ ਜਾ ਰਿਹਾ ਹੈ, ਉਹ ਪਿੰਡਾਂ ਤੋਂ ਸ਼ਹਿਰਾਂ ਨੂੰ ਪਲਾਇਣ (ਵਸੇਵਾ) ਅਤੇ ਗੈਰ ਬਰਾਬਰੀ ਨੂੰ ਵੱਡਾ ਖਤਰਾ ਹੈ।

ਕੇਂਦਰ ਸਰਕਾਰ ਵਿਕਾਸ ਦੇ ਨਾਮ ਉਤੇ ਜਿਹੜੀਆਂ ਵੀ ਯੋਜਨਾਵਾਂ ਬਣਾ ਰਹੀ ਹੈ, ਉਹ ਪੁਰਾਣੀਆਂ ਸਰਕਾਰਾਂ ਦੇ ਨਕਸ਼ੇ ਕਦਮ ਉਤੇ ਹਨ। ਕਾਂਗਰਸ ਨੇ ਆਪਣੇ ਕਾਰਜਕਾਲ ਦੌਰਾਨ ਨਾ-ਬਰਾਬਰੀ ਵਾਲੀਆਂ ਯੋਜਨਾਵਾਂ ਬਣਾਈਆਂ। ਨਤੀਜਾ ਪਿੰਡਾਂ ਤੋਂ ਸ਼ਹਿਰਾਂ ਵੱਲ ਪਲਾਇਣ 'ਚ ਨਿਕਲਿਆ। ਸ਼ਹਿਰ ਵਧਦੇ ਰਹੇ, ਪਿੰਡ ਸੁੰਗੜਦੇ ਰਹੇ। ਦੇਖਦੇ ਹੀ ਦੇਖਦੇ ਸ਼ਹਿਰ ਦਹਾਕਿਆਂ 'ਚ ਧੰਨ ਕੁਬੇਰਾਂ ਦਾ ਸਵਰਗ ਬਣ ਗਏ। ਕੇਂਦਰ ਸਰਕਾਰ ਵਲੋਂ ਸ਼ਹਿਰਾਂ 'ਚ ਵਪਾਰਕ ਅਦਾਰਿਆਂ ਅਤੇ ਨਿਰਮਾਣ ਦੇ ਵਾਧੇ ਲਈ ਨਿਰੰਤਰ ਕਾਰਜ ਕੀਤਾ ਗਿਆ।

ਕਿਸੇ ਵੀ ਕੇਂਦਰ ਸਰਕਾਰ ਨੇ ਮੈਟਰੋ ਸ਼ਹਿਰਾਂ ਦੀ ਤਰਜ਼ 'ਤੇ ਮੈਟਰੋ ਪਿੰਡ ਨਹੀਂ ਉਸਾਰੇ, ਜੇਕਰ ਪਿੰਡਾਂ 'ਚ ਸ਼ਹਿਰਾਂ ਵਰਗੀਆਂ ਸਹੂਲਤਾਂ ਸਰਕਾਰਾਂ ਨੇ ਦਿੱਤੀਆਂ ਹੁੰਦੀਆਂ, ਪਿੰਡਾਂ 'ਚ ਵਿਕਾਸ ਦਾ ਰਸਤਾ ਖੁੱਲ੍ਹਦਾ, ਰੁਜ਼ਗਾਰ ਪੈਦਾ ਹੁੰਦਾ ਹੈ, ਭੁੱਖਮਰੀ ਘੱਟਦੀ। ਅੱਜ ਸਥਿਤੀ ਇਹ ਹੈ ਕਿ ਸਾਰੇ ਮਹਾਂ ਨਗਰਾਂ ਦੇ ਆਲੇ-ਦੁਆਲੇ ਨਵੇਂ ਉਪਨਗਰ ਬਣ ਰਹੇ ਹਨ। ਧੰਨ ਕੁਬੇਰ ਵੱਧ ਰਹੇ ਹਨ। ਸਰਕਾਰ ਨੇ ਕਦੇ ਵੀ ਇਹ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਕੁਝ ਸਾਲਾਂ 'ਚ ਹੀ ਇਨ੍ਹਾਂ ਧੰਨ ਕੁਬੇਰਾਂ ਕੋਲ ਇੰਨੀ ਜਾਇਦਾਦ ਇੱਕਠੀ ਕਿਥੋਂ ਹੋ ਗਈ?

ਇਸ ਵਾਰ ਦਾ ਬਜ਼ਟ ਵੇਖੋ। ਪਿੰਡਾਂ 'ਚ ਰੁਜ਼ਗਾਰ ਲਈ ਵਿਸ਼ੇਸ਼ ਤੌਰ 'ਤੇ ਚਲਾਏ ਜਾ ਰਹੇ ਮਗਨਰੇਗਾ ਦਾ ਬਜ਼ਟ 60,000 ਕਰੋੜ ਕਰ ਦਿੱਤਾ ਗਿਆ ਹੈ, ਜੋ ਪਿਛਲੇ ਸਾਲ 73000 ਕਰੋੜ ਰੁਪਏ ਸੀ। ਕੀ ਪੇਂਡੂਆਂ ਨੂੰ ਰੁਜ਼ਗਾਰ ਦੇਣ ਵਾਲੀ ਇਸ ਯੋਜਨਾ ਦੀ ਪਿੰਡ 'ਚ ਲੋੜ ਘੱਟ ਗਈ ਹੈ?

ਕੀ ਸਰਕਾਰ ਇਹ ਮਹਿਸੂਸ ਕਰਨ ਲੱਗ ਪਈ ਹੈ ਕਿ ਗਰੀਬਾਂ ਨੂੰ ਹੁਣ ਮੁਫ਼ਤ ਭੋਜਨ ਦੇਣ ਦੀ ਲੋੜ ਘੱਟ ਗਈ ਹੈ, ਜੋ ਬਜ਼ਟ ਵਿਚ ਪਿਛਲੇ ਵਰ੍ਹੇ ਰੱਖੇ 2,87,194 ਕਰੋੜ ਦੀ ਥਾਂ ਇਸ ਵਰ੍ਹੇ 1,97,350 ਕਰੋੜ ਰੁਪਏ ਰੱਖ ਦਿੱਤੇ ਹਨ।

ਪੇਂਡੂ ਵਿਕਾਸ ਲਈ ਪਿਛਲੇ ਸਾਲ ਦੇ 2,43,417 ਕਰੋੜ ਰੁਪਏ ਦੇ ਮੁਕਾਬਲੇ 2,38,204 ਕਰੋੜ ਰੁਪਏ ਰੱਖਣਾ ਕੀ ਦਰਸਾਉਂਦਾ ਹੈ।

ਇਸੇ ਤਰ੍ਹਾਂ ਭਾਵੇਂ ਸਿੱਖਿਆ ਅਤੇ ਸਿਹਤ ਲਈ ਖਰਚੇ 'ਚ ਬਜ਼ਟ ਵਾਧਾ ਕੀਤਾ ਗਿਆ ਪਰ ਇਨ੍ਹਾਂ ਦੋਵਾਂ ਮੱਦਾਂ ਉੱਤੇ ਪਿਛਲੇ ਦੋ ਸਾਲ ਬਜ਼ਟ 'ਚ ਰੱਖੀ ਰਕਮ ਨਾਲੋਂ ਘੱਟ ਖਰਚ ਕੀਤਾ ਗਿਆ ਹੈ।

ਇਸ ਵੇਰ ਦੇਸ਼ ਦੇ ਚੋਣ ਵਰ੍ਹੇ ਦਾ ਬਜ਼ਟ ਹੋਣ ਨਾਤੇ ਪਿਛਲੇ 2022 ਦੇ ਬਜ਼ਟ ਨਾਲੋਂ ਇਸ ਵਰ੍ਹੇ 35.4 ਫੀਸਦੀ ਦਾ ਵਾਧਾ ਕਰਕੇ ਕੁੱਲ 7.5 ਲੱਖ ਕਰੋੜ ਦਾ ਬਜ਼ਟ ਰੱਖਿਆ ਗਿਆ ਹੈ। ਪਰ ਹੈਰਾਨੀ ਦੀ ਗੱਲ ਹੈ ਕਿ 16 ਫੀਸਦੀ ਐੱਸ.ਸੀ. ਆਬਾਦੀ ਲਈ ਬਜ਼ਟ ਦਾ 3.5 ਫੀਸਦੀ ਅਤੇ ਐੱਸ.ਟੀ. 8.6 ਫੀਸਦੀ ਆਬਾਦੀ ਲਈ ਬਜ਼ਟ ਦਾ ਸਿਰਫ 2.7 ਫੀਸਦੀ ਰੱਖਿਆ ਗਿਆ ਹੈ ਅਤੇ ਪੀ.ਐੱਮ. ਕਿਸਾਨ ਫੰਡ ਲਈ ਇਸ ਵਰ੍ਹੇ 68,000 ਕਰੋੜ ਰੁਪਏ ਦੀ ਥਾਂ 60,000 ਕਰੋੜ ਰੁਪਏ ਰੱਖੇ ਹਨ, ਜਿਨ੍ਹਾਂ ਦੀ ਆਮਦਨ ਦੁੱਗਣੀ ਕਰਨ ਦੀ ਸਰਕਾਰ ਟਾਹਰਾਂ ਮਾਰਦੀ ਹੈ। ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਗੱਲ ਤਾਂ ਬਜ਼ਟ 'ਚੋਂ ਬਾਹਰ ਹੀ ਹੋ ਗਈ ਹੈ।

ਕੇਂਦਰ ਸਰਕਾਰ ਆਜ਼ਾਦੀ ਦੇ ਅਮ੍ਰਿਤ ਕਾਲ 'ਚ ਹਕੀਕਤਾਂ ਤੋਂ ਅੱਖਾਂ ਮੁੰਦਕੇ ਸਿਰਫ ਅੰਕੜਿਆਂ ਨਾਲ ਖੇਡ ਕੇ ਕੀ ਰੱਜਿਆਂ ਨੂੰ ਹੋਰ ਰਜਾਉਣ ਦੇ ਰਾਹ 'ਤੇ ਤਾਂ ਨਹੀਂ ਤੁਰ ਰਹੀ?




**Editorial Board**

**Chief Editor**
Gurjatinder Singh Randhawa

**Sub Editors**
Sandeep Kumar
Amit Saini

**Distributor**
Jai Singh

**Website**
Nikhil

**Punjab Mail USA**
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮੈਂ ਵੀ ਬਣ ਗਈ ਮਾਂ ਨੀ ਮਾਏ

-ਅਜੀਤ ਸਤਨਾਮ ਕੌਰ
ਪਿੰਡ ਤੇ ਡਾਕ ਬਰੜਵਾਲ
ਫੋਨ ਨੰ:- 96536-39891
(Punjab Mail USA)





ਹੌਲੀ-ਹੌਲੀ ਪਹੁ ਫ਼ਟ ਰਹੀ ਸੀ, ਕਮਰੇ ਵਿਚ ਪ੍ਰਭਾਤੀ ਹਨ੍ਹੇਰਾ ਸੀ। ਪੋਲੇ ਜਿਹਾ ਕਮਰੇ ਦਾ ਦਰਵਾਜ਼ਾ ਖੁੱਲ੍ਹਿਆ, ਮੈਂ ਸਿਰ ਚੁੱਕ ਕੇ ਅੱਧੀਆਂ ਅੱਖਾਂ ਖੋਲ੍ਹੀਆਂ। ਮੇਰਾ ਛੋਟਾ ਬੇਟਾ ਮੇਰੇ ਕਮਰੇ ਵਿਚ ਦੱਬੇ ਕਦਮਾਂ ਨਾਲ ਵੜਿਆ ਅਤੇ ਹੌਲੀ ਜਿਹੀ ਮੇਰੀ ਰਜਾਈ 'ਚ ਵੜ ਮੈਨੂੰ ਮਮਤਾ ਭਰੇ ਜੱਫੇ ਵਿਚ ਲੈ ਕੇ ਬੋਲਿਆ...

"ਜਨਮ ਦਿਨ ਮੁਬਾਰਕ ਹੋਵੇ ਮਾਤਾ ਰਾਣੀ ਨੂੰ...ਪ੍ਰਮਾਤਮਾ ਤੁਹਾਨੂੰ ਚੰਗੀ ਸਿਹਤ ਦੇਵੇ, ਬਹੁਤ ਸਾਰੀਆਂ ਖੁਸ਼ੀਆਂ ਦੇਵੇ, ਜੋ ਵੀ ਤੁਸੀਂ ਚਾਹੁੰਦੇ ਹੋ, ਉਹ ਸਭ ਕੁਝ ਤੁਹਾਨੂੰ ਰੱਬ ਬਖਸ਼ੇ...!" ਮੈਨੂੰ ਆਪਣੇ ਜੱਫੇ ਵਿਚ ਲੈ ਕੇ ਹੌਲੀ-ਹੌਲੀ ਮੇਰੇ ਸਿਰ ਨੂੰ ਪਲੋਸਦੇ ਹੋਏ ਮੇਰਾ ਬੇਟਾ ਜਸ਼ਨ ਦੁਆਵਾਂ ਦੇ ਰਿਹਾ ਸੀ ਅਤੇ ਮੈਂ ਇਕ ਜੁਆਕ ਵਾਂਗ ਮਹਿਸੂਸ ਕਰ ਰਹੀ ਸੀ। ਭਾਰੀ ਮਨ ਨਾਲ ਮੈਂ ਕਮਰੇ ਤੋਂ ਬਾਹਰ ਆਈ, ਤਾਂ ਮੇਰੇ ਵੱਡੇ ਬੇਟੇ ਨੇ ਮੈਨੂੰ ਜੱਫੇ ਵਿਚ ਲੈਂਦਿਆਂ ਕਿਹਾ, "ਮਾਤਾ ਹੋਰ ਕਿੰਨਾ ਕੁ ਵੱਡਾ ਹੋਣਾ, ਹੁਣ 'ਬੈਕ ਗੇਹਰ' ਪਾ ਲਵੋ!" ਐਂਡਰੀਆ ਸਾਡੇ ਪ੍ਰੀਵਾਰ ਵਾਂਗ ਹੀ ਹੋ ਗਈ ਹੈ, ਉਸ ਨੇ ਵੀ ਸਾਡੇ ਜੱਫੇ ਉੱਤੇ ਆਪਣੀਆਂ ਬਾਹਾਂ ਦਾ ਘੇਰਾ ਬਣਾ ਲਿਆ ਅਤੇ ਮੇਰੇ ਲਈ ਦੁਆਵਾਂ ਦੀ ਝੜੀ ਲਾ ਦਿੱਤੀ।

ਮੇਰੀਆਂ ਅੱਖਾਂ ਵਿਚ ਹੰਝੂ ਸੀ ਅਤੇ ਮਨ ਅਵਾਜ਼ਾਰ ਸੀ, ਹਜੇ ਕੱਲ੍ਹ ਹੀ ਤਾਂ ਮੇਰੀ ਮਾਂ ਦੀ ਜੀਵਨ ਲੀਲਾ 'ਸਮਾਪਤ' ਹੋਈ ਸੀ, ..ਤੇ ਅੱਜ ਮੇਰਾ......!

"ਗੋਦ ਵਿਚ ਤੇਰੇ ਪਲ ਵੱਡੀ ਹੋਈ
ਤੇਰਾ ਘਰ ਮੇਰੇ ਖੇਡਣ ਦੀ ਥਾਂ ਨੀ ਮਾਏ
ਬੀਤਿਆ ਬਚਪਨ, ਹੋਈ ਪਰਾਈ
ਹੁਣ ਮੈਂ ਵੀ ਬਣ ਗਈਂ ਮਾਂ ਨੀ ਮਾਏ....!!"

....."ਲੈ ਬੇਬੂ, ਮਾਂ ਦੇ ਆਖਰੀ ਦਰਸ਼ਣ ਕਰ ਲੈ!" ਕੀਰਤਪੁਰ ਸਾਹਿਬ ਤੋਂ ਮੇਰੀ ਭੈਣ ਦਾ ਵੀਡੀਓ ਕੋਲ ਸੀ। ਮੇਰੇ ਭਰਾ ਨੇ ਹੱਥ ਵਿਚ ਫੜੀ ਲਾਲ ਗੁੱਥੀ ਦਾ ਮੂੰਹ ਖੋਲ੍ਹ ਕੇ ਮਾਂ ਦੀਆਂ ਅਸਥੀਆਂ ਦੇ ਦਰਸ਼ਣ ਕਰਵਾਏ। ਦਿਲ ਦਹਿਲ ਗਿਆ...ਅਸੀਂ ਸਾਰਿਆਂ ਨੇ ਜਾਰ-ਜਾਰ ਰੋਂਦਿਆਂ ਹੋਇਆਂ ਅੱਖਾਂ ਅਤੇ ਭਾਰੀ ਮਨ ਨਾਲ ਮਾਂ ਦੇ ਫੁੱਲਾਂ ਨੂੰ ਕੀਰਤਪੁਰ ਸਾਹਿਬ ਦੇ ਪਵਿੱਤਰ ਜਲ ਵਿਚ ਪ੍ਰਵਾਹ ਕੀਤਾ। ਅੱਜ ਪਹਿਲੀ ਵਾਰ ਮੈਨੂੰ ਗੁਰਬਾਣੀ ਦੀ ਇਸ ਪੰਕਤੀ ਦਾ ਅਰਥ ਸਮਝ ਆਇਆ...

"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ।।"

ਪਿਛਲੇ ਸਾਲ ਦੀ ਹੀ ਤਾਂ ਗੱਲ ਹੈ, ਮੇਰੀ ਭੈਣ ਜੀ ਨੇ ਦੱਸਿਆ ਕਿ ਮਾਂ ਦੀ ਸਿਹਤ ਠੀਕ ਨਹੀਂ ਰਹਿੰਦੀ, ਤੂੰ ਆ ਕੇ ਮਿਲ ਜਾ। ਕਰੋਨਾ ਬਿਮਾਰੀ ਦਾ ਬਹੁਤ ਬੋਲਬਾਲਾ ਅਤੇ ਦਹਿਸ਼ਤ ਸੀ। ਪਰ ਕਾਫ਼ੀ ਮੁਸ਼ੱਕਤ ਤੋਂ ਬਾਅਦ ਮੈਂ ਇੰਡੀਆ ਜਾਣ 'ਚ ਕਾਮਯਾਬ ਹੋ ਗਈ। ਮੈਂ ਆਪਣੀ ਨੌਕਰੀ ਛੱਡ ਦਿੱਤੀ ਅਤੇ ਮੈਂ ਪੂਰਾ ਸਾਲ ਮਾਂ ਕੋਲ ਰਹੀ। ਜਦੋਂ ਧੀਆਂ ਆਪਣੇ ਘਰ ਵਾਲੀਆਂ ਹੋ ਜਾਂਦੀਆਂ ਨੇ, ਤਾਂ ਨਵੇਂ ਪਰਿਵਾਰ ਨੂੰ ਸਿਰਜਣ ਵਿਚ ਇੰਜ ਰੁੱਝ ਜਾਂਦੀਆਂ ਨੇ ਕਿ ਆਪਣੇ ਹੀ ਪੇਕਿਆਂ ਨੂੰ ਸਮਾਂ ਦੇਣਾ ਬਹੁਤ ਔਖਾ ਹੋ ਜਾਂਦਾ ਹੈ। ਪ੍ਰਦੇਸਾਂ ਦੀਆਂ ਮਜਬੂਰੀਆਂ ਵਿਚ ਜਕੜੀ ਆਪਣੇ ਪਾਪਾ ਜੀ ਨੂੰ ਜਿਉਂਦੇ ਜੀਅ ਨਾ ਮਿਲ ਸਕਣ ਦਾ ਦਰਦ ਇਤਨੇ ਸਾਲਾਂ ਬਾਅਦ ਵੀ ਮੇਰੇ ਅੰਦਰ ਅਜੇ ਵੀ ਗ਼ਮ ਬਣ ਰਿਸਦਾ ਰਹਿੰਦਾ ਹੈ.....

"....ਪੁੱਤ ਸਾਰਾ ਸਮਾਨ ਚੈੱਕ ਕਰ ਲੈ, ਪਹਿਲੀ ਵਾਰੀ ਜਹਾਜ਼ 'ਤੇ ਜਾਣਾਂ, ਪੰਜਾਬ ਥੋੜ੍ਹੋ ਚੱਲੀ ਏਂ ਕਿ ਕੋਈ ਫ਼ੇਰ ਫੜਾ ਆਊਗਾ..!" ਪਾਪਾ ਜੀ ਨੇ ਆਪਣੇ ਕੁਰਲਾਂਦੇ ਜਜ਼ਬਾਤਾਂ ਨੂੰ ਲਕੋਂਦੇ ਹੋਏ ਕਿਹਾ। ਅੰਦਰੋ ਉਨ੍ਹਾਂ ਨੂੰ ਵੀ ਪਤਾ ਸੀ ਕਿ ਆਹ 'ਵਿਛੋੜਾ' ਲੰਮਾ ਹੋਊਗਾ। ਮੈਂ ਦੋਹੇ ਬਾਹਾਂ ਦਾ ਜੱਫਾ ਆਪਣੇ ਪਿਉ ਨੂੰ ਪਾਉਂਦਿਆਂ ਕਿਹਾ, "ਅਰੇ! ਜਲਦੀ ਤੁਹਾਨੂੰ ਬੁਲਾਵਾਂਗੇ ਬਾਕੀ ਸਮਾਨ ਤੁਸੀਂ ਲੈ ਆਇਉ..!"

"..ਪਹਿਲਾਂ ਤਾਂ ਤੂੰ 'ਪ੍ਰਦੇਸਣ' ਸੀ ਧੀਏ, ਆ ਕੇ ਮਿਲ ਜਾਂਦੀ ਸੀ... ਹੁਣ ਤਾਂ 'ਵਿਦੇਸ਼ਣ' ਹੋ ਜਾਣਾਂ...ਵਾਹਿਗੁਰੂ ਜਾਣਦਾ ਮੁੜ ਕਦੋਂ ਮੇਲ ਹੋਣਗੇ..!" ਪਾਪਾ ਜੀ ਦਾ ਦਿਲ ਡੋਲ ਰਿਹਾ ਸੀ, ਉਨ੍ਹਾਂ ਦੀਆਂ ਅੱਖਾਂ ਵਿਚ ਮੋਟੇ-ਮੋਟੇ ਹੰਝੂ ਚੋਅ ਰਹੇ ਸਨ। ਪਹਿਲੀ ਵਾਰ ਮੈਨੂੰ ਅਹਿਸਾਸ ਹੋ ਰਿਹਾ ਸੀ ਕਿ ਜਦੋਂ ਅਸੀਂ ਮਾਪੇ ਬਣ ਕੇ ਆਪਣੇ ਬੱਚਿਆਂ ਵਾਸਤੇ ਖੁਸ਼ੀਆਂ ਵਾਲੇ ਖੰਭ ਖਿਲਾਰ ਕੇ ਉਡਾਰੀ ਭਰਦੇ ਹਾਂ, ਤਾਂ ਪਿੱਛੇ ਆਪਦੇ ਮਾਂ-ਬਾਪ ਦੀ ਉਡਾਣ ਨਿਰਬਲ ਹੋ ਜਾਂਦੀ ਹੈ। ਮੇਰੇ ਪਾਪਾ ਜੀ 'ਸੰਤ ਸੁਭਾਵ' ਦੇ ਸਨ, ਸ਼ਾਇਦ ਉਨ੍ਹਾਂ ਨੂੰ ਪਤਾ ਸੀ ਕਿ ਅੱਜ ਦੇਹ ਰੂਪ ਵਿਚ 'ਆਖਰੀ' ਵਾਰ ਮੇਰੇ ਸਿਰ 'ਤੇ ਹੱਥ ਰੱਖ ਕੇ ਧੀ ਨੂੰ ਆਸ਼ੀਰਵਾਦ ਦੇ ਰਹੇ ਸਨ, ਮੁੜ ਕੇ ਤਾਂ 'ਰੂਹ' ਬਣ ਕੇ ਹੀ ਮੇਲ ਹੋਣਗੇ। ਮੈਂ ਆਪਣੇ ਮਾਪਿਆਂ ਦੀ ਚੌਥੀ ਅਤੇ ਸਭ ਤੋਂ ਛੋਟੀ ਔਲਾਦ ਹਾਂ। ਆਪਣੇ ਪਾਪਾ ਜੀ ਦੇ ਬਹੁਤ ਨਜ਼ਦੀਕ ਸੀ। ਵਿਆਹ ਤੋਂ ਬਾਅਦ ਨੇਮ ਨਾਲ ਹਰ ਐਤਵਾਰ ਨੂੰ ਪਾਪਾ ਜੀ ਦਾ ਫ਼ੋਨ ਆਉਂਦਾ, "ਪੁੱਤ ਕੀ ਹਾਲ ਹੈ?"

ਆਹ ਕੈਸੀ ਵਿਡੰਬਣਾ ਹੈ? ਆਪਣੇ ਜਾਏ ਨੂੰ ਜਿਉਂਦੇ ਜੀਅ ਆਪਣੇ ਤੋਂ ਜੁਦਾ ਕਰ ਦੇਣਾ, ਫ਼ੇਰ ਉਸ ਦਾ ਹਾਲ ਪੁੱਛਣਾ ਅਤੇ ਫ਼ਿਕਰ ਕਰਨਾ..? ਪ੍ਰੰਤੂ ਸੰਸਾਰ ਦੀ ਇਹੀ ਰੀਤ ਹੈ, ਹਰ ਔਰਤ ਨੂੰ ਆਪਣੀ ਜ਼ਿੰਦਗੀ ਦੋ ਹਿੱਸਿਆਂ ਵਿਚ ਹੀ ਜਿਉਣੀ ਪੈਂਦੀ ਹੈ।

....ਕੀਰਤਪੁਰ ਸਾਹਿਬ ਅਰਦਾਸ ਸਮਾਪਤੀ ਤੋਂ ਬਾਅਦ ਧੀਆਂ ਵਾਸਤੇ ਕੋਈ ਭਾਂਡਾ ਲਿਆ ਜਾਂਦਾ ਹੈ, ਉਸ ਉਪਰ ਸੰਸਾਰ ਤੋਂ ਸਦੀਵੀ ਤੁਰ ਗਏ ਜੀਵ ਦਾ ਨਾਂ ਲਿਖਾ ਕੇ ਦਿੱਤਾ ਜਾਂਦਾ ਹੈ।

".....ਤੂੰ ਦੱਸ ਕੀ ਲੈਣਾ ਮਾਂ ਵੱਲੋਂ?" ਮੇਰੇ ਵੀਰ ਨੇ 'ਵੀਡੀਉ ਕਾਲ' 'ਤੇ ਕਿਹਾ।

"....ਮੈਨੂੰ ਆਹ 'ਤਾਂਬੇ' ਦੀ ਬੋਤਲ ਲੈ ਦਵੋ, ਇਸ ਦੇ ਉਪਰ ਲਿਖਵਾ ਦਿਓ 'ਮੇਰੀ ਮਾਂ'...!" ਆਪਣੀ ਮਾਂ ਦੀ ਯਾਦ ਲਈ ਇਸ ਤੋਂ ਵਧੀਆ ਕੀ ਹੋ ਸਕਦਾ ਸੀ? ਜਦ ਵੀ ਪਾਣੀ ਪੀਊਂਗੀ, ਮਾਂ ਵਾਲੀ ਬੋਤਲ ਵਿਚੋਂ ਤਾਂ ਕੁਦਰਤੀ ਹੀ 'ਠੰਢ' ਪੈ ਜਾਇਆ ਕਰੂਗੀ। ਮੇਰੀ ਭੈਣ ਨੇ ਵੀ ਮੇਰੇ ਨਾਲ ਦੀ ਬੋਤਲ ਲੈ ਕੇ 'ਮੇਰੀ ਮਾਂ' ਲਿਖਵਾ ਲਿਆ।

"ਦੁੱਧ ਦਾ ਕਰਜ਼ ਮੈਂ ਲਾਹ ਨੀ ਸਕਦੀ,
ਤੇਰੇ ਕਰਕੇ ਵੇਖੀ ਮੈਂ ਦੁਨੀਆਂ
ਮੇਰੇ ਸਾਹਾਂ 'ਤੇ ਹੈ ਤੇਰਾ ਅਹਿਸਾਨ ਨੀ ਮਾਏ
ਹੁਣ ਮੈਂ ਵੀ ਬਣ ਗਈ ਮਾਂ ਨੀ ਮਾਏ...!"

ਕੀਰਤਪੁਰ ਸਾਹਿਬ ਤੋਂ ਮਾਂ ਬਾਰੇ ਗੱਲਾਂ ਕਰਦਿਆਂ ਮੇਰੀਆਂ ਆਪਣੇ ਪਾਪਾ ਜੀ ਨਾਲ ਵਾਪਰੀਆਂ ਕੁਝ ਯਾਦਾਂ ਮਨ ਦੀ ਗੰਢੜੀ 'ਚੋਂ ਛਾਲ ਮਾਰ ਬਾਹਰ ਆ ਗਈਆਂ.............

".....ਮੰਮਾ, ਨਾਨਾ ਜੀ ਦੀ 'ਅਰਥੀ' ਨੂੰ ਜਦੋਂ ਮੈਂ ਕੰਧਾ ਦਿੱਤਾ ਸੀ, ਤਾਂ ਦੋ ਗੁਲਾਬ ਦੇ ਫੁੱਲ ਮੇਰੀ ਕਮੀਜ਼ ਦੀ ਜੇਬ ਵਿਚ ਆ ਡਿੱਗੇ ਸੀ, ਘਰ ਵਾਪਸ ਆ ਕੇ ਮੈਂ ਵੇਖਿਆ ਹੁਣ ਇਨ੍ਹਾਂ ਦਾ ਕੀ ਕਰਾਂ?" ਮੇਰੇ ਬੇਟੇ ਨੇ ਫ਼ੋਨ ਕਰ ਮੈਨੂੰ ਦੱਸਿਆ। ਮੇਰੀ ਫਾਈਲ ਲੱਗੀ ਹੋਈ ਸੀ। ਇਸ ਲਈ ਮੈਂ ਇੰਡੀਆ ਨਹੀਂ ਸੀ ਜਾ ਸਕੀ ਆਪਣੇ ਪਾਪਾ ਜੀ ਨੂੰ ਮੁੜ ਕਦੇ ਜਿਉਂਦੇ ਜੀਅ ਮਿਲਣ ਲਈ।

"...ਇੰਨਾਂ ਨੂੰ ਸਾਂਭ ਕੇ ਰੱਖ ਲੈ, ਇਹ ਮੇਰੇ ਹਿੱਸੇ ਦੀ ਸ਼ਰਧਾਂਜਲੀ ਹੈ!" ਮੈਂ ਜਾਰ-ਜਾਰ ਰੋਣ ਲੱਗ ਪਈ।

....ਕਰੀਬ ਸੱਤ ਕੁ ਮਹੀਨੇ ਬਾਅਦ ਮੈਨੂੰ ਇੰਡੀਆ ਜਾਣ ਦਾ ਮੌਕਾ ਮਿਲਿਆ। ਮੈਂ ਕੁਝ ਦਿਨ ਬਾਅਦ ਹੀ ਕੀਰਤਪਰ ਸਾਹਿਬ ਦੀ ਯਾਤਰਾ ਲਈ ਗਈ ਅਤੇ ਆਪਣੇ ਬੇਟੇ ਅਮਨ ਕੋਲੋਂ ਪਾਪਾ ਜੀ ਦੇ ਦੋ 'ਆਖਰੀ' ਫੁੱਲਾਂ ਨੂੰ ਲੈ ਲਿਆ। ਜਲ ਪ੍ਰਵਾਹ ਕਰਦਿਆਂ ਮੈਂ ਆਪਣੇ ਪਾਪਾ ਜੀ ਦੇ ਪਿਆਰ ਨੂੰ ਪ੍ਰਤੱਖ ਰੂਪ ਵਿਚ ਮਹਿਸੂਸ ਕੀਤਾ...."ਧੀਏ..ਇਸ ਬੁੱਢੇ ਪਿਉ ਨੇ ਕਮਜ਼ੋਰ ਅੱਖਾਂ ਨਾਲ ਤੇਰਾ ਬਹੁਤ ਰਾਹ ਤੱਕਿਆ...ਪਰ ਤੂੰ ਆਉਣ 'ਚ ਜ਼ਰਾ ਦੇਰ ਕਰ ਦਿੱਤੀ..ਇਸ ਲਈ ਦੋ ਗੁਲਾਬ ਤੇਰੇ ਹਿੱਸੇ ਦੇ ਛੱਡ ਦਿੱਤੇ ਅਤੇ ਮੈਨੂੰ ਯਕੀਨ ਸੀ ਕਿ ਤੂੰ ਮੈਨੂੰ ਵਿਦਾਅ ਕਰਨ ਜ਼ਰੂਰ ਆਵੇਂਗੀ!" 'ਦੋ ਗੁਲਾਬ' ਜਲ ਪ੍ਰਵਾਹ ਕਰ ਮੈਂ ਦਰਬਾਰ ਸਾਹਿਬ 'ਚ ਬੈਠ, ਆਪਣੇ ਪਾਪਾ ਜੀ ਨਾਲ ਬਹੁਤ ਸਾਰੀਆਂ ਗੱਲਾਂ ਮਨ ਹੀ ਮਨ ਕੀਤੀਆਂ...।

"ਮੰਦਰ ਮਸਜ਼ਿਦ ਕਿਉਂ ਲੱਭੇਂ ਮੈਨੂੰ
ਮਾਂ-ਪਿਉ ਵਿਚ ਹੀ ਦਿਸ ਜਾਣਾ ਤੈਨੂੰ
ਉਨ੍ਹਾਂ ਦਾ ਰੱਬ ਵਰਗਾ ਸਥਾਨ ਨੀ ਮਾਏ
ਹੁਣ ਮੈਂ ਵੀ ਬਣ ਗਈ ਮਾਂ ਨੀ ਮਾਏ..."

....ਮਾਂ ਦੇ ਆਖੰਡ ਪਾਠ ਸਾਹਿਬ ਦਾ ਦਿਨ ਵੀ ਖੰਭ ਲਾ ਛੇਤੀ ਹੀ ਆ ਗਿਆ।

"ਪਾਠ ਦਾ ਭੋਗ ਘਰ ਪਾ ਕੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਵਿਚ ਰੱਖੀ ਹੈ।" ਵੀਰ ਜੀ ਨੇ ਦੱਸਿਆ।

"ਕਿਹੜੇ ਗੁਰਦੁਆਰਾ ਸਾਹਿਬ?"

"ਬਲਕੇਸ਼ਵਰ ਕਾਲੋਨੀ...!"

....ਆਗਰਾ ਸ਼ਹਿਰ ਵਿਖੇ ਬਕਲੇਸ਼ਵਰ ਕਾਲੋਨੀ ਮੇਰਾ ਜਨਮ ਸਥਾਨ ਹੈ। ਪਾਪਾ ਜੀ ਨੇ ਆਪਣਾ ਕਾਰੋਬਾਰ ਦੂਸਰੇ ਪਾਸੇ, ਜਿਸ ਦਾ ਨਾਂ "ਰਾਮਬਾਗ" ਹੈ, ਉਸਾਰ ਲਿਆ ਸੀ, ਇਸ ਲਈ ਪੂਰਾ ਪਰਿਵਾਰ ਇਸ ਕਾਲੋਨੀ ਨੂੰ ਛੱਡ ਗਏ ਸੀ। ਇਸ ਕਾਲੋਨੀ ਵਿਚ ਸਾਡਾ ਘਰ ਗੁਰਦੁਆਰੇ ਦੇ ਬਹੁਤ ਨਜ਼ਦੀਕ ਸੀ। ਇਸ ਲਈ ਲਾਊਡ ਸਪੀਕਰ ਦੀ ਆਵਾਜ਼ ਸਾਫ਼ ਆਉਂਦੀ ਸੀ। ਅੱਜ ਫੇਰ ਉਸੀ ਥਾਂ ਤੋਂ ਮਾਂ ਦੀ ਅੰਤਿਮ ਅਰਦਾਸ ਕੀਤੀ ਜਾ ਰਹੀ ਸੀ। ਕਈ ਸਾਲ ਪਹਿਲਾਂ ਇਸੀ ਕਾਲੋਨੀ ਵਿਚ ਮੈਂ ਕਿਲਕਾਰੀਆਂ ਭਰਦੀ ਮਾਂ ਦੀ ਗੋਦ ਵਿਚ ਆਈ ਸੀ, ਅੱਜ ਮਾਂ ਦੁਆਵਾਂ ਦਿੰਦੀ ਇਸੀ ਸਥਾਨ ਤੋਂ ਵਿਦਾਅ ਹੋ ਰਹੀ ਸੀ।

"ਨਿੱਤ ਘੜੇ ਉਹ ਨਵੀਆਂ ਰੂਹਾਂ
ਪਰ ਜਨਮ ਕਿਵੇਂ ਮੈਂ ਦੇਵਾਂ
ਕਿਵੇਂ ਚੱਲੇ ਦੁਨੀਆਂ ਤੇਰੇ ਬਾਝੋਂ
ਰੱਬ ਵੀ ਬੜਾ ਹੈਰਾਨ ਨੀ ਮਾਏ
ਹੁਣ ਮੈਂ ਵੀ ਬਣ ਗਈ ਮਾਂ ਨੀ ਮਾਏ"

"...ਧੀਏ ਤੂੰ ਜਿਹੜਾ ਆਹ 'ਪਾਠ' ਵਾਲਾ ਸਪੀਕਰ ਮੈਨੂੰ ਦੇ ਗਈ ਹੈਂ, ਮੈਂ ਸਵੇਰੇ ਉਠਦਿਆਂ ਸਾਰ ਹੀ ਪਾਠ ਲਵਾ ਲੈਂਦੀ ਹਾਂ, ਅਤੇ ਰਾਤ ਸੌਣ ਲੱਗੀ ਹੀ ਬੰਦ ਕਰਵਾਉਦੀ ਹਾਂ!" ਪਿਛਲੇ ਸਾਲ ਜਦੋਂ ਮੈਂ ਮਾਂ ਕੋਲ ਰਹਿਣ ਗਈ ਸੀ, ਤਾਂ ਸੁਖਮਨੀ ਸਾਹਿਬ ਦੀ 'ਡਿਵਾਈਸ' ਮਾਂ ਦੇ ਕਮਰੇ ਵਿਚ ਲਵਾ ਦਿੱਤੀ ਸੀ ਕਿ ਗੁਰਬਾਣੀ ਮਾਂ ਦੇ ਕੰਨੀਂ ਪੈਂਦੀ ਰਹੇ। ਕੈਂਸਰ ਦੀ ਬਿਮਾਰੀ ਨੇ ਮਾਂ ਨੂੰ ਬਹੁਤ ਨਿਰਬਲ ਕਰ ਦਿੱਤਾ ਸੀ, ਮਾਂ ਦੇ ਚੰਗੇ ਕੀਤੇ ਕਰਮ ਸੀ ਕਿ ਦੋਹਾਂ ਨੂੰਹਾਂ ਨੇ ਦਿਨ-ਰਾਤ ਮਾਂ ਦੀ ਬਹੁਤ ਸੇਵਾ ਕੀਤੀ। ਸਾਨੂੰ ਵੀ ਭਾਬੀਆਂ ਦੇ ਹੁੰਦਿਆਂ ਕੋਈ ਫ਼ਿਕਰ ਨਹੀਂ ਸੀ।

....ਕੱਲ੍ਹ ਮਾਂ ਲਈ ਰੱਖੇ ਆਖੰਡ ਪਾਠ ਸਾਹਿਬ ਦਾ ਭੋਗ ਪੈ ਗਿਆ। ਆਹ ਮਾਤਰ ਸੰਯੋਗ ਹੀ ਸੀ ਕਿ ਅਗਲੇ ਦਿਨ ਮੇਰਾ ਜਨਮ ਦਿਨ ਸੀ। "ਸੰਸਾਰ ਚਲਾਏ ਮਾਨ ਹੈ" ਇਸੀ ਤੱਥ ਨੂੰ ਸਾਹਮਣੇ ਰੱਖਦੇ ਹੋਏ ਕੁਝ ਨਜ਼ਦੀਕੀ ਜਣਿਆਂ ਨੇ ਮੈਨੂੰ ਦੁਆਵਾਂ ਦੇ ਕੇ ਜਨਮ-ਮਰਨ ਦੀ ਸੱਚਾਈ ਨੂੰ ਹੋਰ ਵੀ ਮਜ਼ਬੂਤ ਕੀਤਾ।

...."ਹੈਪੀ ਬਰਥ'ਡੇ ਟੂ ਯੂ...!!" ਬੋਲਦੇ ਹੋਏ ਮੇਰੀਆਂ ਨਜ਼ਦੀਕੀ ਸਹੇਲੀਆਂ ਆਪਣੇ ਪ੍ਰੀਵਾਰਾਂ ਨਾਲ ਮੈਨੂੰ 'ਸਰਪ੍ਰਾਈਜ਼' ਦੇਣ ਮੇਰੇ ਘਰ ਆ ਗਈਆਂ। ਮੈਨੂੰ ਇਸ ਦਾ ਬਿਲਕੁਲ ਵੀ ਇਲਮ ਨਹੀਂ ਸੀ। ਮੇਰਾ ਜਨਮ ਦਿਨ ਮੇਰੇ ਪੁੱਤਰਾਂ ਨੇ ਇਕ ਮਹੀਨਾਂ ਪਹਿਲਾਂ ਹੀ ਪਲਾਨ ਕੀਤਾ ਹੋਇਆ ਸੀ। ਅਚਾਨਕ ਨਾਨੀ ਦੇ 'ਅਕਾਲ ਚਲਾਣਾ' ਕਰਨ ਕਾਰਣ ਉਨ੍ਹਾਂ ਨੇ ਆਪਣੇ ਪਲਾਨ ਨੂੰ ਬਦਲਿਆ ਨਹੀਂ ਸੀ।

"ਕਦੇ ਮੈਂ ਤੈਨੂੰ ਸਤਾਇਆ ਹੋਣਾ
ਕਦੇ ਰੁੱਸ ਤੈਨੂੰ ਰੁਆਇਆ ਹੋਣਾ
ਲਾ ਗਲ ਨਾਲ ਮੈਨੂੰ
ਤੂੰ ਸ਼ਮ੍ਹਾਂ ਦਾ ਦਿੱਤਾ ਦਾਨ ਨੀ ਮਾਏ
ਹੁਣ ਮੈਂ ਵੀ ਬਣ ਗਈ ਮਾਂ ਨੀ ਮਾਏ..."

....ਮੇਰੇ ਛੋਟੇ ਬੇਟੇ ਜਸ਼ਨ ਨੇ ਇੱਕ ਤੋਹਫ਼ਾ ਮੈਨੂੰ ਦਿੱਤਾ, ਜੋ ਬਹੁਤ ਸੋਹਣੇ ਤਰੀਕੇ ਨਾਲ ਪੈਕ ਕੀਤਾ ਹੋਇਆ ਸੀ। ਮੈਂ ਉਸ ਨੂੰ ਜਦੋਂ ਖੋਲ੍ਹ ਕੇ ਦੇਖਿਆ ਤਾਂ ਮੇਰੇ ਅੰਦਰੋ ਹੰਝੂਆਂ ਦਾ ਸਾਗਰ ਉਛਲ ਪਿਆ। ਮੇਰੇ ਹੱਥ ਦੀਆਂ ਬਣਾਈਆਂ ਹੋਈਆਂ ਦੋ 'ਪੇਂਟਿੰਗਸ', ਜੋ ਤਕਰੀਬਨ ਸਤਾਈ ਸਾਲ ਪੁਰਾਣੀਆਂ ਹਨ, ਮੈਨੂੰ ਉਪਹਾਰ ਤੌਰ 'ਤੇ ਦਿੱਤੀਆਂ। ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਉਸ ਵਕਤ ਮੈਂ ਆਰਥਿਕ ਤੰਗੀ ਨਾਲ ਜੂਝ ਰਹੀ ਸੀ, ਇਸ ਲਈ ਇੱਕ 'ਪੇਂਟਿੰਗ ਇੰਸਟੀਚੂਟ' ਖੋਲ੍ਹਿਆ ਸੀ। ਆਹ ਪੇਂਟਿੰਗਸ ਵਿਚ ਮੈਂ ਆਪਦੇ ਹਾਲਾਤ ਨੂੰ ਉਲੀਕਿਆ ਸੀ। ਇੱਕ ਬਲਦੀ ਹੋਈ ਮੋਮਬੱਤੀ ਉੱਤੇ ਇੱਕ ਔਰਤ ਦਾ ਚਿਹਰਾ ਹੈ, ਜਿਸ ਉਤੇ ਲਿਖਿਆ ਹੈ, "ਪਲ-ਪਲ ਜਲਤਾ ਹੈ ਜੀਵਨ"....!

"ਇਹ ਤੂੰ ਕਿਵੇਂ ਕੀਤਾ?" ਮੈਂ ਹੈਰਾਨੀ ਨਾਲ ਬੇਟੇ ਨੂੰ ਪੁੱਛਿਆ।

"ਮੈਨੂੰ ਪਤਾ ਸੀ ਆਹ ਪੇਂਟਿੰਗਸ ਤੁਹਾਡੇ ਮਨ ਦੇ ਕਰੀਬ ਹਨ, ਮੈਂ ਕੁਝ ਮਹੀਨਿਆਂ ਤੋਂ ਪੂਰੀ ਕੋਸ਼ਿਸ਼ ਕਰ ਰਿਹਾ ਸੀ....!" ਮੇਰੇ ਬੇਟੇ ਜਸ਼ਨ ਨੇ ਸਾਰੀ ਕਹਾਣੀ ਸੁਣਾਈ। ਮੇਰੇ ਇੰਡੀਆ ਛੱਡਣ ਤੋਂ ਬਾਅਦ ਮੇਰਾ ਘਰ ਵੇਚ ਦਿੱਤਾ ਗਿਆ ਸੀ ਅਤੇ ਉਸ ਦਾ ਸਾਰਾ ਸਮਾਨ ਵੇਚ ਜਾਂ ਵੰਡ ਦਿੱਤਾ ਗਿਆ ਸੀ, ਜਿਸ ਦਾ ਮੈਨੂੰ ਕੋਈ ਇਲਮ ਨਹੀਂ ਹੋਣ ਦਿੱਤਾ ਸੀ। ਇਸ ਤੋਹਫ਼ੇ 'ਤੇ ਮੇਰਾ ਮਨ ਮਮਤਾ ਨਾਲ ਭਰ, ਆਪਣੀ ਹੀ ਔਲਾਦ ਲਈ ਨਤਮਸਤਕ ਹੋ ਗਿਆ।

"ਸੇਕ ਲੱਗਿਆ ਅੱਜ ਮੇਰੀ ਵੀ ਜਿੰਦ ਨੂੰ
ਆਪਣੇ ਉਤੇ ਲੈ ਕੇ ਲੂਹ ਨੂੰ
ਕਿੰਜ ਦਿੱਤੀ ਹੋਣੀਂ, ਤੂੰ ਠੰਡੀ ਛਾਂ ਨੀ ਮਾਏ
ਹੁਣ ਮੈਂ ਵੀ ਬਣ ਗਈ ਮਾਂ ਨੀ ਮਾਏ"

...."ਮਾਂ ਦੀ ਅੰਤਿਮ ਅਰਦਾਸ ਸ਼ੁਰੂ ਹੋ ਗਈ ਹੈ, ਤੂੰ ਵੀ ਸ਼ਾਮਲ ਹੋ!" ਮੇਰੀ ਭੈਣ ਜੀ ਨੇ 'ਵੀਡਿਉ ਕਾਲ' 'ਤੇ ਮੈਨੂੰ ਵੀ ਮਾਂ ਨੂੰ ਸ਼ਰਧਾ ਦੇ ਫੁੱਲ ਅਰਪਣ ਕਰਨ ਦਾ ਮੌਕਾ ਬਣਾ ਦਿੱਤਾ। ਗੁਰਬਾਣੀ ਦਾ ਵਾਕ-ਸਾਹਿਬ ਲੈ ਕੇ ਮੈਂ ਵਾਹਿਗੁਰੂ ਜੀ ਦੇ ਫੁਰਮਾਨ ਨੂੰ ਮੰਨਦਿਆਂ ਹੋਇਆਂ, ਮਾਂ ਨੂੰ ਗੁਰੂ ਦੇ ਚਰਨ-ਕਮਲਾਂ ਵਿਚ ਸਥਾਨ ਬਖਸ਼ਣ ਦੀ ਬੇਨਤੀ ਕੀਤੀ।

"ਨਿੱਤ ਘੜੇ ਉਹ ਨਵੀਆਂ ਰੂਹਾਂ
ਪਰ ਜਨਮ ਕਿਵੇਂ ਮੈਂ ਦੇਵਾਂ
ਕਿਵੇਂ ਚੱਲੇ ਦੁਨੀਆਂ ਤੇਰੇ ਬਾਝੋਂ
ਰੱਬ ਵੀ ਬੜਾ ਹੈਰਾਨ ਨੀ ਮਾਏ
ਹੁਣ ਮੈਂ ਵੀ ਬਣ ਗਈ ਮਾਂ ਨੀ ਮਾਏ.......!!"

ਮਾਂ ਕਦੇ ਵੀ ਦੁਨੀਆਂ ਤੋਂ ਅਲੋਪ ਨਹੀਂ ਹੋ ਸਕਦੀ। ਮਾਂ ਤਾਂ ਆਪਣੀ ਹੋਂਦ ਨੂੰ ਅਗਲੀ ਪੀੜ੍ਹੀ ਨੂੰ ਸੌਂਪ ਕੇ ਇਸ ਸੰਸਾਰ ਨੂੰ ਚਲਾਏ ਮਾਨ ਰੱਖਣ ਦੀ ਸਮਰੱਥਾ ਰੱਖਦੀ ਹੈ। ਇੱਕ ਰੂਹ ਨੂੰ ਮੂਰਤ ਰੂਪ ਦੇਣ ਲਈ ਰੱਬ ਵੀ ਮਾਂ 'ਤੇ ਨਿਰਭਰ ਹੈ। ਮਾਂ ਦੀ ਹੋਂਦ ਨੂੰ ਕੋਟਿਨ-ਕੋਟਿ ਪ੍ਰਣਾਮ!

# ਪੰਜਾਬੀ ਵਿਰਸੇ ਦਾ ਕੋਸ਼: ਗਿਆਨੀ ਗੁਰਦਿੱਤ ਸਿੰਘ


ਆਧੁਨਿਕ ਪੰਜਾਬੀ ਵਾਰਤਕ ਦਾ ਮੂੰਹ-ਮੱਥਾ ਸ਼ਿੰਗਾਰਨ, ਸੰਵਾਰਨ ਤੇ ਨਿਖਾਰਨ ਵਿਚ 'ਮੇਰਾ ਪਿੰਡ' ਵਾਲੇ ਗਿਆਨੀ ਗੁਰਦਿੱਤ ਸਿੰਘ ਦੀ ਬੜੀ ਸਰਗਰਮ ਭੂਮਿਕਾ ਰਹੀ ਹੈ। ਉਨ੍ਹਾਂ ਨੂੰ ਇੱਕ ਸਫ਼ਲ ਵਾਰਤਕਕਾਰ ਦੇ ਨਾਲ-ਨਾਲ ਜੀਵਨੀਕਾਰ, ਸਿੱਖ-ਇਤਿਹਾਸ ਦੇ ਸਕਾਲਰ, ਗੁਰਬਾਣੀ ਦੇ ਵਿਆਖਿਆਕਾਰ ਅਤੇ ਸਫ਼ਲ ਸੰਪਾਦਕ ਹੋਣ ਦਾ ਵੀ ਮਾਣ ਪ੍ਰਾਪਤ ਹੈ। ਉਨ੍ਹਾਂ ਦਾ ਜਨਮ 24 ਫਰਵਰੀ, 1923 ਈ. ਨੂੰ ਸ. ਹੀਰਾ ਸਿੰਘ ਦੇ ਘਰ, ਮਾਤਾ ਨਿਹਾਲ ਕੌਰ ਦੀ ਕੁੱਖੋਂ, ਪਿੰਡ ਮਿੱਠੇਵਾਲ, ਰਿਆਸਤ ਮਲੇਰਕੋਟਲਾ ਵਿਖੇ ਹੋਇਆ।

ਗਿਆਨੀ ਗੁਰਦਿੱਤ ਸਿੰਘ ਨੇ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਤੋਂ ਪ੍ਰਾਪਤ ਕੀਤੀ ਅਤੇ ਪੇਂਡੂ ਘਰੋਗੀ ਕੰਮ-ਧੰਦਿਆਂ ਦੇ ਨਾਲ-ਨਾਲ ਸਾਧੂਆਂ, ਸੰਤਾਂ, ਵਿਦਵਾਨਾਂ ਤੋਂ ਨੀਤੀ-ਸ਼ਾਸਤਰ, ਪਿੰਗਲ, ਕਾਵਿ ਨਾਲ ਸਬੰਧਤ ਗ੍ਰੰਥਾਂ ਦਾ ਅਧਿਐਨ ਕੀਤਾ; ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਅਰਥਾਂ ਅਤੇ ਵਿਆਖਿਆ ਨੂੰ ਸਮਝਿਆ। ਲਾਹੌਰ ਤੋਂ 1944-45 ਵਿਚ ਗਿਆਨੀ ਪਾਸ ਕਰਨ ਪਿੱਛੋਂ ਹੋਰ ਜਾਣਨ ਦੀ ਜਗਿਆਸਾ ਹਿੱਤ 1943 ਤੋਂ 1947 ਤੱਕ ਪੰਜਾ ਸਾਹਿਬ ਤੋਂ ਪਟਨਾ ਅਤੇ ਬਨਾਰਸ ਤੱਕ ਦੀ ਯਾਤਰਾ ਕੀਤੀ। ਇਸ ਦੌਰਾਨ ਧਾਰਮਿਕ ਅਸਥਾਨਾਂ- ਲਾਹੌਰ, ਅੰਮ੍ਰਿਤਸਰ, ਪਟਿਆਲਾ ਦੀਆਂ ਲਾਇਬ੍ਰੇਰੀਆਂ ਅਤੇ ਕਾਸ਼ੀ ਦੀ ਨਾਗਰੀ ਪ੍ਰਚਾਰਿਣੀ ਸਭਾ ਲਾਇਬ੍ਰੇਰੀ ਵਿਚੋਂ ਪੁਰਾਤਨ ਹੱਥ ਲਿਖਤਾਂ, ਬੀੜਾਂ ਅਤੇ ਦੁਰਲੱਭ ਗ੍ਰੰਥਾਂ ਦੀ ਖੋਜ ਕੀਤੀ।

ਬੀਬੀ ਇੰਦਰਜੀਤ ਕੌਰ ਸੰਧੂ ਨਾਲ ਸ਼ਾਦੀ ਹੋਣ ਪਿੱਛੋਂ ਉਨ੍ਹਾਂ ਦੇ ਘਰ ਦੋ ਲੜਕੇ ਰੂਪਇੰਦਰ ਸਿੰਘ (1960) ਅਤੇ ਰਵੀ ਇੰਦਰ ਸਿੰਘ (1961) ਪੈਦਾ ਹੋਏ। ਸ਼ਾਇਦ ਬਹੁਤੇ ਪਾਠਕਾਂ ਨੂੰ ਪਤਾ ਨਾ ਹੋਵੇ ਕਿ ਸ਼੍ਰੀਮਤੀ ਸੰਧੂ 1975 ਤੋਂ 1977 ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਰਹਿ ਚੁੱਕੇ ਹਨ ਅਤੇ ਉਹ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਸਮੇਤ ਪੰਜਾਬ ਦੀਆਂ ਹੋਰਨਾਂ ਯੂਨੀਵਰਸਿਟੀਆਂ ਵਿਚ ਹੁਣ ਤੱਕ ਦੇ ਪਹਿਲੇ ਇਸਤਰੀ ਵੀ.ਸੀ. ਹੋ ਗੁਜ਼ਰੇ ਹਨ। ਸ਼੍ਰੀਮਤੀ ਸੰਧੂ ਭਾਰਤ ਸਰਕਾਰ ਦੇ ਸਿਲੈਕਸ਼ਨ ਕਮਿਸ਼ਨ ਦੇ ਸਾਬਕਾ ਚੇਅਰਮੈਨ ਵੀ ਰਹਿ ਚੁੱਕੇ ਹਨ।

ਉਚੇਰੀ ਸਿੱਖਿਆ ਹਾਸਲ ਨਾ ਕਰਨ ਦੇ ਬਾਵਜੂਦ ਗਿਆਨੀ ਜੀ ਨੇ ਪੰਜਾਬੀ ਸਾਹਿਤ ਅਤੇ ਗੁਰਬਾਣੀ/ਸਿੱਖ ਸਾਹਿਤ ਨਾਲ ਸਬੰਧਤ ਨਿੱਗਰ ਅਤੇ ਉੱਚਪੱਧਰੀ ਪੁਸਤਕਾਂ ਦੀ ਰਚਨਾ ਕੀਤੀ, ਜਿਨ੍ਹਾਂ ਦਾ ਮੁਕੰਮਲ ਵੇਰਵਾ ਇਸ ਪ੍ਰਕਾਰ ਹੈ:

- **ਕਵਿਤਾ:** ਅਛੋਹ ਸਿਖਰਾਂ, ਭਾਵਾਂ ਦੇ ਦੇਸ਼।
- **ਖੋਜ ਅਤੇ ਆਲੋਚਨਾ:** ਰਾਗ ਮਾਲਾ ਦੀ ਅਸਲੀਅਤ, ਪੰਜਾਬੀ ਤੇ ਗੁਰਮੁਖੀ ਲਿਪੀ ਦਾ ਸੰਖੇਪ ਇਤਿਹਾਸ, ਭੱਟ ਤੇ ਉਨ੍ਹਾਂ ਦੀ ਰਚਨਾ, ਮੁੰਦਾਵਣੀ।
- **ਵਾਰਤਕ:** ਮੇਰਾ ਪਿੰਡ (ਇਸ ਪੁਸਤਕ ਦਾ ਹਿੰਦੀ ਅਨੁਵਾਦ ਵੀ ਛਪ ਚੁੱਕਾ ਹੈ।) ਤਿੱਥ ਤਿਉਹਾਰ, ਮੇਰੇ ਪਿੰਡ ਦਾ ਜੀਵਨ।
- **ਜੀਵਨੀ:** ਭਾਈ ਲਾਲੋ ਦਰਸ਼ਨ, ਸਿੱਖ ਮਹਾਂਪੁਰਸ਼, ਸੰਖੇਪ ਜੀਵਨੀਆਂ (ਭਾਈ ਦਿੱਤ ਸਿੰਘ, ਰਾਗੀ ਹੀਰਾ ਸਿੰਘ, ਭਾਈ ਰਣਧੀਰ ਸਿੰਘ, ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ, ਅਕਾਲੀ ਕੌਰ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਜਵਾਹਰ ਸਿੰਘ ਕਪੂਰ, ਸੰਤ ਹਰਚੰਦ ਸਿੰਘ ਲੌਂਗੋਵਾਲ, ਗਿਆਨ ਸਿੰਘ ਰਾੜੇਵਾਲਾ, ਸ. ਹੁਕਮ ਸਿੰਘ, ਮਹਾਰਾਜਾ ਅਸ਼ੋਕ, ਮਹਾਤਮਾ ਬੁੱਧ, ਕਿੱਕਰ ਸਿੰਘ ਪਹਿਲਵਾਨ)।
- **ਸੱਭਿਆਚਾਰ ਤੇ ਇਤਿਹਾਸ:** ਸਿੰਘ ਸਭਾ ਲਹਿਰ ਦੀ ਦੇਣ, ਪੰਜਾਬ ਦੇ ਤਖ਼ਤਾਂ ਦਾ ਇਤਿਹਾਸ, ਪੰਜਾਬੀ ਸੱਭਿਆਚਾਰ।
- **ਧਰਮ ਤੇ ਫ਼ਲਸਫਾ:** ਜੀਵਨ ਦਾ ਉਸਰੱਈਆ-ਸ੍ਰੀ ਗੁਰੂ ਨਾਨਕ ਦੇਵ ਜੀ, ਸਿੱਖ ਧਾਮ ਤੇ ਸਿੱਖ ਗੁਰਦੁਆਰੇ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਭਗਤ ਬਾਣੀ ਭਾਗ।
- **ਸੰਪਾਦਨ:** ਅਮਰਨਾਮਾ, ਲੋਕ ਕਹਾਣੀਆਂ (ਤਿੰਨ ਜਿਲਦਾਂ)।



'ਮੇਰਾ ਪਿੰਡ' ਪੁਸਤਕ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਕੋਸ਼ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿਚ ਇਹ ਪੁਸਤਕ 'ਕਲਾਸਿਕ' ਹੋਣ ਦਾ ਦਰਜਾ ਰੱਖਦੀ ਹੈ। ਪੰਜਾਬੀ ਸੱਭਿਅਤਾ, ਸੰਸਕ੍ਰਿਤੀ ਅਤੇ ਵਿਰਸੇ ਦਾ ਜੋ ਭਰਪੂਰ ਚਿੱਤਰਣ ਇਸ ਵਿਚ ਮਿਲਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਕਿਤਾਬ ਮੁਹਾਵਰਿਆਂ ਤੇ ਅਖੌਤਾਂ ਦਾ ਵਿਸ਼ਾਲ ਖ਼ਜ਼ਾਨਾ ਹੈ। ਲੇਖਕ ਨੇ ਆਪਣੀ ਵਿਲੱਖਣ ਸ਼ੈਲੀ ਰਾਹੀਂ ਪੇਂਡੂ ਲੋਕਾਂ ਦੀਆਂ ਮਨੌਤਾਂ, ਆਰਥਿਕ ਮੁਸ਼ਕਿਲਾਂ, ਵਹਿਮਾਂ-ਭਰਮਾਂ ਤੇ ਅਲੋਪ ਹੋ ਰਹੇ ਪੱਖਾਂ ਨੂੰ ਬੜੇ ਹੀ ਖ਼ੂਬਸੂਰਤ ਢੰਗ ਨਾਲ ਚਿਤਰਿਆ ਹੈ।

2003 ਵਿਚ 'ਮੇਰਾ ਪਿੰਡ' ਦੀ ਐਡੀਸ਼ਨ ਵਿਚ ਲੇਖਕ ਨੇ ਪੁਸਤਕ ਦਾ ਆਕਾਰ ਵੱਡਾ (24*15 ਸੈਂ.ਮੀ.) ਕਰ ਦਿੱਤਾ ਅਤੇ ਇਸ ਨੂੰ ਆਪਣੀ ਪਤਨੀ ਨੂੰ ਸਮਰਪਿਤ ਕਰ ਦਿੱਤਾ। ਇਹ ਪੁਸਤਕ ਲੇਖਕ ਦੇ ਆਪਣੇ ਸਾਹਿਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਹੀ ਛਪਦੀ ਰਹੀ ਹੈ ਅਤੇ 2014 ਵਿਚ ਇਸ ਦਾ ਬਾਰ੍ਹਵਾਂ ਐਡੀਸ਼ਨ ਪ੍ਰਕਾਸ਼ਿਤ ਹੋਇਆ ਸੀ। ਵੱਡੇ ਆਕਾਰ ਵਿਚ ਪ੍ਰਕਾਸ਼ਿਤ ਇਸ ਪੁਸਤਕ ਦੇ ਕੁੱਲ 480 ਪੰਨੇ ਹਨ, ਜਿਸ ਵਿਚ ਪਰਵੇਸ਼, ਭੂਮਿਕਾ, ਪ੍ਰਸ਼ੰਸਾ, ਸੁਆਗਤ ਆਦਿ ਦੇ 18 ਪੰਨੇ ਵੱਖਰੇ ਹਨ।

ਪੁਸਤਕ ਵਿਚ ਪ੍ਰਕਾਸ਼ਿਤ ਲੇਖਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ- ਪਹਿਲੇ ਵਿਚ ਮੇਰੇ ਪਿੰਡ ਦਾ ਮੂੰਹ ਮੱਥਾ, ਮੇਰੇ ਵੱਡੇ ਵਡੇਰੇ, ਮੇਰਾ ਬਚਪਨ, ਮੇਰੇ ਪਿੰਡ ਦਾ ਆਂਢ-ਗੁਆਂਢ, ਕੰਮ ਧੰਦੇ ਤੇ ਆਹਰ ਪਾਹਰ, ਮੇਰੇ ਪਿੰਡ ਦੇ ਇਸ਼ਟ, ਸੰਤਾਂ ਸਾਧਾਂ ਲਈ ਸ਼ਰਧਾ, ਹਾੜ੍ਹਾਂ ਦੇ ਦੁਪਹਿਰੇ, ਸਿਆਲਾਂ ਦੀਆਂ ਧੂਣੀਆਂ, ਮੇਰੇ ਪਿੰਡ ਦੇ ਗਾਲ੍ਹੜੀ, ਭਾਂਤ ਸੁਭਾਂਤੀ ਦੁਨੀਆਂ, ਵਹਿਮ ਭਰਮ, ਤਿੱਥ ਤਿਉਹਾਰ, ਤੀਆਂ, ਵੰਗਾਂ ਤੇ ਮਹਿੰਦੀ, ਤੀਆਂ ਦਾ ਗਿੱਧਾ ਤੇ ਤ੍ਰਿੰਞਣ ਸਿਰਲੇਖ ਹੇਠ ਕੁੱਲ 17 ਲੇਖ ਹਨ; ਜਦਕਿ ਦੂਜੇ ਭਾਗ ਵਿਚ ਜਨਮ ਤੋਂ ਲੈ ਕੇ ਮੌਤ ਤੱਕ ਦੀਆਂ ਰੀਤਾਂ ਨਾਲ ਸਬੰਧਤ ਕੁੱਲ 12 ਲੇਖ ਸੰਕਲਿਤ ਹਨ। ਅੰਤਿਕਾ ਵਿਚ (ਪੰਨੇ 463 ਤੋਂ 479 ਤੱਕ) ਗਿਆਰਾਂ ਪ੍ਰਸਿੱਧ ਲੇਖਕਾਂ (ਈਸ਼ਵਰ ਚਿੱਤਰਕਾਰ, ਦੇਵਿੰਦਰ ਸਤਿਆਰਥੀ, ਖ਼ੁਸ਼ਵੰਤ ਸਿੰਘ, ਐਨਸਾਈਕਲੋਪੀਡੀਆ ਬ੍ਰਿਟੈਨਿਕਾ, ਜੈਚੰਦਰ ਵਿੱਦਿਆਲੰਕਾਰ, ਡਾ. ਹਰਿਭਜਨ ਸਿੰਘ, ਸੰਤ ਸਿੰਘ ਸੇਖੋਂ, ਨਾਨਕ ਸਿੰਘ, ਬਲਰਾਜ ਸਾਹਨੀ, ਗੁਰਬਚਨ ਸਿੰਘ ਤਾਲਿਬ ਅਤੇ ਡਾ. ਜਸਪਾਲ ਸਿੰਘ) ਵੱਲੋਂ ਪੁਸਤਕ ਬਾਰੇ (ਕ੍ਰਮਵਾਰ ਵਾਰਤਕ ਦੇ ਮੈਦਾਨ ਵਿਚ ਝੰਡਾ, ਲੋਕ ਪਰੰਪਰਾ ਦਾ ਨਵਾਂ ਜਨਮ, ਡਿਲਾਇਟਫੁੱਲ ਐੱਸੇ, ਆਊਟਸਟੈਂਡਿੰਗ ਨਾਵਲ, ਇਤਿਹਾਸਕ ਮਹੱਤਵ, ਧੜਕਦਾ ਸੋਹਜ ਮਲੂਕ ਕਲਾ ਦ੍ਰਿਸ਼, ਇਕ ਵਿਅੰਗਭਰੀ ਵੰਗਾਰ, ਸੰਦਲੀ ਸ਼ਰਬਤ ਦਾ ਗਲਾਸ, ਅਜੋਕੇ ਭਾਰਤੀ ਸਾਹਿਤ ਭੰਡਾਰ ਦਾ ਅਦੁੱਤੀ ਸ਼ਾਹਕਾਰ, ਪੰਜਾਬੀ ਬੈਲੇ ਲੈਟਰ, ਲਾਈਫ ਐਜ਼ ਕਲਚਰਲ ਹਿਸਟਰੀ ਆਫ ਪੰਜਾਬ) ਵਿਚਾਰ ਪ੍ਰਗਟ ਕੀਤੇ ਗਏ ਹਨ।

-ਪ੍ਰੋ. ਨਵ ਸੰਗੀਤ ਸਿੰਘ
# ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, (ਬਠਿੰਡਾ)
9417692015.
(Punjab Mail USA)



1958-59 ਵਿਚ ਗਿਆਨੀ ਜੀ ਨੇ 'ਮੇਰਾ ਪਿੰਡ' ਦਾ ਪਹਿਲਾ ਭਾਗ ਲਿਖਿਆ ਅਤੇ ਪੁਸਤਕ ਛਪਦੇ-ਛਪਦੇ 1961 ਵਿਚ 'ਤਿੱਥ ਤਿਉਹਾਰ' ਤੇ 'ਮੇਰੇ ਪਿੰਡ ਦਾ ਜੀਵਨ' ਨੂੰ ਯੂਨੈਸਕੋ ਅਵਾਰਡ ਪ੍ਰਾਪਤ ਹੋਏ। ਉਨ੍ਹਾਂ ਨੂੰ ਮਿਲੇ ਹੋਰ ਸਨਮਾਨਾਂ ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਮੇਰਾ ਪਿੰਡ' ਨੂੰ ਪੁਰਸਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਭਗਤ ਬਾਣੀ ਭਾਗ' ਤੇ ਪੰਦਰਾਂ ਹਜ਼ਾਰ ਰੁਪਏ ਦਾ ਪੁਰਸਕਾਰ ਅਤੇ 'ਗੁਰਮਤਿ ਅਚਾਰੀਆ' ਦੀ ਉਪਾਧੀ, ਗੁਰਦੁਆਰਾ ਐਸੋਸੀਏਸ਼ਨ ਵੂਲਰ, ਲੰਡਨ; ਸਿੱਖ ਕਲਚਰਲ ਸੁਸਾਇਟੀ ਵੈਨਕੂਵਰ ਕੈਨੇਡਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਅਮਰੀਕਾ ਵੱਲੋਂ ਸਨਮਾਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਨਰੇਰੀ ਫੈਲੋਸ਼ਿਪ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ 1998 ਲਈ 'ਕਰਤਾਰ ਸਿੰਘ ਧਾਲੀਵਾਲ ਅਵਾਰਡ', ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ਆਦਿ ਉਲੇਖਯੋਗ ਹਨ।

ਗਿਆਨੀ ਗੁਰਦਿੱਤ ਸਿੰਘ ਵੱਲੋਂ ਕੀਤੇ ਹੋਰ ਜ਼ਿਕਰਯੋਗ ਕਾਰਜਾਂ ਵਿਚ ਪੱਤਰ-ਪੱਤ੍ਰਿਕਾਵਾਂ ਦਾ ਸੰਪਾਦਨ ਵੀ ਸ਼ਾਮਲ ਹੈ। 1948 ਵਿਚ ਉਨ੍ਹਾਂ ਨੇ ਸਪਤਾਹਿਕ ਅਖ਼ਬਾਰ 'ਪ੍ਰਕਾਸ਼' ਪਟਿਆਲੇ ਤੋਂ ਸ਼ੁਰੂ ਕੀਤਾ, ਜੋ ਪਿੱਛੋਂ ਰੋਜ਼ਾਨਾ ਕਰ ਦਿੱਤਾ ਗਿਆ ਅਤੇ ਇਹ 1956 ਤੱਕ ਪਟਿਆਲੇ ਤੋਂ ਛਪਦਾ ਰਿਹਾ; 1956 ਤੋਂ 1964 ਤੱਕ ਇਹ ਚੰਡੀਗੜ੍ਹ ਤੋਂ ਛਪਣ ਲੱਗਾ; 1970 ਤੋਂ 1987 ਤੱਕ ਫਿਰ ਪਟਿਆਲੇ ਤੋਂ ਸਪਤਾਹਿਕ ਵਜੋਂ ਛਪਣ ਲੱਗਿਆ। ਪਟਿਆਲੇ ਤੋਂ ਹੀ ਉਨ੍ਹਾਂ ਨੇ ਇਕ ਮਾਸਿਕ ਪੱਤ੍ਰਿਕਾ 'ਜੀਵਨ ਸੰਦੇਸ਼' ਸ਼ੁਰੂ ਕੀਤੀ, ਜੋ 1950 ਤੋਂ 1953 ਤੱਕ ਜਾਰੀ ਰਹੀ। ਚੰਡੀਗੜ੍ਹ ਤੋਂ ਉਨ੍ਹਾਂ ਨੇ ਮਾਸਿਕ ਪੱਤ੍ਰਿਕਾ 'ਸਿੰਘ ਸਭਾ ਪੱਤ੍ਰਿਕਾ' ਸ਼ੁਰੂ ਕੀਤੀ, ਜਿਸ ਦੇ ਕਈ ਵਿਸ਼ੇਸ਼ ਅੰਕਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

1973 ਵਿਚ ਗਿਆਨੀ ਜੀ ਨੇ ਸਿੰਘ ਸਭਾ ਲਹਿਰ ਦੀ ਯਾਦ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੰਘ ਸਭਾ ਸ਼ਤਾਬਦੀ ਕਮੇਟੀ ਦਾ ਕੰਮ ਆਪਣੇ ਜ਼ਿੰਮੇ ਲੈ ਕੇ ਅੰਮ੍ਰਿਤਸਰ ਰਹਿਣਾ ਸ਼ੁਰੂ ਕਰ ਦਿੱਤਾ। ਪਹਿਲਾਂ ਉਹ ਇਸ ਦੇ ਜਨਰਲ ਸਕੱਤਰ ਰਹੇ, ਫਿਰ 1983 ਤੋਂ 1992 ਤੱਕ ਕੇਂਦਰੀ ਸਿੰਘ ਸਭਾ ਦੀ ਪ੍ਰਧਾਨਗੀ ਦੇ ਰੂਪ ਵਿਚ ਕਾਰਜ ਕੀਤਾ। ਉਨ੍ਹਾਂ ਨੇ ਦਰਜਨਾਂ ਸਮਾਗਮ, ਵਿਚਾਰ ਸੰਮੇਲਨ, ਪਾਠਬੋਧ ਸਮਾਗਮ ਭਾਰਤ-ਭਰ ਦੇ ਵੱਡੇ ਸ਼ਹਿਰਾਂ ਅਤੇ ਸਿੱਖਾਂ ਦੇ ਮੁੱਖ ਕੇਂਦਰਾਂ ਤੇ ਆਯੋਜਿਤ ਕਰਵਾਏ। ਅਜਿਹੇ ਕਾਰਜਾਂ ਲਈ ਉਨ੍ਹਾਂ ਨੇ ਦਿੱਲੀ ਅਤੇ ਚੰਡੀਗੜ੍ਹ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ-ਕੇਂਦਰਾਂ ਦੀ ਸਥਾਪਨਾ ਕੀਤੀ, ਜੋ ਅੱਜ ਤੱਕ ਵੀ ਨਿਰੰਤਰ ਕਾਰਜਸ਼ੀਲ ਹਨ।

ਗਿਆਨੀ ਜੀ ਪੰਜਾਬ ਵਿਧਾਨ ਪ੍ਰੀਸ਼ਦ ਦੇ 1958 ਤੋਂ 1961 ਤੱਕ ਮੈਂਬਰ ਰਹੇ। ਇੱਥੇ ਰਹਿੰਦਿਆਂ ਉਨ੍ਹਾਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਲਈ ਦੋ ਪ੍ਰਸਤਾਵ ਕੀਤੇ ਪੇਸ਼ ਕੀਤੇ ਅਤੇ ਇਨ੍ਹਾਂ ਦੀ ਕਾਇਮੀ ਲਈ ਸਾਰਥਕ ਉਪਰਾਲੇ ਕੀਤੇ।

ਗਿਆਨੀ ਜੀ ਵੱਲੋਂ ਲਿਖੀ ਕਲਾਸਿਕ ਪੁਸਤਕ 'ਮੇਰਾ ਪਿੰਡ' ਪੰਜਾਬ ਦੇ ਸਕੂਲਾਂ ਲਈ ਸਪਲੀਮੈਂਟਰੀ ਰੀਡਰ (ਪੰਜਵੀਂ ਤੋਂ ਅੱਠਵੀਂ ਤੱਕ) ਪੁਸਤਕਾਂ ਦੇ ਰੂਪ ਵਿਚ ਨਿਸ਼ਚਿਤ ਕੀਤੀ ਗਈ; ਯੂਨੀਵਰਸਿਟੀਆਂ ਵਿਚ ਗਿਆਨੀ ਦੇ ਕੋਰਸ ਲਈ ਅਤੇ ਪੰਜਾਬ ਤੇ ਦਿੱਲੀ ਵਿਚ ਐੱਮ.ਏ. ਦੀਆਂ ਜਮਾਤਾਂ ਵਿਚ ਪੜ੍ਹੀ ਤੇ ਪੜ੍ਹਾਈ ਜਾ ਰਹੀ ਹੈ। ਐੱਮ. ਫਿਲ ਅਤੇ ਪੀ.ਐੱਚ.ਡੀ. ਪੱਧਰ ਦਾ ਖੋਜ-ਕਾਰਜ ਵੀ ਇਸ ਸੰਬੰਧੀ ਹੋ ਚੁੱਕਾ ਹੈ। ਸੋਸ਼ਿਆਲੋਜੀ 'ਤੇ ਖੋਜ ਕਰਨ ਵਾਲੇ ਵਿਦੇਸ਼ੀ ਵਿਦਵਾਨਾਂ ਨੇ ਵੀ ਇਸ ਕਿਤਾਬ ਨੂੰ ਆਪਣੇ ਪੱਖਾਂ ਤੋਂ ਪੜ੍ਹਿਆ ਅਤੇ ਵਿਚਾਰਿਆ ਹੈ।

ਗਿਆਨੀ ਜੀ ਜੀਵਨ-ਭਰ ਖੋਜ-ਕਾਰਜਾਂ ਵਿਚ ਰੁੱਝੇ ਰਹੇ ਅਤੇ ਅੰਤ 17 ਜਨਵਰੀ, 2007 ਨੂੰ ਸਦੀਵੀ ਅਲਵਿਦਾ ਕਹਿ ਗਏ। ਉਨ੍ਹਾਂ ਦੀ ਸ਼ਖ਼ਸੀਅਤ, ਧਰਮ, ਸਾਹਿਤ, ਸਿਆਸਤ ਅਤੇ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਬਾਰੇ ਉਨ੍ਹਾਂ ਦੀ ਬਰਸੀ ਉੱਤੇ ਵਿਦਵਾਨਾਂ, ਪੱਤਰਕਾਰਾਂ ਤੇ ਉੱਘੀਆਂ ਸ਼ਖ਼ਸੀਅਤਾਂ ਦੇ ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖੇ ਲੇਖਾਂ ਅਤੇ ਤਸਵੀਰਾਂ ਨਾਲ ਸੁਸੱਜਿਤ 230 ਪੰਨਿਆਂ ਦੀ ਯਾਦਗਾਰੀ ਪੁਸਤਕ "ਗਿਆਨੀ ਗੁਰਦਿੱਤ ਸਿੰਘ 1923-2007" ਰਾਹੀਂ ਗਿਆਨੀ ਜੀ ਦੀ ਸ਼ਖ਼ਸੀਅਤ ਅਤੇ ਰਚਨਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।





ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਨਰਪਾਲ ਸਿੰਘ ਸ਼ੇਰਗਿੱਲ ਦਾ '24ਵਾਂ ਸਾਲਾਨਾ ਪੰਜਾਬੀ ਸੰਸਾਰ' ਮਾਰਗ ਦਰਸ਼ਕ ਸਾਬਤ ਹੋਵੇਗਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਸੰਸਾਰ ਵਿਚ ਕੋਈ ਅਜਿਹਾ ਕੰਮ ਨਹੀਂ ਹੁੰਦਾ, ਜਿਸ ਨੂੰ ਪੂਰਾ ਨਾ ਕੀਤਾ ਜਾ ਸਕੇ ਪ੍ਰੰਤੂ ਕਰਨ ਵਾਲੇ ਇਨਸਾਨ ਦਾ ਇਰਾਦਾ ਮਜ਼ਬੂਤ ਅਤੇ ਨਿਸ਼ਾਨੇ 'ਤੇ ਪਹੁੰਚਣ ਦੀ ਇੱਛਾ ਸ਼ਕਤੀ ਹੋਣੀ ਜ਼ਰੂਰੀ ਹੈ। ਕਈ ਵਿਅਕਤੀ ਅਜਿਹੇ ਹੁੰਦੇ ਹਨ, ਜਿਹੜੇ ਸਰਕਾਰਾਂ ਅਤੇ ਸਮਾਜਿਕ ਸੰਸਥਾਵਾਂ ਦੇ ਬਰਾਬਰ ਕੰਮ ਕਰਦੇ ਰਹਿੰਦੇ ਹਨ ਪ੍ਰੰਤੂ ਉਸ ਦਾ ਪ੍ਰਚਾਰ ਨਹੀਂ ਕਰਦੇ। ਅਜਿਹੇ ਵਿਅਕਤੀਆਂ ਵਿਚ ਇਕ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਦਾ ਮੁੱਦਈ ਨਰਪਾਲ ਸਿੰਘ ਸ਼ੇਰਗਿੱਲ ਹੈ, ਜਿਹੜਾ ਲਗਾਤਾਰ ਪਿਛਲੀ ਲਗਪਗ 60 ਸਾਲਾਂ ਤੋਂ ਪੰਜਾਬ, ਪੰਜਾਬੀ ਸੱਭਿਆਚਾਰ, ਸਾਹਿਤ ਅਤੇ ਪੰਜਾਬੀ ਪੱਤਰਕਾਰੀ ਵਿਚ ਵਿਲੱਖਣ ਕਾਰਜ ਕਰਦਾ ਆ ਰਿਹਾ ਹੈ। ਉਹ ਆਪਣੀ ਅਮੀਰ ਵਿਰਾਸਤ 'ਤੇ ਪਹਿਰਾ ਦੇ ਰਿਹਾ ਹੈ, ਤਾਂ ਜੋ ਆਉਣ ਵਾਲੀ ਪੀੜ੍ਹੀ ਆਪਣੀ ਵਿਰਾਸਤ ਨੂੰ ਸਮਝ ਸਕੇ। ਨਰਪਾਲ ਸਿੰਘ ਸ਼ੇਰਗਿੱਲ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੋਂ ਪੰਜਾਬੀਆਂ ਦੀ ਸੱਚੇ ਦਿਲੋਂ ਸੇਵਾ ਕਰਦਾ ਆ ਰਿਹਾ ਹੈ। ਜੇ ਮੈਂ ਇਹ ਕਹਾਂ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ ਕਿ ਉਹ ਸਮੁੱਚੇ ਸੰਸਾਰ ਨੂੰ ਪੰਜਾਬੀਆਂ ਵੱਲੋਂ ਹਰ ਖੇਤਰ ਵਿਚ ਪਾਏ ਜਾ ਰਹੇ ਵਰਣਨਯੋਗ ਯੋਗਦਾਨ ਦੀ ਜਾਣਕਾਰੀ ਦੇ ਕੇ ਪੰਜਾਬੀਆਂ ਦਾ ਪੰਜਾਬ ਹਿਤੈਸ਼ੀ ਪ੍ਰਤੀਨਿਧ ਬਣ ਗਿਆ ਹੈ, ਜਿਹੜਾ ਸਹੀ ਅਰਥਾਂ ਵਿਚ ਪੰਜਾਬ ਹਿਤੈਸ਼ੀ ਕਹਾਉਣ ਦਾ ਹੱਕਦਾਰ ਬਣਿਆ ਹੈ। ਉਹ 1966 ਵਿਚ ਇੰਗਲੈਂਡ ਪਹੁੰਚ ਗਿਆ ਸੀ ਪ੍ਰੰਤੂ ਉਸ ਨੇ ਇੰਗਲੈਂਡ ਦੀ ਨਾਗਰਿਕਤਾ ਨਹੀਂ ਲਈ, ਜਿਸ ਤੋਂ ਉਸ ਦਾ ਦੇਸ਼ ਅਤੇ ਪੰਜਾਬ ਨਾਲ ਸਮਰਪਣ ਦਾ ਪ੍ਰਗਟਾਵਾ ਹੁੰਦਾ ਹੈ। ਪੰਜਾਬ ਖਾਸ ਤੌਰ 'ਤੇ ਆਪਣੇ ਪਿੰਡ 'ਮਜਾਲ ਖੁਰਦ' ਦੀ ਮਿੱਟੀ ਦਾ ਮੋਹ ਨਰਪਾਲ ਸਿੰਘ ਸ਼ੇਰਗਿੱਲ ਨੂੰ ਪੰਜਾਬ ਨਾਲ ਜੋੜੀ ਰੱਖਦਾ ਹੈ। ਆਪਣੀ ਜਨਮ ਭੂਮੀ ਪੰਜਾਬ ਨਾਲ ਉਸ ਦਾ ਮੋਹ ਕਮਾਲ ਦਾ ਹੈ, ਉਹ ਰਹਿੰਦਾ ਇੰਗਲੈਂਡ ਵਿਚ ਹੈ ਪ੍ਰੰਤੂ ਹਰ ਸਾਲ ਅੱਧਾ ਵਰ੍ਹਾ ਪੰਜਾਬ ਵਿਚ ਆ ਕੇ ਇਹ ਪੁਸਤਕ ਪ੍ਰਕਾਸ਼ਤ ਕਰਵਾਉਂਦਾ ਹੈ ਅਤੇ ਪੰਜਾਬ ਹਿਤੈਸ਼ੀ ਕੰਮ ਕਰਨ ਲਈ ਕਈ ਸਮਾਜਿਕ, ਸੱਭਿਆਚਾਰਕ ਅਤੇ ਪੱਤਰਕਾਰਾਂ ਦੀਆਂ ਸੰਸਥਾਵਾਂ ਨੂੰ ਪ੍ਰੇਰਿਤ ਕਰਦਾ ਰਹਿੰਦਾ ਹੈ। ਪਿਛਲੇ 24 ਸਾਲ ਤੋਂ ਉਹ ਲਗਾਤਾਰ 'ਇੰਡੀਅਨਜ਼ ਅਬਰਾਡ ਐਂਡ ਪੰਜਾਬ ਇਮਪੈਕਟ' ਵਡਆਕਾਰੀ ਰੰਗਦਾਰ ਪੁਸਤਕ ਪ੍ਰਕਾਸ਼ਤ ਕਰਦਾ ਆ ਰਿਹਾ ਹੈ। ਸਭ ਤੋਂ ਪਹਿਲਾਂ ਨਰਪਾਲ ਸਿੰਘ ਸ਼ੇਰਗਿੱਲ ਨੇ 1981 ਵਿਚ ਲੰਦਨ ਤੋਂ ਅੰਗਰੇਜ਼ੀ ਦਾ ਮਾਸਕ ਅਖ਼ਬਾਰ 'ਦਾ ਪਾਲਿਟਿਕਸ' ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ ਸੀ। 1984 ਤੋਂ ਬਾਕਾਇਦਾ ਪੰਜਾਬੀ ਦੇ ਅਖ਼ਬਾਰਾਂ ਲਈ ਲੋਕ ਹਿਤਾਂ 'ਤੇ ਪਹਿਰਾ ਦੇਣ ਵਾਲੇ ਲੇਖ ਲਿਖਣੇ ਸ਼ੁਰੂ ਕੀਤੇ, ਜਿਹੜੇ ਇੰਗਲੈਂਡ, ਕੈਨੇਡਾ, ਅਮਰੀਕਾ, ਜਰਮਨ, ਹਾਲੈਂਡ, ਫਰਾਂਸ ਅਤੇ ਆਸਟਰੇਲੀਆ ਦੇ 14 ਅਖ਼ਬਾਰਾਂ ਵਿਚ ਪ੍ਰਕਾਸ਼ਤ ਹੁੰਦੇ ਸਨ। ਅੱਜ ਤੱਕ ਇਨ੍ਹਾਂ ਅਖ਼ਬਾਰਾਂ ਵਿਚ ਉਸ ਦੇ ਲੇਖ ਪ੍ਰਕਾਸ਼ਤ ਹੋ ਰਹੇ ਹਨ। ਫਿਰ ਜਲੰਧਰ ਤੋਂ ਪ੍ਰਕਾਸ਼ਤ ਹੋਣ ਵਾਲੇ ਅਜੀਤ ਅਖ਼ਬਾਰ ਲਈ




ਇੰਗਲੈਂਡ ਤੋਂ ਲੇਖ ਲਿਖਣੇ ਸ਼ੁਰੂ ਕੀਤੇ, ਜਿਹੜੇ ਪਰਵਾਸ ਵਿਚ ਵਸੇ ਪੰਜਾਬੀਆਂ ਦੀਆਂ ਪ੍ਰਾਪਤੀਆਂ ਅਤੇ ਸਮੱਸਿਆਵਾਂ ਨਾਲ ਸੰਬੰਧਤ ਹੁੰਦੇ ਸਨ। 1985 ਤੋਂ 'ਇੰਟਰਨੈਸ਼ਨਲ ਸਿੱਖ ਡਾਇਰੈਕਟਰੀ' ਜਿਸ ਵਿਚ ਲਗਪਗ 2000 ਗੁਰਦੁਆਰਿਆਂ ਤੇ ਸਿੱਖ ਸੰਸਥਾਵਾਂ ਦੇ ਐਡਰੈਸ ਸ਼ਾਮਲ ਸਨ ਅਤੇ 1998 ਤੋਂ 'ਇੰਡੀਅਨਜ਼ ਅਬਰਾਡ ਐਂਡ ਪੰਜਾਬ ਇਮਪੈਕਟ' ਨਾਂ ਦੀ ਪੁਸਤਕ ਪ੍ਰਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ। ਚਰਚਾ ਅਧੀਨ ਪੁਸਤਕ 'ਇੰਡੀਅਨ ਅਬਰਾਡ ਐਂਡ ਪੰਜਾਬ ਇਮਪੈਕਟ-22' ਦਾ '24ਵਾਂ ਪੰਜਾਬੀ ਸੰਸਾਰ' ਅੰਕ ਪ੍ਰਕਾਸ਼ਤ ਕੀਤਾ ਹੈ। ਇਸ ਪੁਸਤਕ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਕਈ ਨਵੇਂ ਚੈਪਟਰ/ਫੀਚਰ ਸ਼ੁਰੂ ਕੀਤੇ ਹਨ। ਇਹ ਪੁਸਤਕ ਭਾਰਤੀਆਂ/ਪੰਜਾਬੀਆਂ ਲਈ ਮਾਰਗ ਦਰਸ਼ਕ ਦਾ ਕੰਮ ਕਰਦੀ ਹੈ। ਇਸ ਪੁਸਤਕ ਵਿਚ ਸੰਸਾਰ ਵਿਚ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੇ ਭਾਰਤੀਆਂ/ਪੰਜਾਬੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ, ਤਾਂ ਜੋ ਸਾਡੇ ਨੌਜਵਾਨ ਇਨ੍ਹਾਂ ਤੋਂ ਪ੍ਰੇਰਨਾ ਲੈ ਕੇ ਸੰਸਾਰ ਵਿਚ ਮਾਅਰਕੇ ਮਾਰ ਸਕਣ। ਪੁਸਤਕ ਵਿਚ ਭਾਰਤ ਦੀਆਂ ਸੰਸਾਰ ਵਿਚ ਅੰਬੈਸੀਆਂ ਅਤੇ ਹਾਈ ਕਮਿਸ਼ਨਜ਼ ਦੇ ਦਫਤਰਾਂ ਦੇ ਐਡਰੈਸ, ਪਤੇ ਅਤੇ ਈ ਮੇਲਜ਼ ਹਨ, ਤਾਂ ਜੋ ਕਿਸੇ ਵੀ ਪਰਵਾਸੀ ਭਾਰਤੀ ਨੂੰ ਕਿਸੇ ਕਿਸਮ ਦੀ ਸਮੱਸਿਆ ਨਾ ਹੋਵੇ। ਇਸੇ ਤਰ੍ਹਾਂ ਸੰਸਾਰ ਵਿਚ ਵਸ ਰਹੇ ਮਹੱਤਵਪੂਰਨ ਭਾਰਤੀਆਂ ਖਾਸ ਤੌਰ 'ਤੇ ਪੰਜਾਬੀਆਂ ਦੇ ਐਡਰੈਸ, ਈ ਮੇਲਜ਼, ਟੈਲੀਫੋਨ ਨੰਬਰ ਦਿੱਤੇ ਹੋਏ ਹਨ। 106 ਭਾਰਤੀਆਂ ਪੰਜਾਬੀਆਂ ਦੀ ਡਾਇਰੈਕਟਰੀ, 125 ਭਾਰਤੀਆਂ/ਪੰਜਾਬੀਆਂ ਵੱਲੋਂ ਚਲਾਈਆਂ ਜਾ ਰਹੀਆਂ ਸੰਸਥਾਵਾਂ, 672 ਗੁਰਦੁਆਰੇ, ਭਾਰਤ ਵਿਚਲੇ ਗੁਰਦੁਆਰੇ, 124 ਉਦਮੀਆਂ, 92 ਲਾਅ ਦਫਤਰ ਅਤੇ ਇਮੀਗਰੇਸ਼ਨ ਸਲਾਹਕਾਰ, ਟਰੈਵਲ ਟੂਰਜ਼, ਮਨੀ ਟਰਾਂਸਫਰ, ਹੋਟਲ ਰੈਸਟੋਰੈਂਟਸ, ਪੰਜਾਬੀ ਲੇਖਕ, ਪੇਂਟਰ, 51 ਕਿਸੇ ਵੀ ਖੇਤਰ ਵਿੱਚ ਪਹਿਲਕਦਮੀ ਕਰਨ ਵਾਲੇ ਵਿਅਕਤੀਆਂ, ਗਲੋਬਲ ਮੀਡੀਆ, ਅਖ਼ਬਾਰ ਆਦਿ ਦੀਆਂ ਸੂਚੀਆਂ ਦਿੱਤੀਆਂ ਗਈਆਂ ਹਨ। ਪੰਜਾਬ ਦੇ ਸਾਰੇ ਵਿਧਾਨਕਾਰਾਂ ਦੇ ਵੀ ਟੈਲੀਫੋਨ ਨੰਬਰ ਦਿੱਤੇ ਗਏ ਹਨ। ਜਿਹੜੇ 124 ਉਦਮੀਆਂ ਦੀ ਸੂਚੀ ਦਿੱਤੀ ਗਈ ਹੈ, ਉਨ੍ਹਾਂ ਦੇ ਜੀਵਨ ਬਿਓਰੇ ਵੀ ਦਿੱਤੇ ਗਏ ਹਨ, ਜਿਨ੍ਹਾਂ ਵਿਚ ਉਨ੍ਹਾਂ ਦੇ ਜੀਵਨ ਦੀ ਜਦੋ-ਜਹਿਦ ਬਾਰੇ ਵੀ ਦੱਸਿਆ ਗਿਆ ਹੈ ਕਿ ਉਨ੍ਹਾਂ ਕਿਸ ਪ੍ਰਕਾਰ ਮਿਹਨਤ ਕਰਕੇ ਸੰਸਾਰ ਦੇ ਸਿਰਮੌਰ ਉਦਮੀ ਬਣੇ ਹਨ। ਸਿਆਸਤ ਵਿਚ ਜਿਹੜੇ ਭਾਰਤੀਆਂ/ਪੰਜਾਬੀਆਂ ਨੇ ਮੱਲ੍ਹਾਂ ਮਾਰੀਆਂ ਹਨ, ਉਨ੍ਹਾਂ ਦੀਆਂ ਰੰਗਦਾਰ ਤਸਵੀਰਾਂ ਅਤੇ ਜੀਵਨ ਬਿਓਰੇ ਦਿੱਤੇ ਗਏ ਹਨ। ਉਨ੍ਹਾਂ ਵਿਚ ਮੁੱਖ ਤੌਰ 'ਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ, ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸਟੇਟ ਦੇ ਸਾਬਕ ਪ੍ਰੀਮੀਅਰ ਉਜਲ ਦੋਸਾਂਝ, ਕੈਨੇਡਾ ਦੇ ਮੰਤਰੀ ਹਰਜੀਤ ਸਿੰਘ ਸਾਜਨ, ਨਵਦੀਪ ਸਿੰਘ, ਤਨਮਨਜੀਤ ਸਿੰਘ ਢੇਸੀ ਪਹਿਲੇ ਦਸਤਾਰਧਾਰੀ ਸਿੱਖ ਐੱਮ.ਪੀ. ਇੰਗਲੈਂਡ, ਵਰਿੰਦਰ ਸ਼ਰਮਾ ਚਾਰ ਵਾਰ ਲਗਾਤਾਰ ਐੱਮ.ਪੀ. ਇੰਗਲੈਂਡ, ਟਿਮ ਉਪਲ ਕੈਨੇਡਾ ਦਾ ਪਹਿਲਾ ਦਸਤਾਰਧਾਰੀ ਸਿੱਖ ਮੰਤਰੀ, ਪ੍ਰੀਤ ਕੌਰ ਗਿੱਲ ਪਹਿਲੀ ਸਿੱਖ ਇਸਤਰੀ ਐੱਮ.ਪੀ. ਇੰਗਲੈਂਡ, ਅਨੂਪ ਸਿੰਘ ਚੌਧਰੀ ਯੁਗਾਂਡਾ ਦੀ ਹਾਈ ਕੋਰਟ ਦੇ ਪਹਿਲੇ ਜੱਜ, ਗੁਰਭਜਨ ਸਿੰਘ ਗਿੱਲ ਅਤੇ ਰਾਵਿੰਦਰ ਰਵੀ ਪੰਜਾਬੀ ਸਾਹਿਤਕਾਰ, ਜਰਨੈਲ ਸਿੰਘ ਆਰਟਿਸਟ, ਪਲਬਿੰਦਰ ਕੌਰ ਸ਼ੇਰਗਿੱਲ ਪਹਿਲੀ ਦਸਤਾਰਧਾਰੀ ਸਿੱਖ ਕੈਨੇਡਾ ਦੀ ਹਾਈਕੋਰਟ ਦੀ ਜੱਜ, ਅਮਰ ਸਿੰਘ ਸ਼ਾਂਤ ਫਾਊਂਡਰ ਪਹਿਲੀ ਸਿੱਖ ਅਕਾਡਮੀ ਮਿਡਲਸੈਕਸ ਯੂ.ਕੇ. ਆਦਿ ਸ਼ਾਮਲ ਹਨ।

ਇਸ ਤੋਂ ਇਲਾਵਾ ਪੰਜਾਬ ਦੇ ਸਰੋਕਾਰਾਂ ਨਾਲ ਸੰਬੰਧਤ ਨਾਮਵਰ ਲੇਖਕਾਂ ਦੇ ਲੇਖ ਵੀ ਦਿੱਤੇ ਗਏ ਹਨ। ਪੰਜਾਬ ਜਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਕਿਵੇਂ ਦੂਰ ਕੀਤਾ ਜਾ ਸਕਦਾ ਹੈ, ਬਾਰੇ ਵੀ ਜਾਣਕਾਰੀ ਚੋਟੀ ਦੇ ਪੱਤਰਕਾਰਾਂ ਵੱਲੋਂ ਲਿਖੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਪੰਜਾਬ ਦੇ ਪਾਣੀਆਂ 'ਤੇ ਹੋ ਰਹੀ ਸਿਆਸਤ ਅਤੇ ਜ਼ਮੀਨਦੋਜ਼ ਪਾਣੀ ਦਾ ਖ਼ਤਮ ਹੋਣ ਬਾਰੇ ਵੀ ਸੁਚੇਤ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਗੁਜਾਰੀ ਬਾਰੇ ਵੀ ਚਾਨਣਾ ਪਾਇਆ ਗਿਆ ਹੈ। ਕੇਂਦਰ ਸਰਕਾਰ ਦੀ ਪੰਜਾਬ ਪ੍ਰਤੀ ਬੇਰੁਖੀ ਪੰਜਾਬ ਦੇ ਵਿਕਾਸ ਵਿਚ ਰੋੜਾ ਬਣ ਰਹੀ ਹੈ। 264 ਪੰਨਿਆਂ ਦੀ ਵੱਡਆਕਾਰੀ ਪੁਸਤਕ ਵਿਚ ਹਰ ਖੇਤਰ ਦੇ ਪਤਵੰਤੇ ਵਿਅਕਤੀਆਂ ਦੀਆਂ ਰੰਗਦਾਰ ਤਸਵੀਰਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਹੈਰਾਨੀ ਅਤੇ ਮਾਣ ਦੀ ਗੱਲ ਹੈ ਕਿ ਨਰਪਾਲ ਸਿੰਘ ਸ਼ੇਰਗਿੱਲ ਇਕੱਲਾ ਕਹਿਰਾ ਵਿਅਕਤੀ ਆਪਣੀ ਜੇਬ ਵਿਚੋਂ ਪੈਸੇ ਖ਼ਰਚ ਕੇ ਭਾਰਤੀਆਂ/ਪੰਜਾਬੀਆਂ ਦੇ ਹਿੱਤਾਂ ਦੀ ਰਖਵਾਲੀ ਕਰ ਰਿਹਾ ਹੈ। ਜਦੋਂਕਿ ਅਜਿਹੇ ਉਦਮ ਸਰਕਾਰਾਂ ਜਾਂ ਸੰਸਥਾਵਾਂ ਨੂੰ ਕਰਨੇ ਚਾਹੀਦੇ ਹਨ। ਉਹ ਇਹ ਪੁਸਤਕ ਹਰ ਸਾਲ ਪ੍ਰਕਾਸ਼ਤ ਕਰਦਾ ਹੈ। ਇਸ ਪੁਸਤਕ ਵਿਚ ਇਕ ਹੋਰ ਬਹੁਤ ਵਧੀਆ ਗੱਲ ਇਹ ਹੈ ਕਿ ਇਸ ਦੇ 60 ਪੰਨਿਆਂ ਵਿਚ ਪੰਜਾਬੀ ਦੇ ਲੇਖ ਹਨ, ਜਿਹੜੇ ਨਾਮਵਰ ਵਿਦਵਾਨਾਂ ਨੇ ਲਿਖੇ ਹਨ, ਜਿਨ੍ਹਾਂ ਲੇਖਾਂ ਵਿਚ ਪੰਜਾਬ ਦੀ ਵਿਰਾਸਤ, ਸੱਭਿਆਚਾਰ ਅਤੇ ਆਰਥਿਕ ਸਥਿਤੀ ਬਾਰੇ ਚਾਨਣਾ ਪਾਇਆ ਗਿਆ ਹੈ। ਪੰਜਾਬ ਨੇ ਜਿਹੜੇ ਖੇਤਰਾਂ ਵਿਚ ਨਾਮਣਾ ਖੱਟਿਆ ਹੈ ਅਤੇ ਜਿਨ੍ਹਾਂ ਖੇਤਰਾਂ ਵਿਚ ਹੋਰ ਪਾਰਦਰਸ਼ਤਾ ਲਿਆਉਣ ਦੀ ਲੋੜ ਹੈ, ਉਨ੍ਹਾਂ ਬਾਰੇ ਵੀ ਵਿਸਤਾਰ ਨਾਲ ਲਿਖਿਆ ਗਿਆ ਹੈ, ਤਾਂ ਜੋ ਪਰਵਾਸ ਵਿਚ ਵਸਦੇ ਭਾਰਤੀਆਂ/ਪੰਜਾਬੀਆਂ ਨੂੰ ਜਾਣਕਾਰੀ ਮਿਲ ਸਕੇ। ਜਿਹੜੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ, ਉਨ੍ਹਾਂ ਵਿਚ ਪੱਤਰਕਾਰੀ ਦੇ ਅਥਾਹ ਜਜ਼ਬੇ ਦਾ ਵਗਦਾ ਦਰਿਆ, ਫੁੱਲਾਂ ਦੀ ਖੇਤੀ ਦੇ ਸ਼ਾਹ ਅਸਵਾਰ ਸ਼ੇਰਗਿੱਲ ਭਰਾ ਕਰਮਜੀਤ ਸਿੰਘ ਸ਼ੇਰਗਿੱਲ ਅਤੇ ਗੁਰਪ੍ਰੀਤ ਸਿੰਘ ਸ਼ੇਰਗਿੱਲ, ਪੰਜਾਬ ਦਾ ਸਟਰੌਬਰੀ ਕਿੰਗ-ਨਵਜੋਤ ਸਿੰਘ ਸ਼ੇਰਗਿੱਲ, ਮੇਵਿਆਂ ਦਾ ਬਾਦਸ਼ਾਹ-ਬਲਜੀਤ ਸਿੰਘ ਚੱਢਾ, ਸੌਂਗੀ ਦਾ ਬਾਦਸ਼ਾਹ-ਚਰਨਜੀਤ ਸਿੰਘ ਬਾਠ, ਬਦਾਮਾ ਦੇ ਬਾਦਸ਼ਾਹ -ਟੁੱਟ ਬਰਦਰਜ਼, ਰੰਗੋਂ-ਬੇਰੰਗ ਹੋਇਆ ਪੰਜਾਬ, ਚੋਣਾਂ ਵਿਚ ਪਾਰਦਰਸ਼ਤਾ ਕਿਉਂ ਨਹੀਂ ? ਪੰਜਾਬ ਦਾ ਸਰਬਪੱਖੀ ਵਿਕਾਸ ਕਿਵੇਂ ਹੋਵੇ, ਸਿੱਖਾਂ ਦੇ ਪ੍ਰਵਾਸ ਨਾਲ ਇੰਝ ਹੋਇਆ, ਸਿੱਖੀ ਸਰੂਪ ਦੀ ਆਨ ਤੇ ਸ਼ਾਨ ਦਸਤਾਰ, ਸਿੱਖ ਵਿਰੋਧੀ ਨਸਲਵਾਦ, ਸ਼ੇਰਗਿੱਲ ਦੀ 54 ਸਾਲਾ ਸੰਸਾਰ ਯਾਤਰਾ ਆਦਿ ਹਨ। ਸਿੱਖਾਂ ਨੂੰ ਪਰਵਾਸ ਵਿਚ ਆਉਣ ਵਾਲੀਆਂ ਸਮੱਸਿਆਵਾਂ ਦਸਤਾਰ ਅਤੇ ਨਸਲਵਾਦ ਬਾਰੇ ਸ਼ੇਰਗਿੱਲ ਅਗਾਊਂ ਚੇਤੰਨ ਕਰਦਾ ਆ ਰਿਹਾ ਹੈ। ਨਰਪਾਲ ਸਿੰਘ ਸ਼ੇਰਗਿੱਲ 80 ਸਾਲ ਦੀ ਉਮਰ ਵਿਚ ਵੀ ਇਤਨਾ ਸਰਗਰਮ ਹੈ, ਜਿਤਨਾਂ ਨੌਜਵਾਨਾਂ ਲਈ ਵੀ ਅਸੰਭਵ ਹੁੰਦਾ ਹੈ। ਹੈਰਾਨੀ ਇਹ ਵੀ ਹੈ ਕਿ ਉਹ ਖੁਦ ਮੈਟਰ ਦੀ ਚੋਣ ਕਰਦਾ ਹੈ, ਖੁਦ ਹੀ ਇਸ ਦੀ ਤਰਤੀਬ ਬਣਾਉਂਦਾ ਹੈ, ਆਪ ਹੀ ਦਿੱਲੀ ਜਾ ਕੇ ਛਾਪਕ ਨੂੰ ਸਮਝਾ ਕੇ ਆਉਂਦਾ ਹੈ। ਫਿਰ ਇਤਨੇ 264 ਵਡਅਕਾਰੀ ਪੰਨਿਆਂ ਦੇ ਪਰੂਫ਼ ਵੀ ਆਪ ਹੀ ਪੜ੍ਹਦਾ ਹੈ। ਸੰਸਥਾਵਾਂ ਨੇ ਤਾਂ ਅਮਲਾ ਭਰਤੀ ਕੀਤਾ ਹੁੰਦਾ ਹੈ ਪ੍ਰੰਤੂ ਨਰਪਾਲ ਸਿੰਘ ਸ਼ੇਰਗਿੱਲ ਖੁਦ ਹੀ ਇਕ ਸੰਸਥਾ ਹੈ। ਉਹ ਲੇਖਕ ਹੋਣ ਦੇ ਨਾਲ ਸੰਪਾਦਕ, ਪ੍ਰਕਾਸ਼ਕ ਅਤੇ ਮਾਲਕ ਵੀ ਆਪ ਹੀ ਹੈ। ਉਹ ਪੰਜਾਬੀ ਅਤੇ ਅੰਗਰੇਜ਼ੀ ਦਾ ਮਾਹਿਰ ਵੀ ਹੈ, ਜਿਸ ਕਰਕੇ ਉਸ ਨੂੰ ਕੋਈ ਸਮੱਸਿਆ ਨਹੀਂ ਹੁੰਦੀ। ਸ਼ਾਲਾ ਪਰਮਾਤਮਾ ਉਸ ਦੀ ਉਮਰ ਲੰਬੀ ਕਰੇ ਅਤੇ ਤੰਦਰੁਸਤੀ ਬਖ਼ਸ਼ੇ, ਤਾਂ ਜੋ ਉਹ ਭਾਰਤੀਆਂ/ਪੰਜਾਬੀਆਂ ਦੀ ਇਤਨੇ ਹੀ ਉਤਸ਼ਾਹ ਅਤੇ ਜੋਸ਼ ਨਾਲ

# "ਚਿੜ੍ਹੀ ਵਿਚਾਰੀ ਕੀ ਕਰੇ"

## ਮਿੰਨੀ ਕਹਾਣੀ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)



ਪੁਰਾਤਨ ਸਮਿਆਂ ਤੋਂ ਚੱਲੀ ਆਉਂਦੀ ਇਹ ਕਹਾਵਤ ਉਸ ਵੇਲੇ ਸੱਚ ਹੋ ਨਿੱਬੜੀ, ਜਦੋਂ ਪਿਛਲੀ ਰਾਤ ਬਾਬੇ ਬਖਤੌਰੇ ਦੇ ਘਰ ਮਾਨਯੋਗ ਚੋਰ ਆ ਧਮਕੇ। ਚੁਬਾਰੇ 'ਤੇ ਸੁੱਤੇ ਪਏ ਬਖਤੌਰੇ ਨੇ ਹੇਠਾਂ ਘਰ ਵਿਚ ਫਿਰਦੇ ਚੋਰਾਂ ਨੂੰ ਕਾਰਬਾਈਨ ਵਿਖਾ ਕੇ ਲਲਕਾਰਿਆ, ਭੱਜ ਜਾਉ ਉਹੇ, ਨਹੀਂ ਬਰਸਟ ਆਇਆ ਲਉ। ਕਾਰਬਾਈਨ ਵੇਖਦੇ ਹੀ ਚੋਰ ਸਿਰ 'ਤੇ ਪੈਰ ਧਰ ਕੇ ਨੌਂ ਦੋ ਗਿਆਰਾਂ ਹੋ ਗਏ। ਪੰਦਰਾਂ ਮਿੰਟ ਬਾਅਦ ਦਰਵਾਜ਼ਾ ਖੜਕਿਆ। ਦਗੜ-ਦਗੜ ਕਰਦੇ ਪੰਜ-ਛੇ ਪੁਲਸੀਏ ਆ ਧਮਕੇ ਤੇ ਦਰਵਾਜ਼ਾ ਖੁੱਲ੍ਹਵਾਇਆ। ਕਹਿੰਦੇ, ਹੇਠਾਂ ਆ ਉਹੇ ਵੱਡਿਆ ਬਦਮਾਸ਼ਾ ਸਾਨੂੰ ਕਿਸੇ ਖਾਸ ਮੁਖਬਰ ਤੋਂ ਪਤਾ ਲੱਗਾ ਹੈ ਕਿ ਤੇਰੇ ਘਰ ਨਾਜਾਇਜ਼ ਅਸਲਾ ਹੈ, ਇੱਕ ਕਾਰਬਾਈਨ ਵੀ ਹੈ। ਕੰਬਦੇ ਹੱਥਾਂ ਨਾਲ ਬਖਤੌਰ ਸੋਂਹ ਨੇ ਕਾਰਬਾਈਨ ਕੋਤਵਾਲ ਨੂੰ ਫੜਾਈ। ਕਹਿੰਦਾ, ਬਾਬਿਉ ਇਹ ਬੱਚਿਆਂ ਦਾ ਖਿਡੌਣਾ ਹੈ, ਅਸੀਂ ਤਾਂ ਕਦੇ ਅਸਲੀ ਅਸਲੇ ਦੀ ਸ਼ਕਲ ਨਹੀਂ ਦੇਖੀ। ਕਾਫੀ ਮਿੰਨਤ-ਤਰਲਾ ਕਰਨ ਉਪਰੰਤ ਪੁਲਿਸ ਵਾਪਿਸ ਚਲੀ ਗਈ ਤੇ ਅੱਧੇ ਘੰਟੇ ਬਾਅਦ ਚੋਰ ਫਿਰ ਆ ਗਏ। ਬਖਤੌਰ ਸੋਂਹ ਦੋਵੇਂ ਹੱਥ ਅੱਖਾਂ 'ਤੇ ਧਰ ਕੇ ਆਪਣੇ ਅੰਦਾਜ਼ ਨਾਲ ਉੱਚੀ ਆਵਾਜ਼ ਵਿਚ ਗਵਾਂਢੀਆਂ ਨੂੰ ਜਗਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਚੋਰ ਸਮਝਣ ਨੀਂਦ ਵਿਚ ਬੜਬੜਾ ਰਿਹਾ ਹੈ ਤੇ ਗਵਾਂਢੀ ਸਮਝ ਜਾਣ ਸਾਡਾ ਗਵਾਂਢੀ ਕਿਸੇ ਮੁਸੀਬਤ ਵਿਚ ਹੈ। ((ਚਿੜ੍ਹੀ ਵਿਚਾਰੀ ਕੀ ਕਰੇ ਠੰਡਾ ਪਾਣੀ ਪੀ ਮਰੇ)) ॥

# 'ਯਾਦ ਰੱਖਣ ਯੋਗ ਗੱਲਾਂ'

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਸਿਆਣੇ ਕਹਿੰਦੇ ਹਨ ਕਿ ਸਿਰਫ ਭੌਂਕਣ ਕਾਰਨ ਹੀ ਕੁੱਤੇ ਨੂੰ ਕੁੱਤਾ ਨਹੀਂ ਕਿਹਾ ਜਾਂਦਾ। ਕੁੱਤਾ ਉਸ ਨੂੰ ਕਿਹਾ ਜਾਂਦਾ ਹੈ, ਜਿਸ ਦੀਆਂ ਹੋਰ ਹਰਕਤਾਂ ਵੀ ਨਾਕਾਬਿਲੇ ਬਰਦਾਸ਼ਤ ਹੋਣ, ਬੇਸ਼ੱਕ ਇਨਸਾਨ ਹੀ ਹੋਵੇ।
- ਇਸ਼ਕ ਦਾ ਝੱਗਾ ਸਿਉਣ ਬੈਠੋ, ਤਾਂ ਖਿਆਲਾਂ ਦਾ ਧਾਗਾ ਨਹੀਂ ਮੁੱਕਣਾ ਚਾਹੀਦਾ। ਜਿਸ ਕੋਲ ਖ਼ਿਆਲਾਂ ਦਾ ਧਾਗਾ ਮੁੱਕ ਜਾਵੇ, ਉਹ ਫ਼ਿਲਮੀ ਆਸ਼ਿਕ ਹੋਵੇਗਾ, ਸ਼ਿਵ ਕੁਮਾਰ ਬਟਾਲਵੀ ਜਿਹਾ ਨਹੀਂ।
- ਪਹਿਲੇ ਸਮਿਆਂ ਵਿਚ ਕਿਹਾ ਜਾਂਦਾ ਸੀ ਕਿ ਕਿਸੇ ਅੱਗੇ ਦੁੱਖ ਰੋਣ ਨਾਲ ਦੁੱਖ ਘੱਟ ਜਾਂਦਾ ਸੀ। ਹੁਣ ਕਹਿੰਦੇ ਹਨ, ਦੁੱਖ ਹੋਵੇ ਤਾਂ ਕੰਧ ਵੱਲ ਮੂੰਹ ਕਰਕੇ ਰੋ ਲਵੋ, ਦੁਨੀਆਂ ਨੂੰ ਨਾਰਮਲ ਸ਼ਕਲ ਨਾਲ ਹੀ ਮਿਲੋ।
- ਜ਼ਮੀਨ ਅਤੇ ਤਕਦੀਰ ਦੀ ਇੱਕੋ ਤਾਸੀਰ ਹੈ, ਜੋ ਬੀਜਦੇ ਹਾਂ, ਉਹੀ ਉੱਗਦਾ ਹੈ।
- ਚੰਗੇ ਲੋਕ ਰਿਸ਼ਤਿਆਂ ਨੂੰ ਉਹ ਤਾਲਾ ਲਾਉਂਦੇ ਹਨ, ਜੋ ਹਥੌੜੇ ਨਾਲ ਟੁੱਟ ਜਾਵੇ ਜਾਂ ਆਰੀ ਨਾਲ ਹੀ ਵੱਢਿਆ ਜਾ ਸਕੇ। ਉਹ ਕਾਹਦਾ ਤਾਲਾ, ਜੋ ਗੈਰਾਂ ਦੀ ਚਾਬੀ ਨਾਲ ਖੁੱਲ੍ਹ ਜਾਵੇ।
- ਅੱਜ ਦੀ ਅਖ਼ਬਾਰ ਦੀ ਕੀਮਤ ਪੰਜ ਰੁਪਏ ਹੁੰਦੀ ਹੈ ਅਤੇ ਉਹ ਅਖ਼ਬਾਰ ਹੁੰਦੀ ਹੈ। ਕੱਲ੍ਹ ਨੂੰ ਉਸੇ ਦੀ ਕੀਮਤ ਪੰਜਾਹ ਪੈਸੇ ਅਤੇ ਉਹ ਰੱਦੀ ਹੁੰਦੀ ਹੈ। ਇਸ ਲਈ ਜੋ ਕਰਨਾ ਹੈ, ਸਮੇਂ ਨਾਲ ਹੀ ਕਰ ਲਉ।
- ਇਹ ਕਦੀ ਵੀ ਮੁਮਕਿਨ ਨਹੀਂ ਹੋ ਸਕਦਾ ਕਿ ਤੁਸੀਂ ਹਰ ਇੱਕ ਦੀ ਨਜ਼ਰ ਵਿਚ ਬੇਗੁਨਾਹ ਹੋਵੋ। ਬੱਸ ਤੁਸੀਂ ਆਪਣੇ ਮਨ ਵਿਚ ਸੰਕਲਪ ਲਵੋ ਕਿ ਤੁਸੀਂ ਬੇਦਾਗ ਰਹੋ।

(Punjab Mail USA)

# ਪੰਜਾਬੀ ਭਾਸ਼ਾ ਦਾ ਕਾਨੂੰਨ ਅਤੇ ਸਰਕਾਰੀ ਨੀਤੀ

## (ਕੌਮਾਂਤਰੀ ਮਾਤ ਭਾਸ਼ਾ ਦਿਵਸ ਵਿਸ਼ੇਸ)

ਧੰਨਵਾਦ ਸਹਿਤ ਵਲੋਂ:-
ਐਡ. ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈਕੋਰਟ ਚੰਡੀਗੜ੍ਹ
ਮੋ : 78374-90309
(Punjab Mail USA)



ਕਿਸੇ ਵੀ ਖਿੱਤੇ ਵਿਚ ਬੋਲੀ ਜਾਣ ਵਾਲੀ ਭਾਸ਼ਾ ਖਾਸ ਹੁੰਦੀ ਹੈ, ਜਿਸ ਨਾਲ ਸਥਾਨਕ ਲੋਕ ਆਪਣੇ ਮਨੋਭਾਵਾ ਨੂੰ ਖੁੱਲ੍ਹ ਕੇ ਵਿਚਾਰਦੇ ਹਨ। ਲੋਕ ਕਲਾਵਾਂ ਨੂੰ ਦਰਸਾਉਣ ਲਈ ਭਾਸਾ ਹੀ ਪ੍ਰਮੁੱਖ ਹੈ। ਉੱਘੇ ਭਾਸ਼ਾ ਵਿਗਿਆਨੀ ਡਾ. ਜੋਗਾ ਸਿੰਘ ਦੇ ਕਥਨ ਅਨੁਸਾਰ ਕਿ ਕੋਈ ਵੀ ਭਾਸ਼ਾ ਉਦੋਂ ਤੱਕ ਨਹੀ ਮਰਦੀ, ਜਦੋਂ ਤੱਕ ਉਸ ਦੇ ਰੀਤੀ-ਰਿਵਾਜ਼ਾਂ ਦੀ ਰਵਾਇਤ ਚੱਲਦੀ ਰਹੇਗੀ। 1947 ਦੀ ਵੰਡ ਸਮੇਂ ਬਾਹਰੀ ਸਰਹੱਦਾਂ ਦੇ ਨਾਲ ਅੰਦਰੂਨੀ ਸਰਹੱਦਾਂ ਵੀ ਖਿੱਚੀਆਂ ਗਈਆਂ, ਜੋ ਸਥਿਰ ਸ਼ਾਸਨ ਲਈ ਜ਼ਰੂਰੀ ਵੀ ਸੀ, ਜਿਸ ਨਾਲ ਕੁਝ ਰਾਜ ਭਾਸ਼ਾ ਦੇ ਆਧਾਰ 'ਤੇ ਬਣੇ। ਭਾਸ਼ਾ ਦੀ ਤਾਕਤ ਨੇ ਹਕੂਮਤਾਂ ਨੂੰ ਵੱਖਰੇ ਰਾਜ ਐਲਾਨਣ ਲਈ ਮਜਬੂਰ ਕੀਤਾ। ਭਾਵੇਂ ਬਾਅਦ ਵਿਚ ਸਿਆਸੀ ਲਾਹੇ ਲਈ ਭਾਸ਼ਾਈ ਆਧਾਰ ਨੂੰ ਮੁੱਦੇ ਵਜੋਂ ਉਭਾਰਿਆ ਗਿਆ।

ਪੰਜਾਬ ਵੀ ਭਾਸ਼ਾਈ ਆਧਾਰਿਤ ਬਣਿਆ ਸੂਬਾ ਹੈ, ਜੋ ਪੰਜਾਬੀ ਬੋਲਣ ਵਾਲੇ ਖੇਤਰ ਨੂੰ ਇਕੱਤਰ ਕਰ ਬਣਾਇਆ, ਜਿਸ ਦਾ ਪਹਿਲੀ ਵਾਰ ਐਲਾਨ 1 ਨਵੰਬਰ, 1966 ਵਿਚ ਹੋਇਆ। ਉਂਜ ਪੰਜਾਬ ਦਾ ਪਹਿਲਾ 'ਪੰਜਾਬ ਰਾਜ ਭਾਸ਼ਾ ਐਕਟ' 1960 ਵਿਚ ਬਣ ਗਿਆ ਸੀ। ਇਸ ਲਈ ਪੰਜਾਬੀ ਮਾਤ ਭਾਸ਼ਾ ਦੇ ਨਾਲੋਂ-ਨਾਲ ਸਰਕਾਰੀ ਭਾਸ਼ਾ ਬਣ ਗਈ। 02 ਅਕਤੂਬਰ, 1960 ਤੋਂ ਸੈਕਸ਼ਨ 3 ਰਾਹੀਂ ਦਫ਼ਤਰੀ ਕੰਮਕਾਜ ਪੰਜਾਬੀ ਵਿਚ ਕਰਨ ਦੀ ਵਿਵਸਥਾ ਕੀਤੀ ਗਈ। ਇਸ ਦੀ ਖ਼ੂਬਸੂਰਤੀ ਸੀ, ਜੇ ਕੋਈ ਕੰਮ ਉਸ ਸਮੇਂ ਪੰਜਾਬੀ ਵਿਚ ਸੰਭਵ ਨਹੀਂ, ਤਾਂ ਉਸ ਕੰਮ ਨੂੰ ਹੋਰ ਭਾਸ਼ਾ ਵਿਚ ਕਰਨੋਂ ਰੋਕ ਨਹੀਂ ਸੀ। ਪਰ ਪੰਜਾਬੀ ਤੋਂ ਛੋਟ ਦੇਣ ਵਾਲਾ ਕੋਈ ਦਸਤਾਵੇਜ਼ ਉਪਲੱਬਧ ਨਹੀਂ ਹੈ। ਇਸੇ ਧਾਰਾ ਰਾਹੀਂ 2 ਅਕਤੂਬਰ, 1962 ਤੋਂ ਜ਼ਿਲ੍ਹਾ ਪੱਧਰੀ ਦਫ਼ਤਰਾਂ ਵੱਲੋਂ ਚਿੱਠੀ ਪੱਤਰ ਦੀ ਭਾਸ਼ਾ ਵੀ ਪੰਜਾਬੀ ਕੀਤੀ ਗਈ।

ਪੰਜਾਬੀ ਰਾਜ ਬਣਨ ਮਗਰੋਂ 29 ਦਸੰਬਰ, 1967 ਨੂੰ 1960 ਦਾ ਕਾਨੂੰਨ ਰੱਦ ਕਰਕੇ ਨਵਾਂ ਰਾਜ ਭਾਸ਼ਾ ਐਕਟ 1967 ਬਣਾਇਆ ਗਿਆ। ਇਸ ਕਾਨੂੰਨ ਦੇ ਉਦੇਸ਼ਕਾਂ ਵਿਚ ਇਹ ਐਕਟ ਬਣਾਉਣ ਦਾ ਉਦੇਸ਼ 'ਪੰਜਾਬ ਰਾਜ ਦੇ ਸਾਰੇ ਜਾਂ ਕੁਝ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿਚ ਕੀਤੇ ਜਾਣਾ' ਨਿਸ਼ਚਿਤ ਕਰਨਾ ਸੀ। 1960 ਦੇ ਐਕਟ ਦੇ ਉਲਟ ਇਸ ਐਕਟ ਰਾਹੀਂ ਦਫ਼ਤਰਾਂ ਵਿਚ ਹੁੰਦੇ ਸਾਰੇ ਕੰਮਾਂ ਦੀ ਥਾਂ ਕੁਝ ਕੁ ਕੰਮ ਹੀ ਪੰਜਾਬੀ ਵਿਚ ਕੀਤੇ ਜਾਣ ਬਾਰੇ ਸੋਚਿਆ ਗਿਆ। ਗਣਤੰਤਰ ਦੇ 18ਵੇਂ ਸਾਲ ਰਾਜ ਭਾਸ਼ਾ ਐਕਟ 1967 ਨੂੰ 29 ਦਸੰਬਰ ਵਾਲੇ ਦਿਨ ਰਾਜਪਾਲ ਨੇ ਮਾਨਤਾ ਦਿੱਤੀ, ਜਿਸ ਦੇ ਸੈਕਸ਼ਨ 1 ਅਨੁਸਰ ਪੰਜਾਬ ਵਿਚ ਲਾਗੂ ਅਤੇ ਸੈਕਸ਼ਨ 2 ਦੇ ਅਨੁਸਾਰ ਪੰਜਾਬੀ ਨੂੰ ਗੁਰਮੁੱਖੀ ਲਿੱਪੀ ਵਿਚ ਮਾਨਤਾ ਮਿਲੀ। ਉਸੇ ਤਰ੍ਹਾਂ ਸੈਕਸ਼ਨ 3 ਦੇ ਦੁਵਾਰਾ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਮਿਲ ਗਿਆ। ਸੈਕਸ਼ਨ 4 ਦੇ ਨੋਟੀਫਿਕੇਸ਼ਨ ਰਾਹੀਂ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿਚ ਕਰਨ ਦਾ ਐਲਾਨ ਬਾਅਦ ਵਿਚ ਹੋਇਆ। ਹਿੰਦੀ ਭਾਸ਼ਾ ਦੇ ਸਨਮਾਨ ਤੇ ਵਿਕਾਸ ਲਈ ਸੈਕਸ਼ਨ 8 ਜੋੜਿਆ ਗਿਆ।

ਪੰਜਾਬ ਸਰਕਾਰ ਨੇ ਸੈਕਸ਼ਨ 4 ਰਾਹੀਂ ਮਿਲੇ ਅਧਿਕਾਰ ਦੀ ਵਰਤੋਂ ਕਰਦਿਆਂ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿਚ ਕਰਨ ਲਈ ਤੁਰੰਤ ਦੋ ਨੋਟੀਫਿਕੇਸ਼ਨ ਜਾਰੀ ਕੀਤੇ। 30 ਦਸੰਬਰ, 1967 ਨੂੰ ਜਾਰੀ ਹੋਏ ਪਹਿਲਾ ਨੋਟੀਫਿਕੇਸ਼ਨ ਰਾਹੀਂ ਜ਼ਿਲ੍ਹਾ ਪੱਧਰੀ ਦਫ਼ਤਰਾਂ ਦੇ ਕੰਮਕਾਜ ਨੂੰ 1 ਜਨਵਰੀ, 1968 ਤੋਂ ਪੰਜਾਬੀ ਭਾਸ਼ਾ ਵਿਚ ਕਰਨ ਦਾ ਹੁਕਮ ਕੀਤਾ। 9 ਫਰਵਰੀ, 1968 ਨੂੰ ਜਾਰੀ ਹੋਏ ਦੂਜਾ ਨੋਟੀਫਿਕੇਸ਼ਨ ਰਾਹੀਂ 'ਰਾਜ ਪੱਧਰ' ਦੇ ਸਾਰੇ ਦਫ਼ਤਰਾਂ ਨੂੰ ਕੰਮਕਾਜ ਪੰਜਾਬੀ ਵਿਚ ਕਰਨ ਦਾ ਹੁਕਮ ਹੋਇਆ। 13 ਅਪਰੈਲ, 1968 ਤੋਂ ਲਾਗੂ ਹੁਕਮ ਨਾਲ ਸਾਰੇ ਦਫ਼ਤਰੀ ਕੰਮ ਪੰਜਾਬੀ ਵਿਚ ਹੋਣ ਲੱਗੇ।

ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2008 ਰਾਹੀਂ 1967 ਦੇ ਕਾਨੂੰਨ ਵਿਚ ਵੱਡੀਆਂ ਸੋਧਾਂ ਕੀਤੀਆਂ ਗਈਆਂ। ਪ੍ਰਸ਼ਾਸਨਿਕ ਦਫ਼ਤਰਾਂ ਦੇ ਕੰਮ ਪੰਜਾਬੀ ਵਿਚ ਕਰਨ ਦੀ ਵਿਵਸਥਾ ਲਈ ਮੂਲ ਕਾਨੂੰਨ ਵਿਚ ਧਾਰਾ 3-ਏ ਜੋੜੀ ਗਈ। ਇਸ ਨਵੀਂ ਧਾਰਾ ਨੇ ਸਥਿਤੀ ਸਪੱਸ਼ਟ ਕਰਨ ਦੀ ਥਾਂ ਹੋਰ ਉਲਝਾ ਦਿੱਤੀ। ਨਵੀਂ ਵਿਵਸਥਾ ਦਾ ਉਦੇਸ਼ ਪੰਜਾਬੀ ਦਾ ਘੇਰਾ ਵਿਸ਼ਾਲ ਕਰਨਾ ਹੈ ਜਾਂ ਇਸ ਦੇ ਖੰਭ ਕੁਤਰਨਾ, ਇਹ ਸਮਝ ਤੋਂ ਬਾਹਰ ਹੈ। ਇਸ ਸੋਧ ਕਾਨੂੰਨ ਦੇ ਖਰੜੇ ਅੰਗਰੇਜ਼ੀ ਅਤੇ ਪੰਜਾਬੀ ਇੱਕੋ ਸਮੇਂ ਸਰਕਾਰੀ ਗਜ਼ਟ ਵਿਚ ਛਪੇ। ਅੰਗਰੇਜ਼ੀ ਵਿਚ 'ਸਾਰੇ ਦਫ਼ਤਰੀ ਚਿੱਠੀ ਪੱਤਰ' ਪੰਜਾਬੀ ਵਿਚ ਕੀਤੇ ਜਾਣ ਦਾ ਜ਼ਿਕਰ ਹੈ। ਇਸ ਦੇ ਉਲਟ ਪੰਜਾਬੀ ਵਿਚ ਦਫ਼ਤਰਾਂ ਵਿਚ ਸਾਰਾ ਕੰਮਕਾਜ ਪੰਜਾਬੀ ਵਿਚ ਕੀਤਾ ਜਾਵੇਗਾ, ਦਰਜ ਹੈ। ਦੋਵਾਂ ਦੇ ਅਰਥਾਂ ਵਿਚ ਜ਼ਮੀਨ-ਆਸਮਾਨ ਦਾ ਫ਼ਰਕ ਹੈ। ਅੰਗਰੇਜ਼ੀ ਪਾਠ ਮੁਤਾਬਿਕ ਸਿਰਫ਼ 'ਦਫ਼ਤਰੀ ਚਿੱਠੀ ਪੱਤਰ' ਹੀ ਪੰਜਾਬੀ ਵਿਚ ਕਰਨਾ ਜ਼ਰੂਰੀ ਹੈ। ਬਾਕੀ ਕੰਮ ਹੋਰ ਭਾਸ਼ਾ (ਅੰਗਰੇਜ਼ੀ) ਵਿਚ ਵੀ ਹੋ ਸਕਦੇ ਹਨ।

ਸੰਵਿਧਾਨ ਤੇ ਬਾਕੀ ਕੇਂਦਰੀ ਕਾਨੂੰਨ ਰਾਜ ਸਰਕਾਰਾਂ ਨੂੰ ਅਦਾਲਤੀ ਕੰਮਕਾਜ ਮਾਤ ਭਾਸ਼ਾ ਵਿਚ ਕਰਨ ਦਾ ਅਧਿਕਾਰ ਦਿੰਦਾ ਹੈ। ਅਧਿਕਾਰ ਦੀ ਵਰਤੋਂ ਕਰਕੇ ਪੰਜਾਬ ਸਰਕਾਰ ਨੇ ਸਾਲ 2008 ਵਿਚ ਪੰਜਾਬ ਰਾਜ ਭਾਸ਼ਾ ਐਕਟ 1967 ਵਿਚ ਸੋਧ ਕੀਤੀ। ਪੰਜਾਬ ਵਿਚਲੀਆਂ ਜ਼ਿਲ੍ਹਾ ਪੱਧਰੀ ਅਦਾਲਤਾਂ ਦੇ ਕੰਮਕਾਜ ਦੀ ਭਾਸ਼ਾ ਪੰਜਾਬੀ ਕਰ ਦਿੱਤੀ। ਪਰ ਅਦਾਲਤਾਂ ਵਿਚ ਕੰਮਕਾਜ ਪੰਜਾਬੀ ਵਿਚ ਹੋਣਾ ਤਾਂ ਹੀ ਸੰਭਵ ਹੋ ਸਕਦਾ, ਜੇ ਲੋੜੀਂਦੀ ਸਮੱਗਰੀ ਪੰਜਾਬੀ ਵਿਚ ਉਪਲੱਬਧ ਹੋਣ। ਇਸ ਕੰਮ ਲਈ ਪੰਜਾਬੀ ਯੂਨੀਵਸਿਟੀ ਤੇ ਭਾਸ਼ਾ ਵਿਭਾਗ ਬਖੂਬੀ ਰੋਲ ਨਿਭਾ ਸਕਦੇ ਸਨ। ਪੰਜਾਬੀ ਹਿਤੈਸ਼ੀ ਅਧਿਆਪਕਾਂ ਨੇ ਮੁਆਇਦਾ ਕਾਨੂੰਨ, ਪਰਿਵਾਰਕ ਕਾਨੂੰਨ ਤੇ ਭਾਰਤ ਦਾ ਸੰਵਿਧਾਨਕ ਕਾਨੂੰਨ ਨੂੰ ਪੰਜਾਬੀ ਵਿਚ ਲਿਖਿਆ। ਪਰ ਵਿੱਤੀ ਸੰਕਟ ਦੇ ਘੇਰੇ ਇਸ ਨੂੰ ਅੱਗੇ ਨਾ ਵਧਣ ਦਿੱਤਾ, ਸਗੋਂ ਦੁਨੀਆਂ ਦੀ ਭਾਸ਼ਾ ਦੇ ਆਧਾਰ 'ਤੇ ਬਣੀ ਦੂਜੀ ਯੂਨੀਵਰਸਿਟੀ ਨੂੰ ਅਣਗੌਲਿਆ ਕਰ ਭਾਸ਼ਾ ਦਾ ਨਿਰਾਦਰ ਕੀਤਾ। ਉਸੇ ਤਰ੍ਹਾਂ ਭਾਸ਼ਾ ਵਿਭਾਗ ਜੋ ਨਵੇਂ ਲੇਖਕਾਂ ਨੂੰ ਉਭਰਨ ਦੇ ਮੌਕੇ ਦੇਣ ਲਈ ਨਵੰਬਰ ਮਹੀਨੇ ਪੰਜਾਬੀ ਹਫਤਾ ਉਲੀਕਦਾ ਸੀ, ਸਿਆਸਤ ਦੀ ਭੇਂਟ ਚੜ੍ਹ ਗਿਆ। ਵੱਡੇ ਲੇਖਕਾਂ, ਗਾਇਕਾਂ ਤੇ ਜਨਤਕ ਸੰਘਰਸ਼ ਨੂੰ ਵੀ ਬੂਰ ਨਾ ਪਿਆ।

ਭਾਸ਼ਾ ਦਾ ਵਹਾਉ ਪੀੜ੍ਹੀ-ਦਰ-ਪੀੜ੍ਹੀ ਚੱਲਣਾ ਜ਼ਰੂਰੀ ਹੈ। ਪਰ ਸਾਡੀ ਮਾਨਸਿਕਤਾ ਕੌਮਾਂਤਰੀ ਪ੍ਰਭਾਵ ਨੇ ਜਕੜੀ ਹੋਈ ਹੈ। ਅਜੋਕੇ ਸਮੇਂ ਦੇ ਬੱਚੇ ਭਾਸ਼ਾ ਪ੍ਰਤੀ ਤੰਗ ਨਜ਼ਰੀਆ ਰੱਖਦੇ ਹਨ। ਉਨ੍ਹਾਂ ਦੀ ਮਾਨਸਿਕਤਾ ਨੂੰ ਸਮਾਜਿਕ ਤਾਣਾ-ਬਾਣਾ ਵੀ ਪ੍ਰਭਾਵਤ ਕਰਦਾ ਹੈ। ਮਾਪੇ ਭਵਿੱਖਮੁੱਖੀ ਸੋਚਦਿਆਂ ਅੰਗਰੇਜ਼ੀ ਨੂੰ ਪਹਿਲ ਦਿੰਦੇ ਹਨ, ਜਿਸਦਾ ਫਾਇਦਾ ਅੰਗਰੇਜ਼ੀ ਸਕੂਲਾਂ ਨੇ ਖੂਭ ਚੁੱਕਿਆ। ਮੇਰਾ ਦਾਗਿਸਤਾਨ ਵਿਚ ਲੇਖਕ ਰਸੂਲ ਹਮਜਾਤੋਜ ਦੇ ਅਨੁਸਾਰ "ਜਿਸ ਦੇ ਅੰਦਰ ਮਾਂ ਬੋਲੀ ਲਈ ਪਿਆਰਾ ਨਹੀਂ, ਉਹ ਮਨੁੱਖ ਮਸਾਣ ਦੇ ਤੁਲ ਹੈ"। ਬੱਚਿਆਂ ਨੂੰ ਮਨੋਵਿਗਿਆਨਕ ਤੌਰ 'ਤੇ ਭਾਸ਼ਾ ਨਾਲ ਜੋੜਨਾ ਹੀ ਸਥਾਈ ਹੱਲ ਹੈ। ਗੁਰੂਆਂ ਪੀਰਾਂ ਦੇ ਉਪਦੇਸ਼, ਸਾਹਸੀ ਯੋਧਿਆਂ ਦੀਆ ਕਥਾਵਾ, ਸੱਭਿਆਚਾਰ, ਪੰਜਾਬੀਆਂ ਦੇ ਮਿਹਨਤੀ ਸੁਭਾਅ 'ਤੇ ਮਿਲ ਕੇ ਰਹਿਣ ਦਾ ਸੰਦੇਸ਼ ਜੀਵਨ ਲਈ ਪ੍ਰੇਰਣਾਦਾਇਕ ਹੋਵੇਗਾ। ਸਾਫ, ਪਾਕ ਤੇ ਧਾਰਮਿਕ ਸੋਹ ਪ੍ਰਾਪਤ ਬੋਲੀ ਸਦਕਾ ਕਰਨਾਟਕਾ ਦਾ ਗੈਰ ਪੰਜਾਬੀ ਪ੍ਰੋ. ਪੰਡਿਤ ਰਾਉ ਧਰਨੇਵਰ ਨੇ ਸਿੱਖਾਂ ਦੇ ਧਾਰਮਿਕ ਗ੍ਰੰਥਾਂ ਨੂੰ ਕੰਨੜਾ ਵਿਚ ਅਨੁਵਾਦ ਕੀਤਾ। ਮੂਲ ਪੰਜਾਬੀ ਨਿਵਾਸੀਆਂ ਵਲੋਂ ਕੀਤੇ ਨਿਰਾਦਰ ਵਿਰੁੱਧ ਇਕੱਲੇ ਵੀ ਵਿਰੋਧ ਕਰਨੋਂ ਨਹੀਂ ਡਰਦੇ। ਉਂਜ ਜੇ ਰਾਸ਼ਟਰੀ ਪੱਧਰ 'ਤੇ ਨਜ਼ਰ ਮਾਰੀਏ, ਤਾਂ ਦੱਖਣੀ ਰਾਜ ਜਿਵੇਂ ਕੇਰਲਾ, ਤਾਮਿਲ ਤੇ ਕਰਨਾਟਕਾ ਵਰਗੇ ਵਿਧਾਨ ਸਭਾ ਵਿਚ ਪਾਸ ਕਰ ਪੰਜਵੀਂ ਤੱਕ ਮਾਤ ਭਾਸ਼ਾ ਨੂੰ ਜ਼ਰੂਰੀ ਐਲਾਨਿਆ ਹੈ। ਕੌਮਾਂਤਰੀ ਪੱਧਰ ਉਪਰ ਅੰਗਰੇਜ਼ੀ ਬੋਲਚਾਲ ਤੇ ਕੂਟਨੀਤਿਕ ਸਾਂਝ ਲਈ ਜ਼ਰੂਰੀ ਹੈ। ਪਰ ਅਜਿਹਾ ਵੀ ਨਹੀਂ ਕਿ ਇਸ ਤੋਂ ਬਿਨਾ ਭਵਿੱਖ ਸੁਨਹਿਰੀ ਨਹੀ ਹੁੰਦਾ। ਇਸ ਧਾਰਨਾ ਨੂੰ ਚੀਨ, ਜਾਪਾਨ ਤੇ ਫਰਾਂਸ ਵਰਗੇ ਦੇਸ਼ਾਂ ਨੇ ਚੰਗਾ ਝੰਜੋੜਿਆ ਹੈ। ਭਾਸ਼ਾ ਕੋਈ ਮਾੜੀ ਨਹੀਂ ਪਰ ਚੰਗੀ ਤਰ੍ਹਾਂ ਸਿੱਖਣ ਲਈ ਮਾਤ ਭਾਸ਼ਾ ਦਾ ਗਿਆਨ ਹੋਣਾ ਅਤਿ ਜ਼ਰੂਰੀ ਹੈ। ਅਮਰੀਕਾ ਦੇ ਭਾਸ਼ਾ ਵਿਗਆਨੀ ਸੇਲੇਸਤੇ ਰੋਜਬੈਰੀ, ਮੈਕਬਿਨ ਤੇ ਐਲੀਜਾਂਡਰੇ ਬਰਾਈਸ ਦੀਆਂ ਖੋਜਾਂ ਨਾਲ ਤੱਥ ਉਜਾਗਰ ਹੋਏ ਕਿ ਅਮਰੀਕਾ ਵਿਚ 2030 ਤੱਕ 40 ਫੀਸਦੀ ਬੱਚੇ ਅੰਗਰੇਜ਼ੀ ਸਿੱਖਣਗੇ। ਹੁਣ ਵੀ 70 ਫੀਸਦੀ ਬੱਚਿਆ ਦੀ ਮਾਂ ਬੋਲੀ ਅੰਗਰੇਜ਼ੀ ਨਹੀਂ, ਬਲਕਿ ਸਪੈਨਿਸ਼, ਫਰੈਂਚ, ਜਰਮਨ, ਪੰਜਾਬੀ, ਹਿੰਦੀ ਆਦਿ ਹੈ।

ਅੰਤਰਰਾਸ਼ਟਰੀ ਪੱਧਰ ਉਪਰ ਅਫਰੀਕਾ, ਆਸਟਰੇਲੀਆ, ਅਮਰੀਕਾ ਤੇ ਏਸ਼ੀਆ ਦੇਸ਼ਾਂ ਵਿਚ ਬਹੁਤ ਭਾਸ਼ਾਵਾਂ ਖਤਮ ਹੋ ਗਈਆਂ ਹਨ। ਕਰੌਸ ਦੇ ਇਕ ਸਰਵੇ ਮੁਤਾਬਕ ਦੁਨੀਆਂ ਵਿਚ 6800 ਭਾਸ਼ਾਵਾਂ ਬੋਲੀਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ 50 ਫੀਸਦੀ ਅਜਿਹੀਆਂ ਹਨ, ਜੋ ਖਤਮ ਹੋਣ ਦੇ ਕਿਨਾਰੇ ਹਨ। ਅਫਸੋਸ, ਪੰਜਾਬੀ ਵੀ ਉਨ੍ਹਾਂ ਵਿਚ ਸ਼ੁਮਾਰ ਹੈ ਅਤੇ ਅਗਲੇ 50 ਸਾਲਾਂ ਵਿਚ 40 ਫੀਸਦੀ ਹੋਰ ਖਤਮ ਹੋ ਜਾਵਣਗੀਆਂ। ਅਸੀਂ 680 ਬੋਲੀਆਂ (10 ਫੀਸਦੀ) ਦੇ ਸਹਾਰੇ ਰਾਬਤਾ ਰੱਖ ਸਕਾਂਗੇ। ਮਾਂ ਬੋਲੀ ਸਾਡਾ ਵਜੂਦ ਹੈ, ਜੋ ਸਾਨੂੰ ਦੁਨੀਆਂ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰੂਸੀ ਨਾਵਲ ਮੇਰਾ ਦਾਗਿਸਤਾਨ ਵਿਚ ਲੇਖਕ ਰਸੂਲ ਹਮਜਾਤੋਜ ਦਾ ਕਥਨ ਹੈ ਕਿ "ਸਾਡੇ ਦੇਸ਼ ਵਿਚ ਸਭ ਤੋਂ ਵੱਡੀ ਬਦਅਸੀਸ ਦੇਣ ਸਮੇਂ ਲੋਕੀ ਆਖਦੇ ਹਨ ਕਿ ਰੱਬ ਕਰੇ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ, ਕਿਉਂਕਿ ਜੋ ਕੌਮਾਂ ਆਪਣੀ ਬੋਲੀ ਭੁੱਲ ਜਾਂਦੀਆਂ ਹਨ, ਉਨ੍ਹਾਂ ਦੀ ਉਮਰ ਲੰਮੀ ਨਹੀਂ ਹੁੰਦੀ।

ਪੰਜਾਬੀ ਦੇ ਬਚਾਉ ਲਈ ਕਈ ਵਾਰ ਵਿਰੋਧ ਉਭਰੇ ਪਰ ਸਰਕਾਰਾਂ ਖਾਨਾਪੂਰਤੀ ਤੋਂ ਅੱਗੇ ਨਾ ਵਧੀਆਂ। ਕਿਉਂਕਿ ਜ਼ਿਆਦਾਤਰ ਅਦਾਰੇ ਸਰਕਾਰੇ-ਦਰਬਾਰੇ ਪਹੁੰਚ ਵਾਲਿਆਂ ਦੇ ਹੀ ਹਨ। ਦੂਜੇ ਬੰਨ੍ਹੇ ਜਾਂਚ ਕਮੇਟੀਆਂ ਦੇ ਕੁਝ ਉੱਚ ਅਫਸਰ ਦੂਜੇ ਰਾਜਾਂ ਵਿਚੋਂ ਹਨ, ਦਫਤਰੀ ਕੰਮ ਅੰਗਰੇਜ਼ੀ ਵਿਚ ਚੱਲ ਰਿਹਾ ਹੈ। ਉਨ੍ਹਾਂ ਵਲੋਂ ਭਾਸ਼ਾ ਸਬੰਧਤ ਕੰਮਾਂ ਨੂੰ ਅਣਗੌਲਿਆ ਕਰਨਾ ਅਣਉਚਿਤ ਨਹੀਂ ਲੱਗਦਾ। ਭਾਸ਼ਾ ਐਕਟ 2008 ਵਿਚ ਸੋਧਾਂ ਵਾਸਤੇ ਕੀਤੇ ਉਪਰਾਲੇ ਕਾਬਲੇ-ਏ-ਤਰੀਫ ਹਨ। ਸਕੂਲਾਂ ਵਿਚੋਂ 9ਵੀਂ ਤੇ 10ਵੀਂ ਨੂੰ ਪੰਜਾਬੀ ਤੋਂ ਵੱਖ ਕਰਨ ਦਾ ਪਹਿਲਾ ਵਿਰੋਧ ਨਵੰਬਰ 2007 ਬੇਰੁਜ਼ਗਾਰ ਅਧਿਆਪਕ ਯੂਨੀਅਨ ਹੁਸ਼ਿਆਰਪੁਰ ਨੇ ਦਰਜ ਕਰਵਾਇਆ। ਉਸ ਲੜੀ ਨੂੰ ਉਦੋਂ ਹੋਰ ਬਲ ਮਿਲਿਆ, ਜਦੋਂ 1 ਦਸੰਬਰ, 2007 ਦੇ ਅਜੀਤ ਅਖਬਾਰ ਨੇ "ਮਨਾ ਹੈ ਪੰਜਾਬੀ ਬੋਲਣੀ ਤੇ ਪੜ੍ਹਨੀ" ਦੀ ਸੰਪਾਦਕੀ ਨਾਲ ਪੰਜਾਬੀ ਬੋਲਣ ਕਾਰਨ ਸਕੂਲਾਂ ਵਿਚ ਬੱਚਿਆਂ ਨੂੰ ਲੱਗ ਰਹੇ ਜੁਰਮਾਨਿਆਂ ਨੂੰ ਜੱਗ ਜ਼ਾਹਿਰ ਕੀਤਾ। ਮਾਂ ਬੋਲੀ ਦਾ ਪਿਆਰ ਸਥਾਨ ਨਾਲ ਹੀ ਨਹੀਂ ਜੇ ਦਿਲੋਂ ਤਾਂ ਸੱਤ ਸਮੁੰਦਰੋ ਦੂਰ ਵੀ ਚੀਸ ਉਠਦੀ ਹੈ। ਇਸੇ ਲਈ ਕੇਨੈਡਾ ਦੇ ਐੱਮ.ਪੀ. ਗੁਰਬਖਸ਼ ਸਿੰਘ ਮੱਲੀ ਨੇ ਦਸੰਬਰ 2007 ਵਿਚ ਪੰਜਾਬੀ ਬੋਲੀ ਨਾਲ ਹੁੰਦੇ ਵਿਤਕਰੇ ਰੋਕਣ ਦੀ ਅਪੀਲ ਕੀਤੀ। ਜਦੋਂਕਿ ਪੰਜਾਬੀਆਂ ਨੇ ਕੈਨੇਡਾ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਸਰਕਾਰੀ ਮਾਨਤਾ ਹਾਸਲ ਕਰਕੇ ਭਾਸ਼ਾਈ ਝੰਡਾ ਬੁਲੰਦ ਕੀਤਾ। ਪਰ ਮੂਲ ਰਾਜ ਪੰਜਾਬ ਵਿਚੋਂ ਦਰਕਿਨਾਰ ਕਰਨਾ ਸਰਕਾਰ ਅਤੇ ਪੰਜਾਬੀਆਂ ਲਈ ਕਿਸੇ ਲਾਹਨਤ ਤੋਂ ਘੱਟ ਨਹੀਂ। ਅੰਤ ਸਿੱਖਿਆ ਮੰਤਰੀ ਉਪਿੰਦਜੀਤ ਕੌਰ ਨੇ ਰਾਜ ਭਾਸ਼ਾ ਐਕਟ (ਸੋਧ) 2008 ਦਸੰਬਰ ਮਹੀਨੇ ਪਾਸ ਕਰਵਾ ਲਿਆ, ਜਿਸ ਜੋਸ਼ ਨਾਲ ਨਵੇਂ ਕਾਨੂੰਨ ਘੜੇ, ਉਸੇ ਤਰ੍ਹਾਂ ਲਾਗੂ ਨਾ ਹੋਣ ਦਾ ਝੋਰਾ ਅੱਜ ਵੀ ਹੈ। ਭਾਸ਼ਾ ਐਕਟ ਨੂੰ ਸਰਕਾਰ ਨੇ ਸੋਧ ਬਿਲ 32 ਪੀ.ਐੱਲ.ਏ. 2021 ਦੁਆਰਾ ਹੋਰ ਮਜ਼ਬੂਤ ਕਰ ਦਿੱਤਾ। ਸੈਕਸ਼ਨ 8 ਰਾਹੀਂ ਪੰਜਾਬੀ ਨੂੰ ਅਣਗੌਲੇ ਕਰਨ ਵਾਲਿਆਂ ਨੂੰ ਲੱਖਾ ਰੁਪਏ ਜੁਰਮਾਨੇ ਭਰਨ ਦੀਆਂ ਮਦਾਂ ਹੋਰ ਜੋੜੀਆਂ ਹਨ। ਨਾਲੋਂ-ਨਾਲ ਜ਼ਿਲ੍ਹਾ ਭਾਸ਼ਾ ਕਮੇਟੀਆਂ ਵੀ ਬਣ ਗਈਆਂ। ਅਜਿਹੇ ਚੰਗੇ ਉਪਰਾਲਿਆਂ ਦੇ ਨਤੀਜੇ ਸਖਤੀ ਨਾਲ ਲਾਗੂ ਕਰਨ ਨਾਲ ਹੀ ਸੰਭਵ ਹਨ।

ਜਿਥੇ ਅਫਸਰਸ਼ਾਹੀ ਖੜੋਤ ਦਾ ਕਾਰਨ ਹੈ, ਪੰਜਾਬ ਦੇ ਸਿਆਸੀ ਨੇਤਾ ਵੀ ਘੱਟ ਨਹੀ। 2017 ਨੂੰ ਅਮਰਿੰਦਰ ਸਿੰਘ ਮੁੱਖ ਮੰਤਰੀ ਹਲਫ ਅੰਗਰੇਜ਼ੀ ਵਿਚ ਲੈ ਕੇ ਤੇ ਘੱਗਰ ਤੱਕ ਬੋਲੀ ਜਾਣ ਵਾਲੀ ਭਾਸ਼ਾ ਆਖ ਪੰਜਾਬੀ ਦਾ ਅਪਮਾਨ ਕੀਤਾ, ਜੋ ਦੇਸ਼ ਦੀਆਂ 22 ਸੰਵਿਧਾਨਕ ਭਾਸ਼ਾਵਾਂ ਵਿਚ ਸ਼ਾਮਲ ਹੋਣ ਦਾ ਮਾਣ ਰੱਖਦੀ ਹੈ। ਇਹ ਵੀ ਭੁੱਲ ਗਏ ਕਿ ਸੰਸਾਰ ਵਿਚ 122 ਮਿਲੀਅਨ ਨਾਲ ਪੰਜਾਬੀ 9ਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਜਦੋਂ ਤੱਕ ਸਰਕਾਰ ਦੀ ਇਮਾਨਦਾਰੀ ਨਾਲ ਇੱਛਾ ਸ਼ਕਤੀ ਨਹੀਂ ਜਾਗਦੀ, ਮਾਂ ਬੋਲੀ ਦੀ ਪ੍ਰਫੁੱਲਤਾ ਅੰਗੂਰ ਖੱਟੇ ਹੋਣ ਦੇ ਸਮਾਨ ਹੀ ਹੈ। ਹਰ ਹਕੂਮਤ ਵਾਂਗ ਨਵੇਂ ਮੁੱਖ ਮੰਤਰੀ ਨੇ ਵੀ ਪੰਜਾਬੀ ਬਚਾਉ ਲਈ ਚੰਗੇ ਉਪਰਾਲੇ ਕੀਤੇ ਹਨ, ਲਾਗੂ ਨਾ ਹੋਣ 'ਤੇ ਜੁਰਮਾਨੇ ਦੇ ਡਰਾਵੇ ਵੀ ਹਨ। 21 ਫਰਵਰੀ ਤੋਂ ਪਹਿਲਾਂ ਪੂਰੇ ਪੰਜਾਬ ਦੇ ਵਿਚ ਸਰਕਾਰੀ ਤੇ ਪ੍ਰਾਈਵੇਟ ਦਫਤਰ ਅਤੇ ਦੁਕਾਨਾਂ ਦੇ ਬੋਰਡ ਪੰਜਾਬੀ ਵਿਚ ਲਿਖਣੇ ਜ਼ਰੂਰੀ ਕਰ ਦਿੱਤੇ। ਪੰਜਾਬ ਦੇ ਸਾਰੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਵਿਚ ਪੰਜਾਬੀ ਪੜ੍ਹਾਈ ਲਾਜ਼ਮੀ ਕਰਨਾ ਵੀ ਅਤਿ ਉੱਤਮ ਫ਼ੈਸਲਾ ਹੈ। ਸਮੁੱਚੇ ਪੰਜਾਬੀ ਇਹੀ ਕਾਮਨਾ ਕਰਦੇ ਹਨ ਕਿ ਸਰਕਾਰ ਆਪਣੇ ਬਿਆਨਾਂ ਉਪਰ ਪਹਿਰਾ ਦੇਵੇ। ਨਵੇਂ ਐਕਟ ਦੁਵਾਰਾ ਗਠਿਤ ਜ਼ਿਲ੍ਹਾ ਤੇ ਰਾਜ ਪੱਧਰੀ ਭਾਸ਼ਾ ਕਮੇਟੀਆਂ, ਜਿਸ ਦੇ ਕਰਤਾ-ਧਰਤਾ ਖੁਦ ਮੁੱਖ ਮੰਤਰੀ ਸਮੇਤ ਡੀ.ਸੀਜ਼, ਡੀ.ਓ. ਤੇ ਹੋਰ ਜ਼ਿਲ੍ਹਾ ਪੱਧਰ ਦੇ ਉਚ ਅਧਿਕਾਰੀ ਵੀ ਸਰਗਰਮ ਭੂਮਿਕਾ ਨਿਭਾਉਣ।

ਭਾਸ਼ਾ ਨਾਲ ਰੋਜ਼ਗਾਰ ਦਾ ਵਸੀਲਾ ਬਣਨ ਨਾਲ ਲੋਕਾਂ ਦਾ ਜੁੜਨਾ ਨਿਰਵਿਘਨ ਚੱਲਦਾ ਹੈ। ਬੱਚਿਆਂ ਨੂੰ ਭਾਸ਼ਾ ਦੇ ਗਿਆਨ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਮਾਂ ਬੋਲੀ ਬਿਨਾਂ ਧਰਮ ਦਾ ਫਲਸਫਾ ਸਮਝਣਾ ਸੰਭਵ ਨਹੀਂ। ਸੋ ਸਰਕਾਰ ਦੇ ਨਾਲੋਂ-ਨਾਲ ਸਾਡੀ ਆਪਣੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਪੰਜਾਬੀ ਦੀ ਬਿਹਤਰੀ ਲਈ ਆਲੇ-ਦੁਆਲੇ ਦੀ ਜਨਤਾ ਨੂੰ ਹਲੂਣਾ ਦਿੰਦੇ ਰਹੀਏ। ਸ਼ਾਇਦ ਇਸੇ ਵਰਤਾਰੇ ਕਾਰਨ ਨਾਮਵਰ ਪੰਜਾਬੀ ਲੇਖਕ ਬਾਬਾ ਨਜ਼ਮੀ ਨੇ ਬਹੁਤ ਪਹਿਲਾਂ ਹੀ ਸਤਰਾਂ ਲਿਖ ਦਿੱਤੀਆਂ ਸਨ ਕਿ:

ਅੱਖਰਾਂ ਵਿਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ
ਝੱਖੜਾਂ ਵਿਚ ਰਖਿਆ ਏ, ਦੀਵਾ ਬਾਲ ਪੰਜਾਬੀ ਦਾ।

ਕੈਨੇਡਾ ਦੇ ਪੰਜਾਬੀ ਵਿਧਾਇਕ ਸੁਖਜਿੰਦਰਪਾਲ ਸਿੰਘ ਨੇ ਸੂਬੇ ਮੈਨੀਟੋਬਾ ਦੇ ਸਕੂਲਾਂ ਵਿਚ ਪੰਜਾਬੀ ਵਿਸ਼ਾ ਲਾਗੂ ਕਰਵਾ ਨਵਾਂ ਇਤਿਹਾਸ ਸਿਰਜ ਦਿੱਤਾ। ਆਧੁਨਿਕ ਪੀੜ੍ਹੀ ਨੂੰ ਪੰਜਾਬੀ ਪੜ੍ਹਨ, ਲਿਖਣ ਤੇ ਬੋਲਣ ਦੀ ਰੁਚੀ ਤਰਕ ਤੇ ਵਿਰਸੇ ਦੇ ਗਿਆਨ ਨਾਲ ਪੈਦਾ ਕਰੀਏ, ਤਾਂ ਜੋ ਮਾਂ ਬੋਲੀ ਦੇ ਪਸਾਰੇ ਵਿਚ ਕੋਈ ਅਟਕਲ ਨਾ ਆਵੇ। ਪੰਜਾਬੀ ਭਾਸ਼ਾ ਦਾ ਚਿਰਾਗ ਗਿਆਨ ਦੀ ਰੌਸ਼ਨੀ ਬਿਖੇਰਦਾ ਰਹੇ।



# ਸਿੱਖ ਇਤਿਹਾਸ ਦਾ ਸੁਨਹਿਰੀ ਪੰਨਾ: ਜੈਤੋ ਦਾ ਮੋਰਚਾ

## 21 ਫਰਵਰੀ ਤੇ ਵਿਸ਼ੇਸ਼

ਹਰਦਮ ਸਿੰਘ ਮਾਨ
ਬੀ.ਸੀ., ਕੈਨੇਡਾ
ਫੋਨ: +1-604-308-6663
ਫੋਨ: 98153-64573
(Punjab Mail USA)



ਜੈਤੋ ਦੇ ਮੋਰਚੇ ਨੂੰ ਭਾਰਤੀ ਆਜ਼ਾਦੀ ਦੀ ਪਹਿਲੀ ਲੜਾਈ ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਸਿੱਖ ਇਤਿਹਾਸ ਦਾ ਇਹ ਸ਼ਾਂਤਮਈ ਮੋਰਚਾ ਸਾਰੇ ਸਿੱਖ ਮੋਰਚਿਆਂ ਤੋਂ ਲੰਮਾਂ ਸਮਾਂ (ਪੌਣੇ ਦੋ ਸਾਲ ਤੋਂ ਵੀ ਵੱਧ) ਜਾਰੀ ਰਿਹਾ ਅਤੇ ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਉਸ ਵੇਲੇ ਦੀ ਅੰਗਰੇਜ਼ੀ ਹਕੂਮਤ ਨੂੰ 'ਗੁਰਦੁਆਰਾ ਐਕਟ' ਬਣਾਉਣ ਲਈ ਮਜਬੂਰ ਹੋਣਾ ਪਿਆ। ਇਸ ਗੁਰਦੁਆਰਾ ਐਕਟ ਦੇ ਅਧੀਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਸਰੂਪ ਹੋਂਦ ਵਿਚ ਆਇਆ ਅਤੇ ਇਹ ਕਮੇਟੀ ਅੱਜ ਸਿੱਖ ਜਗਤ ਦੀ ਸਭ ਤੋਂ ਵੱਡੀ ਅਤੇ ਅਹਿਮ ਸੰਸਥਾ ਹੈ, ਜੋ ਸਿੱਖ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਹੈ।

ਇਸ ਮੋਰਚੇ ਦਾ ਆਰੰਭ 8 ਜੂਨ, 1923 ਨੂੰ ਉਸ ਵੇਲੇ ਹੋਇਆ, ਜਦੋਂ ਅੰਗਰੇਜ਼ੀ ਹਕੂਮਤ ਨੇ ਨਾਭਾ ਰਿਆਸਤ ਦੇ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਜਬਰੀ ਲਾਹ ਕੇ ਰਿਆਸਤ ਵਿਚੋਂ ਕੱਢ ਦਿੱਤਾ। ਇਸ ਘਟਨਾ ਵਿਰੁੱਧ ਸਾਰੇ ਸਿੱਖ ਜਗਤ ਵਿਚ ਰੋਸ ਦੀ ਲਹਿਰ ਫੈਲਣੀ ਕੁਦਰਤੀ ਸੀ ਕਿਉਂਕਿ ਮਹਾਰਾਜਾ ਨਾਭਾ ਸਿੱਖਾਂ ਵਿਚ ਬਹੁਤ ਹਰਮਨ ਪਿਆਰੇ ਹੋ ਚੁੱਕੇ ਸਨ। ਸਿੱਖਾਂ ਵੱਲੋਂ ਉਨ੍ਹਾਂ ਦੀ ਬਰਤਰਫੀ ਦਾ ਵਿਰੋਧ ਕੀਤਾ ਜਾਣ ਲੱਗਿਆ। ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦਾ ਵਿਰੁੱਧ ਰੋਸ ਪ੍ਰਗਟ ਕਰਨ ਲਈ 5 ਅਗਸਤ, 1923 ਨੂੰ ਅੰਮ੍ਰਿਤਸਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੈਠਕ ਹੋਈ, ਜਿਸ ਵਿਚ ਮਹਾਰਾਜਾ ਰਿਪੁਦਮਨ ਸਿੰਘ ਪ੍ਰਤੀ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ ਅਤੇ 9 ਸਤੰਬਰ ਨੂੰ ਮਹਾਰਾਜਾ ਦੇ ਹੱਕ ਵਿਚ ਨਾਭਾ ਦਿਵਸ ਮਨਾਉਣ ਦਾ ਐਲਾਨ ਕਰ ਦਿੱਤਾ ਗਿਆ। ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਿਪੁਦਮਨ ਦੇ ਸਬੰਧ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਆਗਿਆ ਨਾ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ 9 ਸਤੰਬਰ ਨੂੰ ਪੰਜਾਬ ਭਰ ਵਿਚ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਹਾਰਾਜਾ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ। ਜੈਤੋ ਮੰਡੀ ਵਿਚ ਵੀ ਅਜਿਹਾ ਮੁਜ਼ਾਹਰਾ ਕਰਨ ਉਪਰੰਤ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ।

ਸਿੱਖਾਂ ਦੇ ਇਸ ਰੋਸ ਤੋਂ ਅੰਗਰੇਜ਼ੀ ਹਕੂਮਤ ਬੇਹੱਦ ਖਫ਼ਾ ਹੋਈ। ਜੈਤੋ ਵਿਖੇ ਅਖੰਡ ਪਾਠਾਂ ਦੀ ਲੜੀ ਨੂੰ ਹਕੂਮਤ ਨੇ ਵੱਡੀ ਬਗਾਵਤ ਵਜੋਂ ਲਿਆ ਅਤੇ 14 ਸਤੰਬਰ ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਚ ਦੀਵਾਨ ਸਜਿਆ ਹੋਇਆ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਚੱਲ ਰਿਹਾ ਸੀ, ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰੇ ਅੰਦਰ ਦਾਖਲ ਹੋ ਕੇ ਉਥੇ ਇਕੱਤਰ ਹੋਏ ਲੋਕਾਂ ਅਤੇ ਸੇਵਾਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਪਾਠ ਕਰ ਰਹੇ ਗ੍ਰੰਥੀ ਸਿੰਘ ਨੂੰ ਬਾਹਰ ਖਿੱਚ ਲਿਆਂਦਾ। ਇਸ ਤਰ੍ਹਾਂ ਅਖੰਡ ਪਾਠ ਨੂੰ ਖੰਡਿਤ ਕਰ ਦਿੱਤਾ ਗਿਆ।

ਅਖੰਡ ਪਾਠ ਦਾ ਖੰਡਿਤ ਕੀਤਾ ਜਾਣਾ ਸਿੱਖਾਂ ਮਰਿਯਾਦਾ ਦੀ ਘੋਰ ਉਲੰਘਣਾ ਸੀ ਅਤੇ ਇਸ ਘਟਨਾ ਨੇ ਮਹਾਰਾਜਾ ਦੇ ਰਾਜਸੀ ਸਵਾਲ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਇਸ ਤਰ੍ਹਾਂ ਨਾਲ ਜੈਤੋ ਮੋਰਚੇ ਦਾ ਆਰੰਭ ਹੋਇਆ, ਜਿਸ ਦਾ ਮੁੱਖ ਨਿਸ਼ਾਨਾ ਖੰਡਿਤ ਅਖੰਡ ਪਾਠ ਨੂੰ ਮੁੜ ਅਖੰਡਿਤ ਰੂਪ ਵਿਚ ਚਾਲੂ ਕਰਨਾ ਸੀ। ਸਿੱਖਾਂ ਦੀ ਧਾਰਮਿਕ ਜੱਥੇਬੰਦੀ ਨੇ ਇਸ ਮੋਰਚੇ ਦੀ ਕਮਾਨ ਸੰਭਾਲਦਿਆਂ ਅੰਮ੍ਰਿਤਸਰ ਤੋਂ ਹਰ ਰੋਜ਼ 25-25 ਸਿੰਘਾਂ ਦੇ ਜੱਥੇ ਜੈਤੋ ਵੱਲ ਭੇਜਣੇ ਆਰੰਭ ਕਰ ਦਿੱਤੇ। 25 ਸਿੰਘਾਂ ਦਾ ਇਕ ਜੱਥਾ ਹਰ ਰੋਜ਼ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਤੋਂ ਚੱਲ ਕੇ ਜਦੋਂ ਜੈਤੋ ਪਹੁੰਚਦਾ, ਤਾਂ ਹਕੂਮਤ ਵੱਲੋਂ ਇਨ੍ਹਾਂ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਜੰਗਲਾਂ ਵਿਚ ਲਿਜਾ ਕੇ ਛੱਡ ਦਿੱਤਾ ਜਾਂਦਾ। ਇਸ ਮੋਰਚੇ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਹੋਣ ਲੱਗੀ। ਦਿੱਲੀ ਵਿਚ ਹੋਏ ਇੰਡੀਅਨ ਨੈਸ਼ਨਲ ਕਾਂਗਰਸ ਦੇ ਇਕ ਸਮਾਗਮ ਵਿਚ ਮਹਾਰਾਜਾ ਨਾਭਾ ਨੂੰ ਗੱਦੀਓਂ ਲਾਹੇ ਜਾਣ ਬਾਰੇ ਅਤੇ ਜੈਤੋ ਦੇ ਧਾਰਮਿਕ ਮੋਰਚੇ ਬਾਰੇ ਕਾਂਗਰਸ ਵੱਲੋਂ ਹਮਦਰਦੀ ਪ੍ਰਗਟ ਕੀਤੀ ਗਈ। ਕਾਂਗਰਸ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ, ਪਿੰਸੀਪਲ ਗਿਡਵਾਨੀ ਅਤੇ ਮਿਸਟਰ ਕੇ. ਸਨਾਤਮ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਲਈ ਜੈਤੋ ਮੰਡੀ ਭੇਜਿਆ ਗਿਆ। ਇਨ੍ਹਾਂ ਤਿੰਨਾਂ ਆਗੂਆਂ ਨੂੰ ਜੈਤੋ ਪੁੱਜਣ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਕ ਰਾਤ ਜੈਤੋ ਕਿਲ੍ਹੇ ਦੀ ਇਕ ਕੋਠੜੀ ਵਿਚ ਬੰਦ ਕਰਨ ਉਪਰੰਤ ਅਗਲੇ ਦਿਨ ਨਾਭਾ ਜੇਲ੍ਹ ਵਿਚ ਭੇਜ ਦਿੱਤਾ। 29 ਸਤੰਬਰ, 1923 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਕੂਮਤ ਦੀ ਦਖਲਅੰਦਾਜ਼ੀ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ ਹਰ ਰੋਜ਼ 25-25 ਸਿੰਘਾਂ ਦੇ ਜੱਥੇ ਭੇਜਣ ਨਾਲ ਕੋਈ ਤਸੱਲੀਬਖਸ਼ ਸਿੱਟਾ ਨਿਕਲਦਾ ਨਾ ਵੇਖ ਕੇ ਇਸ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਤਹਿਤ 500-500 ਸਿੰਘਾਂ ਦਾ ਜੱਥੇ ਭੇਜਣ ਦਾ ਫੈਸਲਾ ਕੀਤਾ ਗਿਆ। 500 ਸਿੰਘਾਂ ਦੇ ਪਹਿਲੇ ਜੱਥੇ ਨੂੰ 21 ਫਰਵਰੀ, 1924 ਨੂੰ ਜੈਤੋ ਪੁੱਜ ਕੇ ਗੁਰਦੁਆਰਾ ਗੰਗਸਰ ਸਾਹਿਬ ਨੂੰ ਕਬਜ਼ੇ ਵਿਚ ਲੈਣ ਅਤੇ ਅਖੰਡ ਪਾਠ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ।

ਇਹ ਵਿਸ਼ਾਲ ਜੱਥਾ ਨਾਭਾ, ਪਟਿਆਲਾ, ਫਰੀਦਕੋਟ ਅਤੇ ਸੰਗਰੂਰ ਰਾਜਾਂ ਦੇ ਪਿੰਡਾਂ ਵਿਚ ਪੜਾਅ ਤੈਅ ਕਰਦਾ ਹੋਇਆ 20 ਫਰਵਰੀ ਨੂੰ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਖੇ ਪੁੱਜਿਆ। 21 ਫਰਵਰੀ ਨੂੰ ਸਵੇਰੇ ਕੀਰਤਨ ਕਰਨ ਉਪਰੰਤ ਇਹ ਜੱਥਾ ਜੈਤੋ ਵੱਲ ਕੂਚ ਕਰਨ ਲੱਗਿਆ। ਜੱਥੇ ਦੇ 500 ਸਿੰਘਾਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਵੀ ਸ਼ਰਧਾਵੱਸ ਜੱਥੇ ਦੇ ਨਾਲ ਚੱਲ ਰਹੀ ਸੀ ਅਤੇ ਵੱਡੀ ਗਿਣਤੀ ਵਿਚ ਦਰਸ਼ਕ ਵੀ ਸਨ, ਜਿਨ੍ਹਾਂ ਵਿਚ ਬੀਬੀਆਂ ਵੀ ਸ਼ਾਮਲ ਸਨ। ਕਾਂਗਰਸੀ ਨੇਤਾ ਡਾਕਟਰ ਕਿਚਲੂ, ਪਿੰਸੀਪਲ ਗਿਡਵਾਨੀ ਅਤੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿਧ ਮਿਸਟਰ ਜ਼ਿੰਮਦ ਕਾਰ ਵਿਚ ਸਵਾਰ ਹੋ ਕੇ ਜੱਥੇ ਦੇ ਨਾਲ-ਨਾਲ ਚੱਲ ਰਹੇ ਸਨ ਪਰ ਇਨ੍ਹਾਂ ਨੇਤਾਵਾਂ ਨੂੰ ਨਾਭਾ ਰਿਆਸਤ ਦੀ ਹੱਦ ਤੋਂ ਅੱਗੇ ਨਹੀਂ ਜਾਣ ਦਿੱਤਾ ਗਿਆ।

ਜੱਥੇ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ। ਅੰਗਰੇਜ਼ੀ ਹਕੂਮਤ ਵੱਲੋਂ ਜੱਥੇ ਨੂੰ ਗੁਰਦੁਆਰਾ ਟਿੱਬੀ ਸਾਹਿਬ ਤੋਂ 150 ਗਜ਼ ਕੁ ਦੀ ਵਿੱਥ 'ਤੇ ਰੋਕਿਆ ਅਤੇ ਚਿਤਾਵਨੀ ਦਿੱਤੀ ਕਿ ਜੇਕਰ ਅਗਾਂਹ ਵਧੇ ਤਾਂ ਗੋਲੀ ਚਲਾ ਦਿੱਤੀ ਜਾਵੇਗੀ। ਪਰ ਜੱਥਾ ਸਭ ਕੁੱਝ ਅਣਸੁਣਿਆ ਕਰਕੇ ਸ਼ਾਂਤਮਈ ਅੱਗੇ ਵਧਦਾ ਰਿਹਾ, ਜਿਸ 'ਤੇ ਵਿਲਸਨ ਜਾਨਸਟਨ ਨੇ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਅਤੇ ਸੈਂਕੜੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ (ਸ਼੍ਰੋਮਣੀ ਕਮੇਟੀ ਅਨੁਸਾਰ ਇਸ ਘਟਨਾ ਵਿਚ 300 ਸਿੰਘ ਗੋਲੀ ਦਾ ਸ਼ਿਕਾਰ ਹੋਏ, ਜਿਨ੍ਹਾਂ ਵਿਚੋਂ 100 ਸਿੰਘ ਸ਼ਹਾਦਤ ਹਾਸਲ ਕਰ ਗਏ)। ਇਸ ਘਟਨਾ ਨੇ ਸਿੱਖਾਂ ਅੰਦਰ ਨਵਾਂ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਵਿਚ ਇਸ ਮੋਰਚੇ ਵਿਚ ਸ਼ਹਾਦਤ ਪਾਉਣ ਦਾ ਚਾਅ ਠਾਠਾਂ ਮਾਰਨ ਲੱਗਾ। ਲੋਕ ਸ਼ਹੀਦੀ ਜੱਥਿਆਂ ਵਿਚ ਵਧ-ਚੜ੍ਹ ਕੇ ਸ਼ਾਮਲ ਹੋਣ ਲੱਗੇ। ਪਹਿਲੇ ਸ਼ਹੀਦੀ ਜਥੇ 'ਤੇ ਗੋਲੀ ਚਲਾਏ ਜਾਣ ਦੇ ਬਾਵਜੂਦ ਸਿੱਖਾਂ ਦੇ ਹੌਂਸਲੇ ਨਾ ਸਿਰਫ਼ ਬਾ-ਦਸਤੂਰ ਕਾਇਮ ਰਹੇ, ਸਗੋਂ ਸਿੱਖਾਂ ਵਿਚ ਰੋਹ ਤੇ ਜੋਸ਼ ਦਾ ਵਾਧਾ ਹੋਇਆ, ਦੂਜਾ 500 ਸਿੰਘਾਂ ਦਾ ਜਥਾ ਅਕਾਲ ਤਖ਼ਤ ਸਾਹਿਬ ਤੋਂ 28 ਫ਼ਰਵਰੀ, 1924 ਨੂੰ ਰਵਾਨਾ ਹੋਇਆ। ਤੀਜਾ ਜੱਥਾ 22 ਮਾਰਚ 1924 ਨੂੰ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ 7 ਅਪਰੈਲ, 1924 ਨੂੰ ਜੈਤੋ ਪਹੁੰਚਿਆ, ਜਿਥੇ ਫ਼ੌਜ ਅਤੇ ਪੁਲਿਸ ਵਲੋਂ ਇਨ੍ਹਾਂ ਸਿੰਘਾਂ ਨੂੰ ਹੱਥਕੜੀਆਂ ਲਾ ਕੇ ਅਤੇ ਰੱਸਿਆਂ ਨਾਲ ਜਕੜ ਕੇ ਜੈਤੋ ਕਿਲ੍ਹੇ ਅੰਦਰ ਡੱਕ ਦਿਤਾ ਗਿਆ ਅਤੇ ਮਗਰੋਂ ਨਾਭਾ ਬੀੜ ਜੇਲ੍ਹ ਵਿਚ ਭੇਜ ਦਿੱਤੇ ਗਏ। ਪੰਜਵਾਂ ਸ਼ਹੀਦੀ ਜੱਥਾ ਲਾਇਲਪੁਰ ਤੋਂ 12 ਅਪਰੈਲ, 1924 ਨੂੰ ਪੈਦਲ ਰਵਾਨਾ ਹੋਇਆ ਤੇ ਅਕਾਲ ਤਖ਼ਤ ਉੱਤੇ ਹਾਜ਼ਰ ਹੋਣ ਮਗਰੋਂ ਜੈਤੋ ਵੱਲ ਚੱਲ ਪਿਆ। 29 ਜੂਨ, 1924 ਨੂੰ ਬੰਗਾਲ ਦੇ 100 ਸਿੰਘਾਂ ਦਾ ਜਥਾ ਕਲਕੱਤੇ ਤੋਂ ਚੱਲਿਆ। ਕੈਨੇਡਾ ਤੋਂ 11 ਸਿੱਖਾਂ ਦਾ ਜਥਾ 17 ਜੁਲਾਈ 1924 ਨੂੰ ਚੱਲ ਕੇ ਸਮੁੰਦਰੀ ਜਹਾਜ਼ ਰਾਹੀਂ 14 ਸਤੰਬਰ ਨੂੰ ਕਲਕੱਤੇ ਪੁੱਜਿਆ ਅਤੇ 28 ਸਤੰਬਰ ਨੂੰ ਅੰਮ੍ਰਿਤਸਰ ਪਹੁੰਚਿਆ ਅਤੇ 2 ਜਨਵਰੀ, 1925 ਨੂੰ ਜੈਤੋ ਵੱਲ ਚੱਲ ਪਿਆ।

ਸਿੱਖ ਜਗਤ ਦੇ ਰੋਸ ਅਤੇ ਰੋਹ ਅੱਗੇ ਅੰਤ ਅੰਗਰੇਜ਼ੀ ਹਕੂਮਤ ਨੂੰ ਝੁਕਣਾ ਪਿਆ। ਹਕੂਮਤ ਵੱਲੋਂ ਜੈਤੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਨ 'ਤੇ ਲਾਈ ਪਾਬੰਦੀ 21 ਜੁਲਾਈ, 1925 ਨੂੰ ਵਾਪਸ ਲੈ ਲਈ ਗਈ। ਇਸ ਇਤਿਹਾਸਕ ਮੋਰਚੇ ਨੂੰ ਸਫਲਤਾ ਮਿਲਣ ਉਪਰੰਤ ਸਿੱਖ ਸੰਗਤ ਨੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਮੁੜ ਅਖੰਡ ਪਾਠ ਸ਼ੁਰੂ ਕਰਕੇ ਭੋਗ ਪਾਏ ਗਏ। ਸ਼ਹੀਦੀ ਜੱਥੇ ਉਪਰ ਜਿਸ ਸਥਾਨ ਤੇ ਗੋਲੀ ਚਲਾਈ ਗਈ ਸੀ, ਉਸ ਜਗ੍ਹਾ ਉੱਪਰ ਗੁਰਦੁਆਰਾ ਟਿੱਬੀ ਸਾਹਿਬ ਉਸਾਰਿਆ ਗਿਆ ਹੈ ਅਤੇ ਇਸ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਅਖੰਡ ਪਾਠਾਂ ਦੀ ਇਕੋਤਰੀ ਚਲਾਈ ਜਾਂਦੀ ਹੈ ਅਤੇ 21 ਫਰਵਰੀ ਨੂੰ ਸ਼ਹੀਦੀ ਜੋੜ ਮੇਲਾ ਮਨਾਇਆ ਜਾਂਦਾ ਹੈ, ਜਿਸ ਵਿਚ ਸ਼ਾਮਲ ਹੋ ਕੇ ਸੰਗਤਾਂ ਸ਼ਹੀਦਾਂ ਨੂੰ ਨਤਮਸਤਕ ਹੁੰਦੀਆਂ ਹਨ।



# ਹਾਏ! ਲੋਕ ਕੀ ਕਹਿਣਗੇ......

ਸੰਜੀਵ ਸਿੰਘ ਸੈਣੀ
ਮੋਹਾਲੀ: 78889-66168
(Punjab Mail USA)





ਲੋਕ ਕੀ ਕਹਿਣਗੇ! ਇਹ ਗੱਲ ਖ਼ਾਸ ਕਰਕੇ ਸਾਡੇ ਸਮਾਜ ਵਿਚ ਕਈ ਲੋਕਾਂ ਦੀ ਤਰੱਕੀ ਕਰਨ ਵਿਚ ਰੋੜਾ ਬਣਦੀ ਹੈ। ਹੁਣ ਇਹੀ ਗੱਲ ਸੋਚ ਕੇ ਕਈ ਲੋਕ ਆਪਣੀ ਮੰਜ਼ਿਲ ਵੱਲ ਨਹੀਂ ਵੱਧ ਪਾਉਂਦੇ। ਉਨ੍ਹਾਂ ਨੂੰ ਇਹ ਹੁੰਦਾ ਹੈ ਕਿ ਜੇ ਮੈਂ ਇਹ ਕੰਮ ਕਰਾਂਗਾ, ਪਤਾ ਨਹੀਂ ਲੋਕ ਕੀ ਸੋਚਣਗੇ। ਉਹ ਕੰਮ ਕਰੋ, ਜੋ ਤੁਹਾਡੀ ਰੂਹ ਨੂੰ ਵੀ ਸਕੂਨ ਦੇਵੇ। ਉਨ੍ਹਾਂ ਦੇ ਜ਼ਹਿਨ ਵਿਚ ਇਹ ਗੱਲ ਘਰ ਕਰ ਜਾਂਦੀ ਹੈ। ਵਿਚਾਰਨ ਵਾਲੀ ਗੱਲ ਹੈ ਕਿ ਜੇ ਅਸੀਂ ਕੋਈ ਸਹੀ, ਚੰਗਾ ਕੰਮ ਕਰਨਾ ਹੈ, ਅੱਗੇ ਵੱਧਣਾ ਹੈ, ਤਾਂ ਸਾਨੂੰ ਘਬਰਾਉਣ ਦੀ ਕੀ ਲੋੜ ਹੈ? ਕਿਉਂ ਅਸੀਂ ਫਾਲਤੂ ਦੀ ਚਿੰਤਾ ਕਰਦੇ ਹਾਂ। ਟੈਂਸ਼ਨ ਲੈਣ ਨਾਲ ਆਪਣਾ ਦਿਮਾਗ ਖ਼ਰਾਬ ਕਰ ਲੈਂਦੇ ਹਾਂ। ਤੁਸੀਂ ਲੋਕਾਂ ਦੀ ਕਿਉਂ ਪਰਵਾਹ ਕਰਦੇ ਹੋ? ਜੇ ਅਸੀਂ ਕੋਈ ਗ਼ਲਤ ਕੰਮ ਕਰਾਂਗੇ, ਤਾਂ ਲੋਕਾਂ ਦੀ ਪਰਵਾਹ ਕਰੋ। ਕਿ ਸਾਡਾ ਸਮਾਜ ਵਿਚ ਰੁੱਤਬਾ ਘਟੇਗਾ। ਸਾਡੇ ਪਰਿਵਾਰ ਦੀ ਸਮਾਜ ਵਿਚ ਇੱਜ਼ਤ ਨਹੀਂ ਰਹੇਗੀ। ਇਸ ਗੱਲ ਦੀ ਪ੍ਰਵਾਹ ਕਰਨੀ ਚਾਹੀਦੀ ਹੈ। ਚੰਗੇ ਕੰਮਾਂ ਲਈ ਕਦੇ ਵੀ ਸਮਾਜ ਦੀ ਪਰਵਾਹ ਨਾ ਕਰੋ। ਦਿਲ 'ਤੇ ਕਦੇ ਵੀ ਕਿਸੇ ਦੀ ਗੱਲ ਨਾ ਲਗਾਓ।

ਉਦਾਰਣ ਦੇ ਤੌਰ 'ਤੇ ਜੋ ਬੱਚੇ ਸਿਵਲ ਸਰਵਿਸਿਜ਼, ਜਾਂ ਹੋਰ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਹੁੰਦੇ ਹਨ, ਤਕਰੀਬਨ ਉਨ੍ਹਾਂ ਵਿਚੋਂ ਕਈ ਬੱਚੇ ਗਰੀਬ, ਪਿਛੜੇ ਇਲਾਕੇ ਨਾਲ ਸਬੰਧ ਰੱਖਣ ਵਾਲੇ ਹੁੰਦੇ ਹਨ। ਉਨ੍ਹਾਂ ਕੋਲ ਚੰਗੇ ਸਾਧਨਾਂ ਦੀ ਥੋੜ ਹੁੰਦੀ ਹੈ। ਜਦੋਂ ਨਤੀਜਾ ਆਉਂਦਾ ਹੈ, ਤਾਂ ਉਹ ਇੰਟਰਵਿਊ ਦਿੰਦੇ ਹਨ ਕਿ ਉਹ ਘਰ-ਘਰ ਅਖ਼ਬਾਰ ਸੁੱਟਦੇ ਸਨ, ਜਾਂ ਕਿਸੇ ਢਾਬੇ 'ਤੇ ਨੌਕਰੀ ਕਰਦੇ ਸਨ, ਮਜ਼ਦੂਰੀ ਕਰਦੇ ਸਨ, ਜਾਂ ਕਿਸੇ ਕੰਪਨੀ ਵਿਚ ਸਕਿਉਰਿਟੀ ਗਾਰਡ ਦੀ ਨੌਕਰੀ ਕਰਦੇ ਸਨ। ਹਾਲਾਂਕਿ ਲੋਕਾਂ ਨੇ ਬਥੇਰਾ ਉਨ੍ਹਾਂ 'ਤੇ ਕਿੱਚੜ ਸੁਟਿਆ ਹੋਣਾ। ਪਰ ਉਨ੍ਹਾਂ ਨੇ ਕਿਸੇ ਦੀ ਵੀ ਪਰਵਾਹ ਨਹੀਂ ਕੀਤੀ। ਵਿਚਾਰਨ ਵਾਲੀ ਗੱਲ ਹੈ। ਦੇਖੋ, ਉਨ੍ਹਾਂ ਉਮੀਦਵਾਰਾਂ ਨੇ ਟੀਚੇ ਨੂੰ ਪ੍ਰਾਪਤ ਕਰਨ ਲਈ ਸਮਾਜ ਦੀ ਪ੍ਰਵਾਹ ਨਹੀਂ ਕੀਤੀ। ਅਕਸਰ ਦੇਖਿਆ ਜਾਂਦਾ ਹੈ ਕਿ ਗਰੀਬ ਇਨਸਾਨ ਨੂੰ ਹਰ ਕੋਈ ਟਿੱਚਰ ਕਰਦਾ ਹੈ। ਅਜਿਹੀਆਂ ਉਦਾਹਰਣਾਂ ਸਾਡੇ ਸਾਹਮਣੇ ਬਹੁਤ ਹੁੰਦੀਆਂ ਹਨ। ਅਜਿਹੀਆਂ ਉਦਾਹਰਣਾਂ ਕਾਰਨ ਹੀ ਸਾਡੇ ਸਮਾਜ ਵਿਚ ਕਈ ਲੋਕਾਂ ਦੇ ਆਪਣੇ ਆਪ ਮੂੰਹ ਬੰਦ ਹੋ ਜਾਂਦੇ ਹਨ। ਜਦੋਂ ਬੰਦਾ ਮੰਜ਼ਿਲ ਸਰ ਕਰ ਲੈਂਦਾ ਹੈ।

ਪਿੱਛੇ ਜਿਹੇ ਦੇਖਿਆ ਕਿ ਸਰਕਾਰੀ ਦਫਤਰਾਂ ਵਿਚ ਅਫ਼ਸਰ ਸਾਈਕਲ 'ਤੇ ਗਏ। ਬਹੁਤ ਵਧੀਆ ਉਪਰਾਲਾ ਹੈ। ਇਸ ਨਾਲ ਸਿਹਤ ਵੀ ਸਹੀ ਰਹਿੰਦੀ ਹੈ। ਕਸਰਤ ਵੀ ਹੋ ਜਾਂਦੀ ਹੈ। ਹੁਣ ਜੇ ਅਸੀਂ ਆਪਣੇ ਘਰ ਵਿਚ ਕਿਸੇ ਬੰਦੇ ਨੂੰ ਇਹ ਗੱਲ ਕਹਿ ਦੇਈਏ ਕਿ ਜਾਂ ਮਾਰਕੀਟ ਤੋਂ ਸਾਈਕਲ 'ਤੇ ਜਾ ਕੇ ਸਾਮਾਨ ਲੈ ਆ। ਅੱਗੋਂ ਜਵਾਬ ਮਿਲਦਾ ਹੈ ਕਿ ਲੈ ਤੈਨੂੰ ਪਤਾ, ਲੋਕ ਕੀ ਕਹਿਣਗੇ? ਲੋਕ ਸੋਚਣਗੇ ਕਿ ਇਨ੍ਹਾਂ ਕੋਲ ਗੱਡੀ ਵਿਚ ਤੇਲ ਪਵਾਉਣ ਲਈ ਪੈਸੇ ਨਹੀਂ ਹੋਣਗੇ, ਤਾਂ ਹੀ ਸਾਈਕਲ 'ਤੇ ਜਾ ਰਿਹਾ ਹੈ। ਦੇਖੋ ਤੁਹਾਨੂੰ ਲੋਕਾਂ ਦੀ ਫ਼ਿਕਰ ਪਹਿਲਾਂ ਪੈ ਗਈ। ਪੱਛਮੀ ਸੱਭਿਅਤਾ ਦਾ ਬਹੁਤ ਜ਼ਿਆਦਾ ਬੋਲਬਾਲਾ ਹੈ। ਦਿਖਾਵੇ ਦੀ ਹੋੜ ਬਹੁਤ ਜ਼ਿਆਦਾ ਹੈ। ਇੱਕ ਦੂਜੇ ਨੂੰ ਨੀਵਾਂ ਦਿਖਾਉਣ ਦੀ ਹੋੜ ਲੱਗੀ ਹੋਈ ਹੈ। ਜੇ ਫਲਾਣੇ ਬੰਦੇ ਨੇ ਪਿੰਡ ਵਿਚ ਮਹਿੰਗੇ ਮੈਰਿਜ਼ ਪੈਲੇਸ ਵਿਚ ਵਿਆਹ ਕਰਿਆ, ਤਾਂ ਮੈਂ ਕਿਉਂ ਪਿੱਛੇ ਰਹਾਂ। ਚਾਹੇ ਕਰਜ਼ਾ ਚੁੱਕਣਾ ਪੈ ਜਾਏ। ਲੋਕ ਕੀ ਸੋਚਣਗੇ ਕਿ ਇਕੱਲਾ ਮੁੰਡਾ ਸੀ, ਪਿੰਡ ਦੇ ਜੰਝ ਘਰ ਵਿਚ ਹੀ ਵਿਆਹ ਕਰ ਦਿੱਤਾ। ਪੈਸੇ ਬਚਾ ਲਏ। ਫ਼ੋਕੀ ਸ਼ੁਹਰਤ, ਵਾਹ-ਵਾਹ ਕਰਾਉਣ ਲਈ ਕਰਜ਼ਈ ਜ਼ਰੂਰ ਹੋਣਾ। ਲੋਕਾਂ ਨੇ ਤਾਂ ਖਾ-ਪੀ ਕੇ ਨਿਕਲ ਜਾਣਾ। ਠੀਕ ਇਸੇ ਤਰ੍ਹਾਂ ਜੇ ਮੈਂ ਵਿਆਹ ਵਿਚ ਦਾਰੂ-ਮੀਟ ਨਹੀਂ ਪਿਆਉਦਾਂ, ਤਾਂ ਲੋਕ ਕੀ ਕਹਿਣਗੇ। ਜੇ ਮੈਂ ਵਿਆਹ ਵਿਚ ਲੰਬਾ ਕੋਟ ਪਾ ਲਿਆ, ਤਾਂ ਲੋਕ ਕੀ ਕਹਿਣਗੇ। ਕਹਿਣ ਦਾ ਮਤਲਬ ਹੈ ਕਿ ਤੁਹਾਨੂੰ ਪਹਿਲਾਂ ਲੋਕਾਂ ਦੀ ਫ਼ਿਕਰ ਹੈ। ਰੋਟੀ ਤੁਹਾਨੂੰ ਲੋਕਾਂ ਨੇ ਨਹੀਂ ਦੇਣੀ। ਮਿਹਨਤ ਕਰਕੇ ਹੀ ਤੁਹਾਨੂੰ ਰੋਟੀ ਮਿਲੇਗੀ। ਅਕਸਰ ਜੇ ਕੋਈ ਬੰਦਾ ਟੈਂਟਾ ਦਾ ਕੰਮ ਸ਼ੁਰੂ ਕਰਨਾ ਚਾਹੁੰਦਾ ਹੈ, ਤਾਂ ਪਰਿਵਾਰ ਵਿਚ ਸਲਾਹ ਲਈ ਜਾਂਦੀ ਹੈ ਕਿ ਮੈਂ ਇਹ ਕੰਮ ਕਰਨਾ ਹੈ। ਕਈ ਵਾਰ ਪਰਿਵਾਰਕ ਮੈਂਬਰ ਹੀ ਕਹਿਣ ਲੱਗ ਜਾਂਦੇ ਨੇ, ਲੈ ਤੂੰ ਝੂਠੇ ਭਾਂਡੇ ਮਾਂਜੇਗਾ। ਸਮਾਜ ਵਿਚ ਸਾਡੀ ਇੱਜ਼ਤ ਹੈ। ਲੋਕ ਕੀ ਕਹਿਣਗੇ? ਕੰਮ ਕੋਈ ਛੋਟਾ-ਵੱਡਾ ਨਹੀਂ ਹੁੰਦਾ। ਲੋਕਾਂ ਨੇ ਤੁਹਾਨੂੰ ਖਾਣ ਨੂੰ ਨਹੀਂ ਦੇਣਾ। ਅਜਿਹੀਆਂ ਗੱਲਾਂ ਕਾਰਨ ਉਸ ਇਨਸਾਨ ਦਾ ਹੌਂਸਲਾ ਟੁੱਟ ਜਾਂਦਾ ਹੈ। ਦੇਖਣ ਵਿਚ ਆਉਂਦਾ ਹੈ ਕਿ ਪਰਿਵਾਰ ਵਿਚ ਜੋ ਬੱਚਾ ਕੰਮਕਾਜ ਸ਼ੁਰੂ ਕਰਨਾ ਚਾਹੁੰਦਾ ਹੈ, ਉਸ ਨੂੰ ਟੋਕ ਦਿੱਤਾ ਜਾਂਦਾ ਹੈ।

ਕਈ ਕੰਮਾਂ ਵਿਚ ਲੋਕਾਂ ਦੀ ਪ੍ਰਵਾਹ ਕਰਨੀ ਚਾਹੀਦੀ ਹੈ, ਜਿਵੇਂ ਅਸੀਂ ਜੇ ਆਪਣੇ ਘਰ ਦੇ ਬਜ਼ੁਰਗਾਂ ਦੀ ਕਦਰ ਨਹੀਂ ਕਰਾਂਗੇ। ਅੱਜਕੱਲ੍ਹ ਬਜ਼ੁਰਗਾਂ ਦੀ ਬਹੁਤ ਬੇਕਦਰੀ ਹੋ ਰਹੀ ਹੈ। ਇਸ ਗੱਲ ਦੀ ਪ੍ਰਵਾਹ ਕਰਨੀ ਚਾਹੀਦੀ ਹੈ ਕਿ ਜੇ ਮੈਂ ਆਪਣੇ ਘਰ ਦੇ ਬਜ਼ੁਰਗਾਂ ਦਾ ਆਦਰ-ਸਤਿਕਾਰ ਨਹੀਂ ਕਰਾਂਗਾ, ਤਾਂ ਲੋਕ ਕੀ ਸੋਚਣਗੇ? ਨਸ਼ਿਆਂ ਦਾ ਸੇਵਨ ਕਰਾਂਗੇ। ਕਿਸੇ ਨਾਲ ਠੱਗੀ ਮਾਰਾਂਗੇ। ਉਧਾਰ ਲਿਆ ਪੈਸਾ ਵਾਪਿਸ ਨਹੀਂ ਕਰਾਂਗਾ। ਕਿਸੇ ਨੂੰ ਉੱਚਾ ਬੋਲ ਬੋਲਾਂਗੇ। ਅਜਿਹੀਆਂ ਗੱਲਾਂ ਦੀ ਸਾਨੂੰ ਲੋਕਾਂ ਦੀ ਪ੍ਰਵਾਹ ਕਰਨੀ ਚਾਹੀਦੀ ਹੈ। ਕੰਮ ਓਹੀ ਕਰੋ, ਜੋ ਤਹਾਨੂੰ ਚੰਗਾ ਲੱਗੇ। ਚੰਗਾ ਕੰਮ ਕਰਦਿਆਂ ਕਦੇ ਵੀ ਕਿਸੇ ਦੀ ਪਰਵਾਹ ਨਾ ਕਰੋ। ਆਪ ਵੀ ਕਦੇ ਕਿਸੇ ਨੂੰ ਟਿੱਚਰ ਨਾ ਕਰੋ। ਜੇ ਮਾੜਾ ਕੰਮ ਕਰਾਂਗੇ, ਤਾਂ ਫ਼ਿਰ ਲੋਕਾਂ ਦੀਆਂ ਸੁਣਨੀਆਂ ਪੈਣਗੀਆਂ। ਉਨ੍ਹਾਂ ਦੀ ਵੀ ਸੁਣਨੀ ਪਵੇਗੀ, ਜਿਨ੍ਹਾਂ ਦੇ ਮੂੰਹ ਵਿਚ ਜ਼ੁਬਾਨ ਵੀ ਨਹੀਂ ਹੁੰਦੀ।

# ਪੰਚਾਇਤਾਂ ਦੀ ਰਾਖੀ, ਪੇਂਡੂ ਵਿਕਾਸ ਠੱਪ ਹੋ ਗਿਆ

*ਰਾਜ ਸਰਕਾਰਾਂ ਸਥਾਨਕ ਸਰਕਾਰਾਂ ਨੂੰ ਸਥਾਨਕ ਨੌਕਰਸ਼ਾਹੀ ਰਾਹੀਂ ਬੰਨ੍ਹਦੀਆਂ ਹਨ। ਉਦਾਹਰਨ ਲਈ, ਪਬਲਿਕ ਵਰਕਸ ਪ੍ਰੋਜੈਕਟਾਂ ਦੀ ਮਨਜ਼ੂਰੀ ਲਈ ਅਕਸਰ ਪੇਂਡੂ ਵਿਕਾਸ ਵਿਭਾਗ ਦੇ ਸਥਾਨਕ ਅਧਿਕਾਰੀਆਂ ਤੋਂ ਤਕਨੀਕੀ ਪ੍ਰਵਾਨਗੀ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਦੀ ਲੋੜ ਹੁੰਦੀ ਹੈ, ਸਰਪੰਚਾਂ ਲਈ ਇੱਕ ਮੁਸ਼ਕਲ ਪ੍ਰਕਿਰਿਆ ਹੈ, ਜਿਸ ਲਈ ਸਰਕਾਰੀ ਦਫ਼ਤਰਾਂ ਵਿਚ ਵਾਰ-ਵਾਰ ਜਾਣਾ ਪੈਂਦਾ ਹੈ। ਸਰਪੰਚਾਂ ਦੀ ਸਥਾਨਕ ਸਟਾਫ਼ ਉੱਤੇ ਪ੍ਰਬੰਧਕੀ ਨਿਯੰਤਰਣ ਵਰਤਣ ਦੀ ਸਮਰੱਥਾ ਸੀਮਤ ਹੈ। ਬਹੁਤ ਸਾਰੇ ਰਾਜਾਂ ਵਿਚ, ਪੰਚਾਇਤ ਨੂੰ ਰਿਪੋਰਟ ਕਰਨ ਵਾਲੇ ਸਥਾਨਕ ਕਾਰਜਕਰਤਾ, ਜਿਵੇਂ ਕਿ ਪਿੰਡ ਦੇ ਚੌਂਕੀਦਾਰ ਜਾਂ ਸਫਾਈ ਕਰਮਚਾਰੀ, ਨੂੰ ਜ਼ਿਲ੍ਹਾ ਜਾਂ ਬਲਾਕ ਪੱਧਰ 'ਤੇ ਭਰਤੀ ਕੀਤਾ ਜਾਂਦਾ ਹੈ। ਅਕਸਰ ਸਰਪੰਚ ਕੋਲ ਇਨ੍ਹਾਂ ਸਥਾਨਕ ਪੱਧਰ ਦੇ ਮੁਲਾਜ਼ਮਾਂ ਨੂੰ ਬਰਖਾਸਤ ਕਰਨ ਦੀ ਤਾਕਤ ਵੀ ਨਹੀਂ ਹੁੰਦੀ। - ਡਾ: ਸਤਿਆਵਾਨ ਸੌਰਭ*

-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)





ਅੱਜਕੱਲ੍ਹ ਅਜਿਹੀਆਂ ਖਬਰਾਂ ਸੁਣਨ ਅਤੇ ਪੜ੍ਹਨ ਨੂੰ ਮਿਲ ਰਹੀਆਂ ਹਨ ਕਿ ਦੇਸ਼ ਦੇ ਕਿਸੇ ਪਿੰਡ ਦੇ ਸਰਪੰਚ ਨੇ ਕਰਜ਼ੇ ਕਾਰਨ ਖੁਦਕੁਸ਼ੀ ਕਰ ਲਈ ਹੈ। ਅਜਿਹਾ ਕਿਉਂ ਹੋ ਰਿਹਾ ਹੈ? ਭਾਰਤ ਦੀ ਪੰਚਾਇਤੀ ਰਾਜ ਪ੍ਰਣਾਲੀ ਵਿਚ, ਪਿੰਡ ਜਾਂ ਛੋਟੇ ਕਸਬੇ ਪੱਧਰ 'ਤੇ ਇੱਕ ਗ੍ਰਾਮ ਪੰਚਾਇਤ ਜਾਂ ਗ੍ਰਾਮ ਸਭਾ ਹੁੰਦੀ ਹੈ, ਜੋ ਭਾਰਤ ਦੇ ਸਥਾਨਕ ਸਵੈ-ਸ਼ਾਸਨ ਦਾ ਇੱਕ ਪ੍ਰਮੁੱਖ ਹਿੱਸਾ ਹੈ। ਸਰਪੰਚ ਗ੍ਰਾਮ ਸਭਾ ਦਾ ਚੁਣਿਆ ਹੋਇਆ ਸਰਵਉੱਚ ਨੁਮਾਇੰਦਾ ਹੈ। ਪ੍ਰਾਚੀਨ ਕਾਲ ਤੋਂ ਹੀ ਭਾਰਤ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਜੀਵਨ ਵਿਚ ਪੰਚਾਇਤ ਦਾ ਅਹਿਮ ਸਥਾਨ ਰਿਹਾ ਹੈ। ਜਨਤਕ ਜੀਵਨ ਦੇ ਹਰ ਪਹਿਲੂ ਨੂੰ ਇਸ ਦੁਆਰਾ ਨਿਯੰਤਰਿਤ ਕੀਤਾ ਗਿਆ ਸੀ। ਇਸ ਸਮੇਂ ਈ-ਪੰਚਾਇਤ ਦੇ ਵਿਰੋਧ 'ਚ ਹਰਿਆਣਾ ਰਾਜ ਭਰ ਦੀਆਂ ਗ੍ਰਾਮ ਪੰਚਾਇਤਾਂ 'ਚ ਗ੍ਰਾਮ ਸਕੱਤਰ ਧਰਨੇ ਲਗਾ ਰਹੇ ਹਨ ਅਤੇ ਬੀ.ਡੀ.ਪੀ.ਓ. ਦਫਤਰਾਂ ਨੂੰ ਤਾਲੇ ਲਗਾਏ ਜਾ ਰਹੇ ਹਨ, ਸਰਕਾਰ ਗ੍ਰਾਮ ਪੰਚਾਇਤਾਂ 'ਚ ਈ-ਸਿਸਟਮ ਸ਼ੁਰੂ ਕਰਨ ਜਾ ਰਹੀ ਹੈ। ਹਰਿਆਣਾ ਦੇ ਸਰਪੰਚਾਂ ਦਾ ਕਹਿਣਾ ਹੈ ਕਿ ਗ੍ਰਾਮ ਪੰਚਾਇਤ ਵਿਚ ਅਜਿਹੀ ਵਿਵਸਥਾ ਨਹੀਂ ਚੱਲੇਗੀ। ਅਜਿਹੀ ਸਥਿਤੀ ਵਿਚ ਪਿੰਡਾਂ ਦੇ ਵਿਕਾਸ ਕਾਰਜ ਪ੍ਰਭਾਵਿਤ ਹੋਣਗੇ। ਜੇਕਰ ਵਿਕਾਸ ਕਾਰਜ ਨਾ ਕਰਵਾਏ ਗਏ, ਤਾਂ ਪਿੰਡ ਵਾਸੀ ਵੀ ਸੜਕਾਂ 'ਤੇ ਆਉਣਗੇ।

ਭਾਰਤੀ ਸੰਵਿਧਾਨ ਵਿਚ 73ਵੀਂ ਸੰਵਿਧਾਨਕ ਸੋਧ ਰਾਹੀਂ ਪੰਚਾਇਤੀ ਰਾਜ ਪ੍ਰਣਾਲੀ ਰਾਹੀਂ ਪੇਂਡੂ ਖੇਤਰਾਂ ਦੇ ਵਿਕਾਸ ਲਈ ਸਥਾਨਕ ਲੋਕਾਂ ਦੀ ਭਾਗੀਦਾਰੀ ਦਾ ਉਪਬੰਧ ਕੀਤਾ ਗਿਆ ਹੈ। 73ਵੇਂ ਅਤੇ 74ਵੇਂ ਸੰਵਿਧਾਨਕ ਸੋਧ ਐਕਟਾਂ ਤੋਂ ਬਾਅਦ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਬਾਅਦ, ਰਾਜ ਸਰਕਾਰਾਂ, ਸਥਾਨਕ ਨੌਕਰਸ਼ਾਹਾਂ ਰਾਹੀਂ, ਪੰਚਾਇਤਾਂ 'ਤੇ ਕਾਫ਼ੀ ਅਖਤਿਆਰੀ ਸ਼ਕਤੀ ਅਤੇ ਪ੍ਰਭਾਵ ਦੀ ਵਰਤੋਂ ਕਰਨਾ ਜਾਰੀ ਰੱਖਦੀਆਂ ਹਨ। ਭਾਰਤ ਵਿਚ, ਸਥਾਨਕ ਚੁਣੇ ਹੋਏ ਅਧਿਕਾਰੀਆਂ (ਜਿਵੇਂ ਕਿ ਤੇਲੰਗਾਨਾ ਵਿਚ ਸਰਪੰਚ) ਦੀਆਂ ਸ਼ਕਤੀਆਂ ਰਾਜ ਸਰਕਾਰਾਂ ਅਤੇ ਸਥਾਨਕ ਨੌਕਰਸ਼ਾਹਾਂ ਦੁਆਰਾ ਬਹੁਤ ਸਾਰੇ ਤਰੀਕਿਆਂ ਨਾਲ ਬੁਰੀ ਤਰ੍ਹਾਂ ਸੀਮਤ ਹਨ, ਜੋ ਸਥਾਨਕ ਤੌਰ 'ਤੇ ਚੁਣੇ ਗਏ ਅਧਿਕਾਰੀਆਂ ਨੂੰ ਸ਼ਕਤੀਕਰਨ ਲਈ ਸੰਵਿਧਾਨਕ ਸੋਧਾਂ ਦੀ ਭਾਵਨਾ ਨੂੰ ਕਮਜ਼ੋਰ ਕਰਦੀਆਂ ਹਨ।

ਗ੍ਰਾਮ ਪੰਚਾਇਤਾਂ ਆਰਥਿਕ ਤੌਰ 'ਤੇ ਰੋਜ਼ਾਨਾ ਦੇ ਕੰਮਾਂ ਲਈ ਰਾਜ ਅਤੇ ਕੇਂਦਰ ਦੀਆਂ ਗ੍ਰਾਂਟਾਂ (ਅਖਤਿਆਰੀ ਅਤੇ ਗੈਰ-ਅਖਤਿਆਰੀ ਗ੍ਰਾਂਟਾਂ) 'ਤੇ ਨਿਰਭਰ ਹਨ। ਮੋਟੇ ਤੌਰ 'ਤੇ, ਪੰਚਾਇਤਾਂ ਕੋਲ ਫੰਡਿੰਗ ਦੇ ਤਿੰਨ ਮੁੱਖ ਸਰੋਤ ਹੁੰਦੇ ਹਨ - ਉਨ੍ਹਾਂ ਦੇ ਆਪਣੇ ਮਾਲੀਏ ਦੇ ਸਰੋਤ (ਸਥਾਨਕ ਟੈਕਸ, ਸਾਂਝੇ ਸੰਪਤੀ ਸਰੋਤਾਂ ਤੋਂ ਮਾਲੀਆ, ਆਦਿ) ਕੇਂਦਰ ਅਤੇ ਰਾਜ ਸਰਕਾਰਾਂ ਤੋਂ ਸਹਾਇਤਾ ਪ੍ਰਾਪਤ ਸਹਾਇਤਾ ਅਤੇ ਅਖਤਿਆਰੀ ਜਾਂ ਯੋਜਨਾ-ਆਧਾਰਿਤ ਫੰਡ। ਇਸਦੇ ਆਪਣੇ ਮਾਲੀਏ ਦੇ ਸਰੋਤ (ਟੈਕਸ ਅਤੇ ਗੈਰ-ਟੈਕਸ ਦੋਵੇਂ) ਕੁੱਲ ਪੰਚਾਇਤ ਫੰਡਾਂ ਦਾ ਇੱਕ ਛੋਟਾ ਜਿਹਾ ਹਿੱਸਾ ਬਣਾਉਂਦੇ ਹਨ। ਪੰਚਾਇਤਾਂ ਲਈ ਅਖਤਿਆਰੀ ਗ੍ਰਾਂਟਾਂ ਤੱਕ ਪਹੁੰਚ ਸਿਆਸੀ ਅਤੇ ਨੌਕਰਸ਼ਾਹੀ ਸਬੰਧਾਂ 'ਤੇ ਨਿਰਭਰ ਕਰਦੀ ਹੈ।

ਪੰਚਾਇਤੀ ਖਾਤਿਆਂ ਵਿਚ ਮਨਜ਼ੂਰ ਫੰਡ ਟਰਾਂਸਫਰ ਕਰਨ ਵਿਚ ਬੇਲੋੜੀ ਦੇਰੀ ਸਥਾਨਕ ਵਿਕਾਸ ਨੂੰ ਰੋਕਦੀ ਹੈ। ਉਨ੍ਹਾਂ ਨੂੰ ਅਲਾਟ ਕੀਤੇ ਫੰਡਾਂ ਦੀ ਵਰਤੋਂ ਕਿਵੇਂ ਕਰਨੀ ਹੈ, ਇਸ 'ਤੇ ਵੀ ਸਖ਼ਤ ਪਾਬੰਦੀਆਂ ਹਨ। ਰਾਜ ਸਰਕਾਰਾਂ ਅਕਸਰ ਪੰਚਾਇਤ ਫੰਡਾਂ ਰਾਹੀਂ ਵੱਖ-ਵੱਖ ਖਰਚਿਆਂ 'ਤੇ ਖਰਚ ਸੀਮਾਵਾਂ ਲਗਾ ਦਿੰਦੀਆਂ ਹਨ। ਹਾਲ ਹੀ ਦੀ ਤਰ੍ਹਾਂ ਹਰਿਆਣਾ ਸਰਕਾਰ ਗ੍ਰਾਮ ਪੰਚਾਇਤਾਂ ਵਿਚ ਈ-ਸਿਸਟਮ ਸ਼ੁਰੂ ਕਰਨ ਜਾ ਰਹੀ ਹੈ। ਇਸ ਤਰ੍ਹਾਂ ਦਾ ਸਿਸਟਮ ਗ੍ਰਾਮ ਪੰਚਾਇਤ ਵਿਚ ਕੰਮ ਨਹੀਂ ਕਰੇਗਾ। ਅਜਿਹੀ ਸਥਿਤੀ ਵਿਚ ਪਿੰਡਾਂ ਦੇ ਵਿਕਾਸ ਕਾਰਜ ਪ੍ਰਭਾਵਿਤ ਹੋਣਗੇ। ਜੇਕਰ ਵਿਕਾਸ ਕਾਰਜ ਨਾ ਕਰਵਾਏ ਗਏ ਤਾਂ ਪਿੰਡ ਵਾਸੀ ਵੀ ਸੜਕਾਂ 'ਤੇ ਆਉਣਗੇ। ਪੰਚਾਇਤ ਫੰਡ ਖਰਚ ਕਰਨ ਲਈ ਦੋਹਰੇ ਅਧਿਕਾਰ ਪ੍ਰਦਾਨ ਕਰਦੀ ਹੈ। ਸਰਪੰਚਾਂ ਦੇ ਨਾਲ ਵੀ ਅਦਾਇਗੀਆਂ ਲਈ ਅਫਸਰਸ਼ਾਹੀ ਦੀ ਸਹਿਮਤੀ ਦੀ ਲੋੜ ਹੁੰਦੀ ਹੈ। ਪੰਚਾਇਤ ਫੰਡ ਵਿੱਚੋਂ ਭੁਗਤਾਨ ਲਈ ਜਾਰੀ ਕੀਤੇ ਗਏ ਚੈੱਕ 'ਤੇ ਸਰਪੰਚ ਅਤੇ ਪੰਚਾਇਤ ਸਕੱਤਰ ਨੂੰ ਸਹਿ-ਹਸਤਾਖਰ ਕਰਨੇ ਚਾਹੀਦੇ ਹਨ।


ਰਾਜ ਸਰਕਾਰਾਂ ਸਥਾਨਕ ਸਰਕਾਰਾਂ ਨੂੰ ਸਥਾਨਕ ਨੌਕਰਸ਼ਾਹੀ ਰਾਹੀਂ ਬੰਨ੍ਹਦੀਆਂ ਹਨ। ਉਦਾਹਰਨ ਲਈ, ਪਬਲਿਕ ਵਰਕਸ ਪ੍ਰੋਜੈਕਟਾਂ ਦੀ ਮਨਜ਼ੂਰੀ ਲਈ ਅਕਸਰ ਪੇਂਡੂ ਵਿਕਾਸ ਵਿਭਾਗ ਦੇ ਸਥਾਨਕ ਅਧਿਕਾਰੀਆਂ ਤੋਂ ਤਕਨੀਕੀ ਪ੍ਰਵਾਨਗੀ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਦੀ ਲੋੜ ਹੁੰਦੀ ਹੈ, ਸਰਪੰਚਾਂ ਲਈ ਇੱਕ ਮੁਸ਼ਕਲ ਪ੍ਰਕਿਰਿਆ ਹੈ, ਜਿਸ ਲਈ ਸਰਕਾਰੀ ਦਫ਼ਤਰਾਂ ਵਿਚ ਵਾਰ-ਵਾਰ ਜਾਣਾ ਪੈਂਦਾ ਹੈ। ਸਰਪੰਚਾਂ ਦੀ ਸਥਾਨਕ ਸਟਾਫ਼ ਉੱਤੇ ਪ੍ਰਬੰਧਕੀ ਨਿਯੰਤਰਣ ਵਰਤਣ ਦੀ ਸਮਰੱਥਾ ਸੀਮਤ ਹੈ। ਬਹੁਤ ਸਾਰੇ ਰਾਜਾਂ ਵਿਚ, ਪੰਚਾਇਤ ਨੂੰ ਰਿਪੋਰਟ ਕਰਨ ਵਾਲੇ ਸਥਾਨਕ ਕਾਰਜਕਰਤਾ, ਜਿਵੇਂ ਕਿ ਪਿੰਡ ਦੇ ਚੌਂਕੀਦਾਰ ਜਾਂ ਸਫਾਈ ਕਰਮਚਾਰੀ, ਨੂੰ ਜ਼ਿਲ੍ਹਾ ਜਾਂ ਬਲਾਕ ਪੱਧਰ 'ਤੇ ਭਰਤੀ ਕੀਤਾ ਜਾਂਦਾ ਹੈ। ਅਕਸਰ ਸਰਪੰਚ ਕੋਲ ਇਨ੍ਹਾਂ ਸਥਾਨਕ ਪੱਧਰ ਦੇ ਮੁਲਾਜ਼ਮਾਂ ਨੂੰ ਬਰਖਾਸਤ ਕਰਨ ਦੀ ਤਾਕਤ ਵੀ ਨਹੀਂ ਹੁੰਦੀ।

ਦੂਜੇ ਪੱਧਰਾਂ 'ਤੇ ਚੁਣੇ ਹੋਏ ਅਧਿਕਾਰੀਆਂ ਦੇ ਉਲਟ, ਸਰਪੰਚਾਂ ਨੂੰ ਅਹੁਦੇ 'ਤੇ ਰਹਿੰਦੇ ਹੋਏ ਬਰਖਾਸਤ ਕੀਤਾ ਜਾ ਸਕਦਾ ਹੈ। ਕਈ ਰਾਜਾਂ ਵਿਚ ਗ੍ਰਾਮ ਪੰਚਾਇਤ ਐਕਟਾਂ ਨੇ ਜ਼ਿਲ੍ਹਾ ਪੱਧਰੀ ਨੌਕਰਸ਼ਾਹਾਂ, ਜ਼ਿਆਦਾਤਰ ਜ਼ਿਲ੍ਹਾ ਕੁਲੈਕਟਰਾਂ ਨੂੰ ਅਧਿਕਾਰਤ ਦੁਰਵਿਹਾਰ ਲਈ ਸਰਪੰਚਾਂ ਵਿਰੁੱਧ ਕਾਰਵਾਈ ਕਰਨ ਦਾ ਅਧਿਕਾਰ ਦਿੱਤਾ ਹੈ। ਦੇਸ਼ ਭਰ ਵਿਚ, ਨੌਕਰਸ਼ਾਹਾਂ ਵੱਲੋਂ ਸਰਪੰਚਾਂ ਨੂੰ ਅਹੁਦੇ ਤੋਂ ਬਰਖਾਸਤ ਕਰਨ ਦੇ ਫੈਸਲੇ ਲੈਣ ਦੀਆਂ ਬਾਕਾਇਦਾ ਉਦਾਹਰਣਾਂ ਹਨ। ਹਾਲ ਹੀ ਦੇ ਸਾਲਾਂ ਵਿਚ ਹੋਰ ਸਰਪੰਚਾਂ ਨੂੰ ਅਹੁਦੇ ਤੋਂ ਬਰਖਾਸਤ ਕੀਤਾ ਗਿਆ ਹੈ। ਸਾਰਥਕ ਵਿਕੇਂਦਰੀਕਰਨ ਲਈ ਸਰਪੰਚਾਂ ਨੂੰ ਪ੍ਰਬੰਧਕੀ ਜਾਂ ਵਿੱਤੀ ਖੁਦਮੁਖਤਿਆਰੀ ਦੀ ਲੋੜ ਹੁੰਦੀ ਹੈ। ਪੰਚਾਇਤਾਂ ਦੇ ਮੰਤਰਾਲੇ ਨੂੰ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਦੇ ਜਾਰੀ ਹੋਣ ਅਤੇ ਖਰਚੇ ਦੀ ਨਿਗਰਾਨੀ ਕਰਨੀ ਚਾਹੀਦੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਨ੍ਹਾਂ ਦੇ ਜਾਰੀ ਕਰਨ ਵਿਚ ਕੋਈ ਦੇਰੀ ਨਾ ਹੋਵੇ। ਪੰਚਾਇਤਾਂ ਨੂੰ ਨਿਯਮਿਤ ਤੌਰ 'ਤੇ ਸਥਾਨਕ ਆਡਿਟ ਕਰਵਾਉਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਵਿੱਤ ਕਮਿਸ਼ਨ ਦੀਆਂ ਗ੍ਰਾਂਟਾਂ ਵਿਚ ਦੇਰੀ ਨਾ ਹੋਵੇ। ਪੰਚਾਇਤ ਮੰਤਰਾਲੇ ਨੂੰ ਪੰਚਾਇਤਾਂ ਦੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣ ਲਈ ਸਹਾਇਕ ਅਤੇ ਤਕਨੀਕੀ ਸਟਾਫ ਦੀ ਭਰਤੀ ਅਤੇ ਤਾਇਨਾਤੀ ਲਈ ਗੰਭੀਰ ਯਤਨ ਕਰਨੇ ਚਾਹੀਦੇ ਹਨ। ਸਮਰੱਥਾ ਨਿਰਮਾਣ ਅਤੇ ਸਿਖਲਾਈ ਰਾਹੀਂ ਪੰਚਾਇਤਾਂ ਨੂੰ ਮਜ਼ਬੂਤ ਕਰਨ ਲਈ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਹੋਰ ਉਤਸ਼ਾਹ ਦਿੱਤਾ ਜਾਣਾ ਚਾਹੀਦਾ ਹੈ। ਇਸ ਨਾਲ ਉਹ ਬਿਹਤਰ ਗ੍ਰਾਮ ਪੰਚਾਇਤ ਵਿਕਾਸ ਯੋਜਨਾਵਾਂ ਤਿਆਰ ਕਰਨ ਦੇ ਨਾਲ-ਨਾਲ ਨਾਗਰਿਕਾਂ ਦੀਆਂ ਲੋੜਾਂ ਪ੍ਰਤੀ ਵਧੇਰੇ ਜਵਾਬਦੇਹ ਬਣ ਸਕਣਗੇ।

ਰਾਜ ਸਰਕਾਰਾਂ ਨੂੰ ਉਨ੍ਹਾਂ ਦੇ ਸਬੰਧਤ ਗ੍ਰਾਮ ਪੰਚਾਇਤ ਕਾਨੂੰਨਾਂ ਦੇ ਉਪਬੰਧਾਂ ਦੀ ਮੁੜ ਜਾਂਚ ਕਰਨ ਅਤੇ ਫੰਡਾਂ, ਕਾਰਜਾਂ ਅਤੇ ਕਾਰਜਕਾਰੀਆਂ ਨੂੰ ਸਥਾਨਕ ਸਰਕਾਰਾਂ ਨੂੰ ਵਧੇਰੇ ਸੌਂਪਣ ਬਾਰੇ ਵਿਚਾਰ ਕਰਨ ਲਈ ਇੱਕ ਜਾਗਦਾ ਕਾਲ।

# ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
(Punjab Mail USA)





ਇਹ ਮਹਾਂਵਾਕ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾਂ ਵੱਲੋਂ ਉਚਾਰਿਆ ਹੋਇਆ ਹੈ, ਜਿਸ ਦੇ ਅਰਥ ਹਨ ਕਿ ਸਚੁ ਸਭ ਤੋਂ ਉੱਤਮ ਹੈ, ਪਰ ਆਚਾਰੁ ਸਚੁ ਤੋਂ ਵੀ ਉਪਰ ਹੈ। ਆਚਾਰ ਦੇ ਅਰਥ ਹਨ ਮਨੁੱਖੀ ਸ਼ਖਸੀਅਤ ਦੇ ਗੁਣ। ਗੁਰੂ ਜੀ ਨੇ ਮਨੁੱਖੀ ਗੁਣਾਂ ਵਿਚੋਂ ਆਚਾਰੁ ਨੂੰ ਸਭ ਤੋਂ ਉੱਤਮ ਮੰਨਿਆ ਹੈ ਕਿਉਂਕਿ ਆਚਾਰੁ ਦਾ ਸੰਬੰਧ ਸ਼ੁੱਭ ਅਮਲਾਂ ਨਾਲ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ ਕਿ ਸ਼ੁੱਭ ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤਿ ਕਿਸੇ ਪੁੱਛਣੀ ਨਹੀਂ। ਜਦੋਂ ਗੁਰੂ ਜੀ ਨੂੰ ਕਾਜ਼ੀਆਂ ਨੇ ਪੁੱਛਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, "ਸ਼ੁਭ ਅਮਲਾ ਬਾਝਹੁ ਦੋਨੋਂ ਰੋਈ।" ਇਸ ਲਈ ਮਨੁੱਖ ਦੇ ਕੰਮ ਚੰਗੇ ਹੋਣੇ ਚਾਹੀਦੇ ਹਨ। ਕਦੀ ਵੀ ਕੋਈ ਗਲਤ ਕੰਮ ਨਾ ਕਰੋ, ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ "ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥" ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥" ਕਿਸੇ ਦਾ ਬੁਰਾ ਨਾ ਕਰੋ ਅਤੇ ਜਿੰਨਾ ਹੋ ਸਕੇ, ਦੂਜੇ ਦਾ ਭਲਾ ਕਰੋ। ਕਰ ਭਲਾ, ਹੋ ਭਲਾ, ਅੰਤ ਭਲੇ ਦਾ ਭਲਾ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਹੈ, "ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛੱਕਣਾ"। ਐੱਸ.ਟੀ. ਕੋਲਰੇਜ ਆਖਦੇ ਹਨ ਕਿ ਉਹ ਮਨੁੱਖ ਭਗਤ ਹੈ ਅਤੇ ਧਰਮੀ ਹੈ, ਜਿਹੜਾ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਬੰਦਿਆਂ ਨੂੰ ਪਿਆਰ ਕਰਦਾ ਹੈ। ਕੁੱਝ ਬੰਦੇ ਦੇਖਣ ਨੂੰ ਬੰਦੇ ਲੱਗਦੇ ਹਨ, ਪਰ ਵਿਚੋਂ ਉਹ ਪਸ਼ੂਆਂ ਤੋਂ ਵੀ ਮਾੜੇ ਹੁੰਦੇ ਹਨ, ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, "ਕਰਤੂਤਿ ਪਸੂ ਕੀ ਮਾਨਸ ਜਾਤਿ॥" ਇਕ ਵਧੀਆ ਅਧਿਆਪਕ, ਵਧੀਆ ਲੇਖਕ, ਵਧੀਆ ਡਾਕਟਰ, ਵਧੀਆ ਗਾਇਕ ਅਤੇ ਵਧੀਆ ਗੀਤਕਾਰ ਹੋਣਾ ਹੋਰ ਗੱਲ ਹੈ ਪਰ ਵਧੀਆ ਮਨੁੱਖ ਹੋਣਾ ਹੋਰ ਗੱਲ ਹੈ। ਤੁਹਾਡੀ ਕਹਿਣੀ ਤੇ ਕਰਨੀ ਇਕ ਹੋਣੀ ਚਾਹੀਦੀ ਹੈ। ਕਿਸੇ ਕੰਮ ਦੇ ਪਿੱਛੇ ਤੁਹਾਡੀ ਭਾਵਨਾ ਕੀ ਹੈ, ਭਾਵ ਮਨੋਰਥ, ਉਦੇਸ਼ ਤੇ ਟੀਚਾ ਕੀ ਹੈ? ਨਿੱਜੀ ਜਾਂ ਸਮਾਜਿਕ। ਭੈੜੀ ਸੰਗਤਿ ਤੋਂ ਬਚੋ, ਕਿਉਂਕਿ ਸੰਗਤਿ ਦਾ ਪ੍ਰਭਾਵ ਬਹੁਤ ਭੈੜਾ ਪੈਂਦਾ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਸਤਸੰਗਿਤ ਮਿਲੇ ਸੁ ਤਰਿਆ॥" ਭੈੜੀ ਸੰਗਤ ਤੋਂ ਇਕੱਲਾ ਚੰਗਾ। ਸਹਿਣਸ਼ੀਲਤਾ ਤੇ ਨਿਮਰਤਾ ਦੇ ਧਾਰਨੀ ਬਣੋ।

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:-

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥"

ਆਪਣੇ ਫਰਜ਼ ਤੇ ਜ਼ਿੰਮੇਵਾਰੀ ਨੂੰ ਸਮਝੋ। ਮਨੁੱਖੀ ਦੁਖਾਂਤ ਮਨੁੱਖ ਦੇ ਹੱਥੋਂ ਨਹੀਂ ਹੋਣਾ ਚਾਹੀਦਾ, ਭਾਵ ਮਨੁੱਖ ਮਨੁੱਖ ਦਾ ਬੁਰਾ ਨਾ ਕਰੇ। ਸਿੱਖ ਉਹ ਹੈ, ਜਿਹੜਾ ਸਿੱਖਣ ਲਈ ਯਤਨਸ਼ੀਲ ਹੈ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ: "ਸਿਖੀ ਸਿਖਿਆ ਗੁਰੂ ਵੀਚਾਰਿ॥" ਦੂਜਿਆਂ ਨਾਲ ਅਜਿਹਾ ਵਰਤਾਓ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਸਾਰੀ ਦੁਨੀਆਂ ਦੋ ਭਾਗਾਂ ਵਿਚ ਵੰਡੀ ਹੋਈ ਹੈ, ਭਾਵ ਬਦ ਤੇ ਨੇਕ। ਗੁਰਬਾਣੀ ਅਨੁਸਾਰ ਗੁਰਮੁਖ, ਮਨਮੁਖ। ਹੋਰ ਵਿਸਥਾਰ ਵਿਚ ਇਸ ਪ੍ਰਕਾਰ ਆਖ ਸਕਦੇ ਹਾਂ, ਠੀਕ ਤੇ ਗਲਤ, ਚੰਗਾ ਤੇ ਮਾੜਾ, ਸੱਚ ਤੇ ਝੂਠ ਅਤੇ ਬਦ ਤੇ ਨੇਕ। ਸੰਸਾਰ ਵਿਚ ਹੁਣ ਤੱਕ ਜਿਹੜਾ ਚੰਗਾ ਹੋਇਆ ਹੈ, ਉਹ ਚੰਗੇ ਬੰਦਿਆਂ ਕਰਕੇ ਹੋਇਆ ਹੈ, ਜਿਵੇਂ ਸੱਚਿਆਰ, ਪਰਉਪਕਾਰੀ ਤੇ ਮਾਨਵਵਾਦੀ ਮਨੁੱਖਾਂ ਕਰਕੇ। ਹੁਣ ਤੱਕ ਜਿਹੜਾ ਮਾੜਾ ਹੋਇਆ ਹੈ, ਉਹ ਮਾੜੇ ਬੰਦਿਆਂ ਕਰਕੇ ਹੋਇਆ ਹੈ, ਜਿਵੇਂ ਦੁਸ਼ਟ, ਪਾਪੀ, ਕਪਟੀ ਤੇ ਪਖੰਡੀ ਆਦਿ। ਇਸ ਲਈ ਮਨੁੱਖ ਨੂੰ ਚੰਗੇ ਇਨਸਾਨ ਬਣਨ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ ਅਤੇ ਚੰਗੇ ਕੰਮ ਕਰਨੇ ਚਾਹੀਦੇ ਹਨ। ਅੱਜ ਦਾ ਕੰਮ ਕੱਲ੍ਹ 'ਤੇ ਨਾ ਛੱਡੋ। ਜਿਹੜਾ ਕੱਲ੍ਹ ਕਰਨਾ, ਉਹ ਅੱਜ ਕਰ, ਜਿਹੜਾ ਅੱਜ ਕਰਨਾ, ਉਹ ਹੁਣ ਹੀ ਕਰ।

ਚਰਿੱਤਰ ਭਾਵ ਆਚਾਰੁ ਬਾਰੇ ਅੰਗਰੇਜ਼ੀ ਕਵੀ ਕੈਂਸਰ ਇਸ ਪ੍ਰਕਾਰ ਆਖਦੇ ਹਨ:-

"If wealth is lost, nothing is lost.

If health is lost, something is lost.

If character is lost, everything is lost."

ਬਾਕੀ ਲੋੜ ਹੈ ਸਿੱਖ ਭਾਈਚਾਰੇ ਨੂੰ ਇਕੱਠੇ ਹੋਣ ਦੀ, ਜਿਵੇਂ ਅੱਜ ਤੋਂ ਕਈ ਸਦੀਆਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਹੋਣਾਂ ਨੇ ਫੁਰਮਾਇਆ ਸੀ, "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥

ਜਬ ਲਗ ਦੁਨੀਆ ਰਹੀਐ ਨਾਨਕ,
ਕਿਛੁ ਸੁਣੀਐ ਕਿਛੁ ਕਹੀਐ॥"

# ਯਾਦਾਸ਼ਤ ਤੇਜ਼ ਕਰਨ ਦਾ ਢੰਗ

ਡਾ. ਹਰਸ਼ਿੰਦਰ ਕੌਰ
ਬੱਚਿਆਂ ਦੀ ਮਾਹਿਰ
28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।
ਫੋਨ ਨੰ : 0175-2216783
(Punjab Mail USA)



ਹਾਵਰਡ ਯੂਨੀਵਰਸਿਟੀ ਲਗਾਤਾਰ ਨਵੀਆਂ ਖੋਜਾਂ 'ਚ ਜੁਟੀ ਰਹਿੰਦੀ ਹੈ। ਇਹ ਜਾਣੀ ਬੁੱਝੀ ਗੱਲ ਹੈ ਕਿ ਉਮਰ ਵਧਣ ਨਾਲ ਯਾਦਾਸ਼ਤ ਘਟਦੀ ਹੈ। ਕਈਆਂ ਦੀ ਤਾਂ ਪੂਰੀ ਤਰ੍ਹਾਂ ਹੀ ਚਲੀ ਜਾਂਦੀ ਹੈ। ਲੋਕ ਅਜਿਹਿਆਂ ਨੂੰ ਸੱਤਰਿਆ-ਬਹੱਤਰਿਆ ਕਹਿ ਦਿੰਦੇ ਹਨ।

ਆਪੋ ਆਪਣੇ ਕੰਮਾਂ ਵਿਚ ਰੁੱਝੇ ਬਹੁਤ ਲੋਕ ਨਾਵਾਂ ਨੂੰ ਭੁੱਲਣ ਲੱਗ ਜਾਂਦੇ ਹਨ ਜਾਂ ਲਿਸਟਾਂ ਵਿਚਲੇ ਕੰਮ ਕਰਨੇ ਭੁੱਲ ਜਾਂਦੇ ਹਨ। ਉਨ੍ਹਾਂ ਲਈ ਇਹ ਜਾਣਕਾਰੀ ਫ਼ਾਇਦੇਮੰਦ ਸਾਬਤ ਹੋ ਸਕਦੀ ਹੈ।

## ਮਨੁੱਖੀ ਮਨ ਯਾਦਾਂ ਨੂੰ ਤਿੰਨ ਸਟੇਜਾਂ ਵਿਚ ਵੰਡ ਕੇ ਸਾਂਭਦਾ ਹੈ :-

1. **ਪੱਕੀ ਕੱਚੀ ਪੂਰੀ ਗੱਲ** :- ਇਹ ਕੁੱਝ ਸਮੇਂ ਤੱਕ ਗੱਲ ਇਨ-ਬਿਨ ਪੂਰੀ ਯਾਦ ਰਹਿ ਜਾਂਦੀ ਹੈ।
2. **ਸੰਵਾਰ ਕੇ ਸਾਂਭਣਾ** :- ਕੁੱਝ ਚਿਰ ਬਾਅਦ ਉਹੀ ਗੱਲ ਥੋੜਾ ਬਹੁਤ ਝਾੜ ਕੇ ਲੋੜ ਅਨੁਸਾਰ ਹਿੱਸਾ ਸਾਂਭ ਲਿਆ ਜਾਂਦਾ ਹੈ।
3. **ਰੋਜ਼ਮਰਾ ਦਾ ਹਿੱਸਾ ਬਣਨਾ** :- ਗਰਮ ਦੁੱਧ ਦਾ ਸੜਿਆ ਲੱਸੀ ਵੀ ਫੂਕਾਂ ਮਾਰ ਕੇ ਪੀਂਦਾ ਹੈ। ਉਸੇ ਤਰ੍ਹਾਂ ਕੋਈ ਯਾਦ ਸਾਵਧਾਨੀ ਵਜੋਂ ਰੋਜ਼ਮਰਾ ਦੀ ਜ਼ਿੰਦਗੀ ਦਾ ਹਿੱਸਾ ਹੀ ਬਣ ਜਾਂਦੀ ਹੈ। ਮਿਸਾਲ ਵਜੋਂ-ਮੋੜ ਉੱਤੇ ਐਕਸੀਡੈਂਟ ਹੋਇਆ ਸੀ, ਤਾਂ ਉਮਰ ਭਰ ਉਸ ਥਾਂ ਤੋਂ ਧਿਆਨ ਨਾਲ ਚੁਫ਼ੇਰਾ ਵੇਖ ਕੇ ਹੀ ਮੋੜ ਕੱਟਿਆ ਜਾਂਦਾ ਹੈ।

ਦਿਮਾਗ਼ ਦੇ ਕੁੱਝ ਮਹੀਨ ਹਿੱਸੇ ਲਗਾਤਾਰ ਯਾਦਾਂ ਉਘਾੜਨ ਵਿਚ ਜੁਟੇ ਰਹਿੰਦੇ ਹਨ। ਦਿਨ ਵਿਚ ਸੈਂਕੜੇ ਤੋਂ ਵੱਧ ਵਾਰ ਚੀਜ਼ਾਂ ਯਾਦ ਕਰਨ ਦੀ ਲੋੜ ਪੈਂਦੀ ਹੈ। ਉਸ ਵਾਸਤੇ ਖ਼ਰਬਾਂ ਸੈੱਲ ਅਤੇ ਉਨ੍ਹਾਂ ਦੇ ਜੋੜ ਲਗਾਤਾਰ ਕੰਮ ਕਰਦੇ ਹਨ। ਇਸ ਦੌਰਾਨ ਹੋਈ ਟੁੱਟ ਭੱਜ ਨੂੰ ਰਿਪੇਅਰ ਕਰਨ ਲਈ ਵੱਖ-ਵੱਖ ਸੈੱਲਾਂ ਦੀ ਯੂਨਿਟ ਲਗਾਤਾਰ ਕੰਮ ਕਰਦੀ ਹੈ। ਸਾਨੂੰ ਭਾਵੇਂ ਆਮ ਜਿਹੀ ਗੱਲ ਹੀ ਜਾਪੇ ਪਰ, 'ਕੱਲ ਕੀ ਖਾਧਾ ਸੀ', ਵਰਗੀ ਮਾਮੂਲੀ ਜਿਹੀ ਗੱਲ ਨੂੰ ਯਾਦ ਕਰਨ ਲਈ ਸਾਰਾ ਸਿਸਟਮ ਹਿਲਜੁਲ ਕਰਦਾ ਹੈ। ਇਹੋ ਜਿਹੀਆਂ ਸੈਂਕੜੇ ਗੱਲਾਂ ਰੋਜ਼ ਯਾਦ ਕਰ ਕੇ ਦਿਮਾਗ਼ ਜਵਾਬ ਲੱਭ ਕੇ ਦਿੰਦਾ ਹੈ।

ਇਸੇ ਲਈ ਦਿਮਾਗ਼ ਨੂੰ ਚੁਸਤ ਰੱਖਣ ਅਤੇ ਵੇਲੇ ਸਿਰ ਪੂਰਾ ਆਰਾਮ ਦੇਣ ਦੀ ਲੋੜ ਹੁੰਦੀ ਹੈ।

ਯਾਦਾਸ਼ਤ ਉਘਾੜਣ ਲਈ ਦੋ ਤਰੀਕੇ ਹੁੰਦੇ ਹਨ। ਪਹਿਲਾ, ਬਾਹਰੀ ਸੁਣੇਹੇ ਤੇ ਦੂਜਾ, ਅੰਦਰੂਨੀ। ਸੈੱਲਾਂ ਰਾਹੀਂ ਪਹੁੰਚੀਆਂ ਤਰੰਗਾਂ ਜਿਸ ਤਰੀਕੇ ਛਪਦੀਆਂ ਹਨ, ਉਨ੍ਹਾਂ ਨੂੰ ਇਕ ਯੂਨਿਟ ਦੇ ਇੱਕ ਨੁੱਕਰੇ ਤਹਿ ਬਣਾ ਕੇ, ਯਾਦ ਦੇ ਰੂਪ ਵਿਚ ਰੱਖ ਲਿਆ ਜਾਂਦਾ ਹੈ। ਫੇਰ ਦਿਮਾਗ਼ ਉਸ ਯਾਦ ਨੂੰ ਆਪਣੀ ਲਿਆਕਤ ਅਨੁਸਾਰ ਚੰਗੀ, ਮਾੜੀ, ਬੇਹੂਦਾ, ਸ਼ਰਮਸਾਰ, ਭਿਆਨਕ ਆਦਿ ਲੇਬਲ ਲਾ ਕੇ ਸਾਂਭ ਲੈਂਦਾ ਹੈ। ਉਸ ਤੋਂ ਬਾਅਦ ਇਸ ਯਾਦ ਦੀ ਛਾਂਟੀ ਕੀਤੀ ਜਾਂਦੀ ਹੈ ਕਿ ਕਿੰਨਾ ਹਿੱਸਾ ਉਸ ਵਿਚੋਂ ਪੱਕੀ ਯਾਦ ਬਣਾ ਕੇ ਰੱਖਣਾ ਹੈ।

ਇਸ ਤੋਂ ਬਾਅਦ ਕਿਸ ਕਿਸਮ ਦਾ ਕਦਮ ਪੁੱਟਣਾ ਹੈ-ਸ਼ਾਂਤ ਰਹਿਣਾ ਹੈ, ਭੜਕਣਾ ਹੈ, ਬਦਲਾ ਲੈਣਾ ਹੈ ਜਾਂ ਹੌਲੀ-ਹੌਲੀ ਭੁਲਾ ਦੇਣਾ ਹੈ, ਬਾਰੇ ਫ਼ੈਸਲਾ ਲਿਆ ਜਾਂਦਾ ਹੈ।

**ਇਸ ਯਾਦ ਉੱਤੇ ਬਾਹਰੀ ਅਸਰ ਹੁੰਦੇ ਹਨ**:- ਉਸ ਸਮੇਂ ਦਾ ਤਣਾਓ, ਗੁੱਸਾ, ਲੜਾਈ, ਪਿਆਰ, ਮੌਤ ਆਦਿ। ਜੇ ਯਾਦ ਪਿਆਰੀ ਹੋਵੇ ਜਾਂ ਡੂੰਘੀ ਸੱਟ ਮਾਰ ਗਈ ਹੋਵੇ, ਤਾਂ ਛੇਤੀ ਭੁੱਲਦੀ ਨਹੀਂ। ਤਣਾਓ ਅਧੀਨ ਜੁੜੀਆਂ ਯਾਦਾਂ ਹੌਲੀ-ਹੌਲੀ ਫਿੱਕੀਆਂ ਪੈਣ ਲੱਗ ਪੈਂਦੀਆਂ ਹਨ ਤੇ ਦੁਬਾਰਾ ਧਿਆਨ ਕਰਨ 'ਤੇ ਪੂਰੀ ਯਾਦ ਉਘਾੜੀ ਨਹੀਂ ਜਾਂਦੀ।

ਕਈ ਵਾਰ ਬਿਲਕੁਲ ਉਸੇ ਤਰ੍ਹਾਂ ਦੀ ਘਟਨਾ ਦਿਸ ਪਵੇ, ਤਾਂ ਛਪੀ ਹੋਈ ਯਾਦ ਦਾ ਕੁੱਝ ਹਿੱਸਾ ਉੱਘੜ ਕੇ ਸਾਹਮਣੇ ਆ ਜਾਂਦਾ ਹੈ।

ਸਾਡੇ ਸੁੱਤਿਆਂ ਹੋਇਆਂ ਵੀ ਦਿਮਾਗ਼ ਦਾ ਇੱਕ ਹਿੱਸਾ ਹਮੇਸ਼ਾ ਜਾਗਦਾ ਹੋਇਆ, ਸਾਫ਼-ਸਫ਼ਾਈ ਕਰਦਾ ਅਤੇ ਯਾਦਾਂ ਨੂੰ ਇੱਧਰ-ਉੱਧਰ ਸਾਂਭਦਾ ਜਾਂ ਝਾੜਦਾ ਰਹਿੰਦਾ ਹੈ। ਇਸੇ ਕਰਕੇ ਕਦੇ ਕਦਾਈਂ ਸੁੱਤਿਆਂ ਵੀ ਮੂੰਹ ਉੱਤੇ ਮੁਸਕਾਨ, ਹਾਸਾ ਜਾਂ ਮੂੰਹੋਂ ਕੁਬੋਲ ਨਿਕਲ ਜਾਂਦੇ ਹਨ।

**ਯਾਦਾਸ਼ਤ ਵਧਾਉਣ ਬਾਰੇ ਅਨੇਕ ਖੋਜਾਂ ਹੋ ਚੁੱਕੀਆਂ ਹਨ। ਇਸ ਬਾਬਤ 30 ਸਾਲਾਂ ਦੀ ਹਾਵਰਡ ਯੂਨੀਵਰਸਿਟੀ ਵੱਲੋਂ ਕੀਤੀ ਖੋਜ ਦੇ ਕੁੱਝ ਅੰਸ਼ ਸਾਂਝੇ ਕਰ ਰਹੀ ਹਾਂ** :-

1. **ਹੋਰ ਨਵੀਆਂ ਚੀਜ਼ਾਂ ਸਿੱਖਣੀਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ** :- ਕਾਰ ਚਲਾਉਣੀ, ਗੋਡੀ ਕਰਨੀ, ਸਾਈਕਲ ਚਲਾਉਣਾ, ਕਿਤਾਬਾਂ ਪੜ੍ਹਨੀਆਂ, ਪੇਂਟਿੰਗ ਕਰਨੀ, ਸ਼ਤਰੰਜ ਖੇਡਣੀ, ਕੈਰਮ ਬੋਰਡ ਖੇਡ ਖੇਡਣੀ, ਸੁਡੋਕੂ ਖੇਡਣੀ, ਪਹੇਲੀਆਂ ਬੁੱਝਣੀਆਂ ਆਦਿ। ਇਸ ਤਰ੍ਹਾਂ ਦਿਮਾਗ਼ ਲਗਾਤਾਰ ਹਿਲਜੁੱਲ ਵਿਚ ਜੁਟਿਆ ਰਹਿੰਦਾ ਹੈ ਤੇ ਚੁਸਤ ਰਹਿੰਦਾ ਹੈ।
2. **ਜਿੰਨੀਆਂ ਜ਼ਿਆਦਾ ਇੰਦ੍ਰੀਆਂ ਦੀ ਵਰਤੋਂ ਕੀਤੀ ਜਾਵੇ, ਓਨਾ ਹੀ ਵਧੀਆ ਰਹਿੰਦਾ ਹੈ** :- ਪੱਕੀ ਯਾਦ ਬਣਾਉਣ ਲਈ ਵੇਖਣਾ, ਸੁਣਨਾ, ਟੋਹਣਾ, ਸੁੰਘਣਾ ਆਦਿ ਸ਼ਕਤੀਆਂ ਰਲਾ ਕੇ ਜ਼ਿਆਦਾ ਅਸਰਦਾਰ ਸਾਬਤ ਹੋ ਜਾਂਦੇ ਹਨ। ਦਿਮਾਗ਼ ਦਾ 'ਪਿਰੀਫੌਰਮ ਕੌਰਟੈਕਸ' ਹਿੱਸਾ ਸੁੰਘੀ ਹੋਈ ਚੀਜ਼ ਨੂੰ ਯਾਦ ਰੱਖਣ ਵਿਚ ਮਦਦ ਕਰਦਾ ਹੈ। ਇੰਜ ਵੱਖੋ-ਵੱਖ ਹਿੱਸੇ ਰਲ ਮਿਲ ਕੇ, ਯਾਨੀ ਨਜ਼ਰ, ਛੋਹ, ਸੁਣਨਾ ਆਦਿ ਅਲੱਗ-ਅਲੱਗ ਸੁਣੇਹੇ ਭੇਜ ਕੇ ਪਹਿਲਾਂ ਯਾਦ ਪੱਕੀ ਕਰਨ ਵਿਚ ਮਦਦ ਕਰਦੇ ਹਨ ਤੇ ਫਿਰ ਯਾਦ ਉਘਾੜਨ ਵਿਚ ਵੀ ਮਦਦ ਕਰਦੇ ਹਨ। ਸੁੰਘਣ ਲਈ ਜੁੜੀ ਯਾਦ ਜ਼ਿਆਦਾ ਪੱਕੀ ਹੁੰਦੀ ਹੈ।
3. **ਆਪਣੇ ਆਪ ਉੱਤੇ ਯਕੀਨ ਰੱਖਣਾ** :- ਜਦੋਂ ਆਪ ਹੀ ਆਪਣੇ ਆਪ ਨੂੰ ਇਹ ਕਹਿਣਾ ਸ਼ੁਰੂ ਕਰ ਦੇਈਏ ਕਿ ਹੁਣ ਤਾਂ ਚੀਜ਼ਾਂ ਭੁੱਲਣ ਲੱਗ ਪਈਆਂ ਹਨ, ਚਲੋ ਉਮਰ ਲੰਘ ਗਈ ਹੈ, ਤਾਂ ਗੱਲ ਜ਼ਿਆਦਾ ਦੇਰ ਦਿਮਾਗ਼ ਵਿਚ ਟਿਕਦੀ ਹੀ ਨਹੀਂ। ਇਹ ਸੋਚ ਹੀ ਦਿਮਾਗ਼ ਨੂੰ ਤਰੋਤਾਜ਼ਾ ਤੇ ਤੇਜ਼ ਰੱਖਣ ਵਾਲੀਆਂ ਕਸਰਤਾਂ ਕਰਨ ਤੋਂ ਰੋਕ ਦਿੰਦੀ ਹੈ।
4. **ਦਿਮਾਗ਼ ਦੀ ਵਧੀਆ ਵਰਤੋਂ ਕਰਨੀ** :- ਹਰ ਨਿੱਕੀ ਤੋਂ ਨਿੱਕੀ ਗੱਲ ਯਾਦ ਰੱਖਣੀ ਦਿਮਾਗ਼ ਲਈ ਵੀ ਔਖੀ ਹੁੰਦੀ ਹੈ। ਜਿਵੇਂ ਰਸੋਈ ਵਿਚ ਕੰਮ ਕਰਦਿਆਂ ਚਾਬੀ ਕਿਸੇ ਕੋਨੇ ਵਿਚ ਰੱਖੀ ਗਈ, ਕੀ ਸਬਜ਼ੀ ਵਿਚ ਦੁਬਾਰਾ ਲੂਣ ਤਾਂ ਨਹੀਂ ਪੈ ਗਿਆ, ਘਰ ਅੰਦਰ ਵੜਦਿਆਂ ਐਨਕ ਕਿੱਥੇ ਰੱਖ ਦਿੱਤੀ, ਵਗੈਰਾ।

ਇਸੇ ਲਈ ਕ੍ਰਮਵਾਰ ਚੀਜ਼ਾਂ ਕਰਨ ਦੀ ਲੋੜ ਹੁੰਦੀ ਹੈ। ਮਿਸਾਲ ਵਜੋਂ ਘਰ ਅੰਦਰ ਵੜ ਕੇ ਚਾਬੀ ਇੱਕੋ ਥਾਂ, ਐਨਕ ਦੂਜੀ ਥਾਂ ਤੇ ਕਾਗਜ਼ ਤੀਜੀ ਥਾਂ। ਜੇ ਉਸੇ ਤਰ੍ਹਾਂ ਚੀਜ਼ਾਂ ਰੱਖੀਆਂ ਜਾਣ ਤਾਂ ਦਿਮਾਗ਼ ਨੂੰ ਫ਼ਾਲਤੂ ਚੀਜ਼ਾਂ ਲਗਾਤਾਰ ਯਾਦ ਰੱਖਣ ਦੀ ਲੋੜ ਨਹੀਂ ਰਹਿੰਦੀ।

ਇੰਜ ਹੀ ਬਾਜ਼ਾਰ ਜਾਣ ਲੱਗਿਆਂ ਜ਼ੁਬਾਨੀ ਰੱਟਾ ਲਾਉਣ ਨਾਲੋਂ ਕਾਗਜ਼ ਉੱਤੇ ਲਿਖਣਾ ਬਿਹਤਰ ਹੈ, ਤਾਂ ਜੋ ਦਿਮਾਗ਼ ਉੱਤੇ ਫ਼ਾਲਤੂ ਦਾ ਬੋਝ ਨਾ ਪਵੇ।

ਕਾਗਜ਼ਾਂ ਦੀ ਵੀ ਇੱਕ ਫਾਈਲ ਲਾਉਣੀ ਠੀਕ ਹੈ, ਤਾਂ ਜੋ ਕਾਗਜ਼ ਲੱਭਦਿਆਂ ਸਾਰਾ ਘਰ ਉੱਤੇ ਥੱਲੇ ਨਾ ਕੀਤਾ ਜਾਵੇ। ਫਰਿਜ ਉੱਤੇ ਜਾਂ ਅਲਮਾਰੀ ਉੱਤੇ ਇੱਕ ਕਲਿੱਪ ਲਾ ਕੇ ਰੋਜ਼ ਦੇ ਕਰਨ ਵਾਲੇ ਕੰਮ ਲਿਖੇ ਜਾ ਸਕਦੇ ਹਨ।

5. **ਉੱਚੀ ਬੋਲ ਕੇ ਆਪਣੇ ਆਪ ਨੂੰ ਸੁਣਾਓ** :- ਜਿਸ ਚੀਜ਼ ਦੇ ਭੁੱਲਣ ਦਾ ਖ਼ਤਰਾ ਹੋਵੇ, ਉਸ ਦੀ ਥਾਂ ਬਾਰੇ ਆਪਣੇ ਆਪ ਨੂੰ ਉੱਚਾ ਬੋਲ ਕੇ ਸੁਣਾਓ ਤਾਂ ਦਿਮਾਗ਼ ਦੀ ਗ਼ਰਾਰੀ ਵਿਚ ਗੱਲ ਅੜ ਜਾਂਦੀ ਹੈ। ਮਸਲਨ-ਐਹ ਪਰਸ ਮੈਂ ਇੱਥੇ ਰੱਖ ਰਹੀ ਹਾਂ-ਉੱਚੀ ਬੋਲ ਕੇ ਕਮਰੇ ਵਿਚੋਂ ਬਾਹਰ ਨਿਕਲ ਜਾਓ। ਉਹੀ ਗੱਲ ਕੰਨਾਂ ਰਾਹੀਂ ਦੁਬਾਰਾ ਦਿਮਾਗ਼ ਨੂੰ ਤਰੋਤਾਜ਼ਾ ਕਰ ਦਿੰਦੀ ਹੈ। ਕੋਈ ਸ਼ਰਮ ਦੀ ਗੱਲ ਨਹੀਂ ਜੇ ਆਪਣੇ ਆਪ ਨੂੰ ਦੁਬਾਰਾ ਉੱਚੀ ਬੋਲ ਕੇ ਪੁੱਛ ਲਵੋ-ਯਾਦ ਹੈ ਨਾ ਪਰਸ ਐੱਥੇ ਰੱਖਿਆ ਹੈ!
6. **ਔਖੀਆਂ ਗੱਲਾਂ ਇਕੱਠੀਆਂ ਯਾਦ ਨਾ ਕੀਤੀਆਂ ਜਾਣ** :- ਜਦੋਂ ਦਿਮਾਗ਼ ਦੇ ਪੂਰੇ ਹਿੱਸੇ ਇੱਕ ਔਖਾ ਚੈਪਟਰ ਮਸਾਂ ਹੀ ਯਾਦ ਕਰ ਕੇ ਹਟੇ ਹੋਣ ਤਾਂ ਉਸੇ ਵੇਲੇ ਇੱਕ ਹੋਰ ਔਖਾ ਚੈਪਟਰ ਯਾਦ ਕਰਨ ਨਾਲ ਦਿਮਾਗ਼ ਦੀ ਬੱਸ ਹੋ ਜਾਂਦੀ ਹੈ ਤੇ ਪਹਿਲਾਂ ਦਾ ਯਾਦ ਕੀਤਾ ਚੈਪਟਰ ਵੀ ਅੱਧਾ ਭੁੱਲ ਜਾਂਦਾ ਹੈ। ਇਸੇ ਲਈ ਇੱਕ ਔਖਾ ਤੇ ਫੇਰ ਇੱਕ ਸੌਖਾ ਚੈਪਟਰ ਯਾਦ ਕਰਨ ਨਾਲ ਦਿਮਾਗ਼ ਨੂੰ ਰਤਾ ਕੁ ਆਰਾਮ ਮਿਲ ਜਾਂਦਾ ਹੈ।

ਮਿਸਾਲ ਵਜੋਂ ਮਾਮੇ ਦੀ ਭੂਆ ਦੇ ਸਾਂਢੂ ਦੀ ਗਵਾਂਢਣ ਦਾ ਰਿਸ਼ਤਾ ਪਤਨੀ ਦੀ ਭਰਜਾਈ ਦੀ ਭਾਬੀ ਦੇ ਭਰਾ ਦੇ ਦੋਸਤ ਨਾਲ ਕਰਵਾਉਣ ਲਈ ਸਾਰੇ ਰਿਸ਼ਤੇਦਾਰਾਂ ਦੇ ਨਾਂ ਯਾਦ ਰੱਖਣੇ ਔਖੇ ਹੋ ਸਕਦੇ ਹਨ!

7. **ਵਾਰ-ਵਾਰ ਯਾਦ ਕਰਨਾ** :- ਔਖਾ ਚੈਪਟਰ ਕਈ ਵਾਰ ਪੜ੍ਹਨ ਨਾਲ ਸੌਖਿਆਂ ਯਾਦ ਹੋਣ ਲੱਗ ਪੈਂਦਾ ਹੈ। ਔਖੀਆਂ ਸਤਰਾਂ ਆਪਣੇ ਕਮਰੇ ਵਿਚ ਸਾਹਮਣੀ ਕੰਧ ਉੱਤੇ ਲਿਖ ਲੈਣੀਆਂ ਚਾਹੀਦੀਆਂ ਹਨ, ਤਾਂ ਜੋ ਲੰਘਦੇ ਵੜਦੇ ਵਾਰ-ਵਾਰ ਨਜ਼ਰਾਂ ਸਾਹਮਣੇ ਆ ਜਾਣ ਤੇ ਦਿਮਾਗ਼ ਪੱਕੀ ਯਾਦ ਬਣਾ ਸਕੇ।


ਸਾਰਾ ਸਾਲ ਪੜ੍ਹਦੇ ਰਹਿਣ ਨਾਲ ਚੈਪਟਰ ਜ਼ਿਆਦਾ ਚੰਗੀ ਤਰ੍ਹਾਂ ਯਾਦ ਰਹਿੰਦੇ ਹਨ। ਇਮਤਿਹਾਨ ਤੋਂ ਕੁੱਝ ਦਿਨ ਪਹਿਲਾਂ ਲਾਏ ਰੱਟਿਆਂ ਦੀ ਪੱਕੀ ਯਾਦ ਨਹੀਂ ਬਣਦੀ। ਇਸੇ ਲਈ ਰੱਟੇ ਲਾਉਣ ਵਾਲਿਆਂ ਦੀ ਬੁਨਿਆਦ ਕੱਚੀ ਰਹਿ ਜਾਂਦੀ ਹੈ।

8. **ਲੈਅ ਤਾਲ ਦੀ ਵਰਤੋਂ** :- ਜੇ ਸਬਜ਼ੀ, ਐਨਕ ਲਿਆਉਣੀ, ਅਲਮਾਰੀ ਠੀਕ, ਸਕੂਲ ਫੀਸ ਭਰਨ ਵਾਲੇ ਕੰਮ ਕਰਨੇ ਹਨ, ਤਾਂ ਹਰ ਸ਼ਬਦ ਦਾ ਪਹਿਲਾ ਅੱਖਰ ਜੋੜ ਲਵੋ- ਸ, ਅ, ਅ, ਸ ਤੇ 'ਸਾਸ' ਯਾਦ ਰੱਖ ਲਵੋ ਤਾਂ ਕੰਮ ਭੁੱਲਦੇ ਨਹੀਂ।

ਯਾਦਾਸ਼ਤ ਤੇਜ਼ ਕਰਨ ਲਈ ਰਾਮਬਾਣ ਹੈ-ਪਿਆਰ ਕਰਨਾ!

ਪਿਆਰ ਨਾਲ ਭਿੱਜਿਆ ਮਨ ਤਿੰਨ ਗੁਣਾ ਤਾਕਤ ਨਾਲ ਭਰ ਜਾਂਦਾ ਹੈ! ਜਦੋਂ ਯਾਦਾਸ਼ਤ ਘਟਦੀ ਜਾਪੇ ਤਾਂ ਕਿਸੇ ਨੂੰ ਪਿਆਰ ਕਰਨਾ ਸ਼ੁਰੂ ਕਰ ਦਿਓ, ਭਾਵੇਂ ਇਨਸਾਨ ਨਾਲ, ਜਾਨਵਰ ਨਾਲ ਜਾਂ ਰੱਬ ਨਾਲ, ਪਰ ਕਰੋ ਜ਼ਰੂਰ!

ਅਜ਼ਮਾਓ ਤੇ ਯਾਦਾਂ ਤਾਜ਼ਾ ਕਰ ਲਓ!



# ਰੱਬ ਦੀ ਰਜ਼ਾ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)





ਰੋਜ਼ਮਰਾ ਦੀ ਜ਼ਿੰਦਗੀ ਦਾ ਕੋਈ ਵੀ ਅਜਿਹਾ ਦਿਨ ਨਹੀਂ ਹੁੰਦਾ, ਜਿਸ ਦਿਨ ਅਸੀਂ ਕਿਸੇ ਨਾ ਕਿਸੇ ਗੱਲ ਦਾ ਉਲਾਂਭਾ ਰੱਬ ਨੂੰ ਨਾ ਦਿੱਤਾ ਹੋਵੇ ਕਿ ਸਾਡੇ ਨਾਲ ਇਹ ਕੰਮ ਇਵੇਂ ਕਿਉਂ ਕੀਤਾ? ਇਸ ਦੇ ਨਾਲ ਹੀ ਪਤਾ ਨਹੀਂ ਕੀ ਸਿੱਧ ਕਰਨ ਵਾਸਤੇ ਕਦੀ-ਕਦੀ ਸਾਡੇ ਮੂੰਹੋਂ ਇਹ ਵੀ ਨਿਕਲਦਾ ਹੈ ਕਿ ਇਹ ਕੰਮ ਇਸ ਤਰ੍ਹਾਂ ਹੋਇਆ ਹੈ, ਸ਼ਾਇਦ ਇਸ ਵਿਚ ਵੀ ਸਾਡਾ ਕੋਈ ਫਾਇਦਾ ਹੋਵੇਗਾ ਜਾਂ ਰੱਬ ਨੂੰ ਇਸ ਵਿਚ ਵੀ ਕੁਝ ਚੰਗਾ ਲੱਗਦਾ ਹੋਵੇਗਾ ਵਗੈਰਾ...ਵਗੈਰਾ। ਹਰ ਜਾਤ, ਧਰਮ, ਮਜ਼ਹਬ ਨੇ ਇਨ੍ਹਾਂ ਲਫਜ਼ਾਂ ਦੀਆਂ ਕਹਾਣੀਆਂ ਆਪਣੇ ਰੀਤੀ-ਰਿਵਾਜ਼ਾਂ ਅਨੁਸਾਰ ਘੜੀਆਂ ਹੋਈਆਂ ਹਨ, ਜਿਸ ਨਾਲ ਕੁਝ ਲੋਕ ਸਹਿਮਤ ਹੋ ਜਾਂਦੇ ਹਨ, ਜਿਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਪ੍ਰਚਲਤ ਕਹਾਣੀ ਇਹ ਹੈ ਕਿ ਇੱਕ ਰਾਜਾ ਸ਼ਿਕਾਰ ਖੇਡਣ ਗਿਆ, ਕਿਸੇ ਤਰ੍ਹਾਂ ਉਸ ਦੀ ਆਪਣੀ ਉਂਗਲ ਹੀ ਕੱਟੀ ਗਈ। ਰਾਜੇ ਨੇ ਆ ਕੇ ਇਹ ਬਿਰਤਾਂਤ ਆਪਣੇ ਵਜ਼ੀਰ ਨਾਲ ਸਾਂਝਾ ਕੀਤਾ, ਤਾਂ ਵਜ਼ੀਰ ਨੇ ਕਿਹਾ, ਸ਼ਾਇਦ ਇਸ ਵਿਚ ਵੀ ਰੱਬ ਨੇ ਤੁਹਾਡਾ ਭਲਾ ਹੀ ਕੀਤਾ ਹੈ, ਤਾਂ ਰਾਜੇ ਨੇ ਗੁੱਸੇ ਵਿਚ ਵਜ਼ੀਰ ਨੂੰ ਨੌਕਰੀ ਤੋਂ ਕੱਢ ਦਿੱਤਾ ਅਤੇ ਕਿਹਾ, ਤੂੰ ਕਿੰਨਾ ਮੂਰਖ ਇਨਸਾਨ ਹੈਂ, ਮੇਰੇ ਨਾਲ ਹਮਦਰਦੀ ਪ੍ਰਗਟ ਕਰਨ ਦੀ ਥਾਂ ਮੈਨੂੰ ਕਹਿ ਰਿਹਾ ਹੈਂ ਕਿ ਚੰਗਾ ਹੋਇਆ। ਕੁਝ ਚਿਰ ਬਾਅਦ ਰਾਜਾ ਫਿਰ ਸ਼ਿਕਾਰ 'ਤੇ ਗਿਆ, ਤਾਂ ਰਸਤਾ ਭਟਕ ਗਿਆ। ਜੰਗਲ ਵਿਚ ਦੂਜੇ ਰਾਜ ਦੇ ਸਿਪਾਹੀਆਂ ਨੇ ਉਸ ਨੂੰ ਫੜ ਲਿਆ ਤੇ ਆਪਣੇ ਰਾਜ ਵਿਚ ਲੈ ਗਏ ਕਿਉਂਕਿ ਉਨ੍ਹਾਂ ਨੂੰ ਬਲੀ ਦੇਣ ਵਾਸਤੇ ਇੱਕ ਮਨੁੱਖ ਦੀ ਲੋੜ ਸੀ ਤੇ ਉੱਥੋਂ ਦੇ ਰਾਜੇ ਨੇ ਸਿਪਾਹੀਆਂ ਨੂੰ ਕਿਹਾ ਹੋਇਆ ਸੀ, ਕਿਸੇ ਹੋਰ ਰਾਜ ਦਾ ਆਦਮੀ ਫੜ ਕੇ ਲਿਆਉ, ਆਪਣੇ ਰਾਜ ਦੇ ਲੋਕਾਂ ਨੂੰ ਕਿਉਂ ਤੰਗ ਕਰਨਾ, ਲਿਹਾਜ਼ਾ ਰਾਹ ਭਟਕਿਆ ਰਾਜਾ ਉਨ੍ਹਾਂ ਦੇ ਅੜਿੱਕੇ ਆ ਗਿਆ। ਜਦੋਂ ਨੁਹਾ-ਧੁਹਾ ਕੇ ਉਸ ਦੀ ਬਲੀ ਦਾ ਸਮਾਂ ਆਇਆ, ਤਾਂ ਜੱਲਾਦ ਨੇ ਵੇਖ ਕੇ ਕਹਿ ਦਿੱਤਾ ਇਸ ਨੂੰ ਛੱਡ ਦਿਉ, ਇਸ ਦੀ ਉਂਗਲ ਕੱਟੀ ਹੋਈ ਹੈ ਤੇ ਅੰਗਹੀਣ ਦੀ ਬਲੀ ਨਹੀਂ ਚਾਹੀਦੀ, ਸੰਪੂਰਨ ਮਨੁੱਖ ਫੜ ਕੇ ਲਿਆਉ, ਤਾਂ ਰਾਜੇ ਨੂੰ ਛੱਡ ਦਿੱਤਾ ਜਾਂਦਾ ਹੈ। ਉਹ ਰਾਜਾ ਆਪਣੇ ਰਾਜ ਵਿਚ ਜਾ ਕੇ ਆਪਣੇ ਵਜ਼ੀਰ ਨੂੰ ਫਿਰ ਰਾਜ ਦਰਬਾਰ ਵਿਚ ਜਗ੍ਹਾ ਦੇ ਦੇਂਦਾ ਹੈ ਕਿ ਤੂੰ ਸਹੀ ਕਿਹਾ ਸੀ, ਜੇ ਉਦੋਂ ਮੇਰੀ ਉਂਗਲ ਨਾ ਵੱਢੀ ਜਾਂਦੀ, ਤਾਂ ਅੱਜ ਮੇਰੀ ਬਲੀ ਹੋ ਜਾਣੀ ਸੀ। ਇਸ 'ਤੇ ਵਜ਼ੀਰ ਨੇ ਰਾਜੇ ਨੂੰ ਯਾਦ ਕਰਾਇਆ ਕਿ ਜਦੋਂ ਤੁਸਾਂ ਮੈਨੂੰ ਕੰਮ ਤੋਂ ਕੱਢਿਆ ਸੀ, ਤਾਂ ਮੈਂ ਤੁਹਾਨੂੰ ਕਿਹਾ ਸੀ ਕਿ ਇਸ ਵਿਚ ਵੀ ਕੁਝ ਭਲਾ ਹੀ ਹੋਵੇਗਾ, ਤਾਂ ਹੀ ਅੱਜ ਮੈਂ ਜਿਉਂਦਾ ਹਾਂ। ਰਾਜੇ ਨੇ ਪੁੱਛਿਆ, ਉਹ ਕਿਵੇਂ? ਤਾਂ ਵਜ਼ੀਰ ਕਹਿਣ ਲੱਗਾ, ਸੁਣੋ ਰਾਜਨ ਅਕਸਰ ਆਪਾਂ ਇਕੱਠੇ ਹੀ ਸ਼ਿਕਾਰ 'ਤੇ ਜਾਂਦੇ ਹਾਂ ਅਤੇ ਇਸ ਵਾਰ ਵੀ ਆਪਾਂ ਇਕੱਠੇ ਹੀ ਜਾਣਾ ਸੀ ਤੇ ਸਿਪਾਹੀਆਂ ਦੇ ਕਾਬੂ ਆ ਜਾਣਾ ਸੀ। ਤੁਹਾਡੀ ਉਂਗਲ ਕੱਟੀ ਹੋਣ ਕਾਰਨ ਉਨ੍ਹਾਂ ਤੁਹਾਨੂੰ ਛੱਡ ਦਿੱਤਾ ਪਰ ਮੇਰੇ ਤਾਂ ਅੰਗ ਕਾਇਮ ਸਨ ਅਤੇ ਮੈਂ ਬਲੀ ਦਾ ਬੱਕਰਾ ਬਣ ਜਾਣਾ ਸੀ, ਇਹ ਗੱਲ ਸੁਣ ਸਾਰੇ ਦਰਬਾਰੀ ਮੂੰਹ ਵਿਚ ਉਂਗਲਾਂ ਪਾ ਕੇ ਵਜ਼ੀਰ ਦੇ ਵਿਸ਼ਵਾਸ ਦੀ ਸ਼ੋਭਾ ਕਰ ਰਹੇ ਸਨ।

ਪਰ ਅੱਜ ਜੋ ਗੱਲ ਆਪਾਂ ਕਰ ਰਹੇ ਹਾਂ, ਉਹ ਹੈ ਸੌਦਾ ਸਾਧ ਦੀ। ਉਸ ਨੇ ਜੋ ਕੁਕਰਮ ਆਮ ਲੋਕਾਂ ਨਾਲ ਤੇ ਵਿਸ਼ੇਸ਼ ਕਰਕੇ ਸਿੱਖ ਕੌਮ ਨਾਲ ਕੀਤੇ ਸਨ, ਉਸ ਸਮੇਂ ਕਿਸੇ ਸਿੱਖ ਧਾਰਮਿਕ ਜਥੇਬੰਦੀ ਨੇ ਉਸ ਨੂੰ ਮਾਰਨ ਦਾ ਇਨਾਮ ਵੀ ਰੱਖਿਆ ਸੀ ਤੇ ਕਈਆਂ ਨੇ ਉਸ ਨੂੰ ਮਾਰਨ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਉਸ ਦਾ ਕਤਲ ਨਹੀਂ ਹੋਇਆ, ਤਾਂ ਇਹ ਵੀ ਰੱਬ ਨੇ ਭਲਾ ਹੀ ਕੀਤਾ ਸੀ। ਜੇ ਕੋਈ ਅਜਿਹਾ ਭਾਣਾ ਵਾਪਰ ਜਾਂਦਾ, ਤਾਂ ਇੱਕ ਤਾਂ ਸਿੱਖ ਕੌਮ ਦੀ ਬੇਇੱਜ਼ਤੀ ਹੁੰਦੀ, ਦੂਜਾ ਪਤਾ ਨਹੀਂ ਕਿੰਨੇ ਲੋਕ ਜੇਲ੍ਹਾਂ ਵਿਚ ਜਾਂਦੇ ਤੇ ਤੀਜਾ ਸਭ ਤੋਂ ਵੱਡਾ ਕੰਮ ਹੁੰਦਾ ਕਿ ਉਹ ਅਮਰ ਸ਼ਹੀਦ ਹੋ ਕੇ ਪੂਜਿਆ ਜਾਣ ਲੱਗਦਾ!! ਉਸ ਦੇ ਕਾਲੇ ਕਾਰਨਾਮਿਆਂ ਦੀ ਲਿਸਟ ਕਦੇ ਸਾਹਮਣੇ ਨਾ ਆਉਂਦੀ। ਹੁਣ ਉਹ ਕੁਝ ਕੇਸਾਂ ਵਿਚ ਸਜ਼ਾ ਪਾ ਚੁੱਕਾ ਹੈ ਅਤੇ ਕੁਝ ਵਿਚ ਉਸ ਨੂੰ ਸਜ਼ਾ ਹੋ ਜਾਣੀ ਹੈ। ਘੱਟ ਤੋਂ ਘੱਟ ਸਾਰੀ ਦੁਨੀਆਂ ਸਾਹਮਣੇ ਉਸ ਦੇ ਪਾਪ ਉਜਾਗਰ ਤਾਂ ਹੋ ਗਏ। ਇਸ ਗੱਲ ਤੋਂ ਇੱਕ ਵਾਰ ਫਿਰ ਸਿੱਖਿਆ ਮਿਲਦੀ ਹੈ ਕਿ ਰੱਬ ਦੇ ਕੀਤੇ ਉੱਤੇ ਉਂਗਲ ਚੁੱਕਣੀ ਗਲਤ ਹੁੰਦੀ ਹੈ ਤੇ ਉਸ ਦੀ ਰਜ਼ਾ ਵਿਚ ਰਹਿਣਾ ਲਾਹੇਵੰਦ।

## ਤੈਂ ਕੀ ਦਰਦ ਨਾ ਆਇਆ?

ਧਰਤੀ ਹੇਠ ਦਾ ਬਲਦ ਹੈ ਹਿੱਲਿਆ,
ਜਾਂ ਹੈ ਸਿੰਗ ਖਿਸਕਾਇਆ,
ਇਹ ਕੀ ਢਾਹਿਆ ਕਹਿਰ ਦਾਤਿਆ,
ਤੈਂ ਕੀ ਦਰਦ ਨਾ ਆਇਆ ?
ਮਿੰਟਾਂ-ਸਕਿੰਟਾਂ 'ਚ ਢਹਿ ਢੇਰੀ ਕੀਤੇ,
ਜੋ ਅਰਬਾਂ ਦਾ ਸਰਮਾਇਆ,
ਮਹਿਲ-ਮੁਨਾਰੇ, ਕੁੱਲੀਆਂ ਇੱਕ ਜਾਣੇ,
ਨਾ ਕੋਈ ਭੇਦ ਵਿਖਾਇਆ।

ਧੜਕ ਰਹੀ ਸੀ ਜ਼ਿੰਦਗਾਨੀ ਜਿਹੜੀ,
ਪੱਲ ਵਿਚ ਹੀ ਮੁਰਦਾ ਹੋਈ,
ਛੱਡ ਗਈ ਪਿੱਛੇ ਕਸਕ ਸਦੀਆਂ ਦੀ,
ਹੌਕੇ ਹਾਵਿਆਂ ਜਿੰਦ ਪਰੋਈ।
ਜੀਵ-ਜੰਤ ਲੰਘਾਏ ਸਭ ਮੌਤ ਦੇ ਰਾਹੇ,
ਸੀਨੇ ਫੱਟ ਲੱਗੇ ਨੇ ਗਹਿਰੇ,
ਤਾਂਡਵ-ਨਾਚ ਨਚਾਏ ਐਸਾ ਯਮਰਾਜੇ,
ਸ਼ੋਰ ਸੁਣ ਸੁਣ ਹੋਏ ਬਹਿਰੇ।

ਬੇਦ ਕੁਤੇਬ ਪੜ੍ਹ ਪੜ੍ਹ ਗਿਆਨੀ ਥੱਕੇ,
ਵਿਗਿਆਨ ਬਣਿਆ ਬੌਣਾ,
ਰੋਕ ਸਕੇ ਨਹੀਂ ਅਨਹੋਣੀਂ ਅਗਾਊਂ,
ਨਾ ਜਾਂਚ ਸਕੇ ਰੂਪ ਘਿਨੌਣਾ।
ਚਾਤੁਰ ਬਣਿਆਂ ਫਿਰਦਾ ਸੀ ਬਾਹਲ਼ਾ,
ਹੁਣ ਦੇਖਕੇ ਥਰ 2 ਕੰਬਦੈ,
ਤੱਕੋ ਕਿਰਦਾਰ ਬਿਕਰਾਲ ਕਾਦਰ ਦਾ,
ਜੋ ਅੱਖ ਦੇ ਫੋਰ 'ਚ ਝੰਬਦੈ।

ਰਹਿਮ ਕਰੋ ਮਜ਼ਹਬਾਂ ਦੇ ਲੰਬੜਦਾਰੋ,
ਜ਼ਰਾ ਨਫ਼ਰਤ ਮਨੋਂ ਵਿਸਾਰੋ,
ਤੇ 'ਜੀਉ ਅਤੇ ਜਿਉਣ ਦਿਉ' ਪੁਕਾਰੋ,
ਕਦੇ ਹਾਅ ਦਾ ਨਾਹਰਾ ਮਾਰੋ।
ਆਉ ਰਲ਼ ਮਿਲ਼ ਕੇ ਦਰਦ ਵੰਡਾਈਏ,
ਇੱਕ ਨਵਾਂ ਸੰਸਾਰ ਵਸਾਈਏ,
ਊਚ-ਨੀਚ ਦਾ ਭੇਦ-ਭਾਵ ਮਿਟਾਈਏ,
ਪਰੇਮ ਦੀਆਂ ਪੀਂਘਾਂ ਪਾਈਏ।



-ਸੇਵਾ ਸਿੰਘ "ਨੂਰਪੁਰੀ"

(Punjab Mail USA)

## ਆਓ ਪੰਜਾਬੀ ਸਿੱਖੀਏ

### ਪੰਜਾਬੀ ਮਾਂ ਬੋਲੀ ਦਿਵਸ 'ਤੇ ਵਿਸ਼ੇਸ਼

ਆਓ ਮੇਰੇ ਆੜੀਓ ਪੰਜਾਬੀ ਸਿੱਖੀਏ,
ਸੋਹਣੇ ਅੱਖਰਾਂ 'ਚ ਵਰਨਮਾਲਾ ਲਿਖੀਏ।
ਗੁਰਮੁਖੀ ਵਿਚ ਲਿਖੀਏ ਪੰਜਾਬੀ ਵਿਚ ਬੋਲੀਏ,
ਗੁਰਮੁਖੀ ਏ ਲਿਪੀ ਤੇ ਪੰਜਾਬੀ ਸਾਡੀ ਬੋਲੀ ਏ।
ਇਹਦੇ ਮੂਹਰੇ ਹਰ ਇਕ ਜ਼ੁਬਾਨ ਪੈਂਦੀ ਫਿੱਕੀ ਏ,
ਆਓ ਮੇਰੇ ਆੜੀਓ........ ........।
ਵਿਅੰਜਨ ਅਠੱਤੀ ਇਹਦੇ ਸੂਰ ਤਿੰਨ ਨੇ,
ਲਗਾਂ ਉਂਝ ਦਸ ਪਰ ਨੌਂ ਚਿੰਨ੍ਹ ਨੇ।
ਮੁਕਤੇ ਦੀ 'ਵਾਜ਼ ਆੜੇ ਨਾਲ ਲਿਖੀਏ,
ਆਓ ਮੇਰੇ ਆੜੀਓ........ ........।
ੳ, ਅ, ੲ ਨੇ ਸੂਰ ਇਹਦੇ ਤਿੰਨ,
ਬਿੰਦੀ, ਟਿੱਪੀ, ਅੱਧਕ ਲਗਾਖਰ ਵੀ ਤਿੰਨ।
ਸਾਰਿਆਂ ਦੀ ਵੱਖ ਪਹਿਚਾਣ ਰੱਖੀਏ,
ਆਓ ਮੇਰੇ ਆੜੀਓ........ ........।
ਹ, ਰ, ਵ, ਤਿੰਨ ਅੱਖਰ ਨੇ ਦੂੱਤ,
ਕਿਤੇ ਕਿਤੇ ਤਿੰਨਾਂ ਨੂੰ ਲਿਖਦੇ ਸੰਯੁਕਤ।
ਪੈਰ 'ਚ ਵੀ ਪੈਣ ਇਹ ਪਛਾਣ ਪੱਕੀ ਐ,
ਆਓ ਮੇਰੇ ਆੜੀਓ........ ........।
ਙ, ਞ, ਣ, ਨ, ਮੰਮੇ ਦੀ ਆਵਾਜ਼,
ਗਿਣਤੀ 'ਚ ਪੰਜ ਕਰਨ ਹੁਣ ਤਿੰਨ ਕਾਜ।
ਨਾਸਿਕੀ ਸੂਰਾਂ ਦਾ ਫਰਕ ਸਿੱਖੀਏ,
ਆਓ ਮੇਰੇ ਆੜੀਓ........ ........।

**ਮਾਸਟਰ ਪ੍ਰੇਮ ਸਰੂਪ ਛਾਜਲੀ**
**ਜ਼ਿਲ੍ਹਾ ਸੰਗਰੂਰ**
94171-34982

(Punjab Mail USA)

## ਕਿਤਾਬ ਦੀ ਕੀਮਤ

ਪੜ੍ਹ ਪੰਜਾਬੀ, ਲਿਖ ਪੰਜਾਬੀ, ਬੋਲ ਪੰਜਾਬੀ ਯਾਰ
ਮਾਤ-ਭਾਸ਼ਾ ਦਾ ਕਰਨਾ ਸਿੱਖੀਏ, ਆਪਾਂ ਵੀ ਸਤਿਕਾਰ।

ਗੁਰੂਆਂ-ਭਗਤਾਂ ਦਾ ਗ੍ਰੰਥ, ਜੋ ਲਿਖਿਆ ਵਿਚ ਪੰਜਾਬੀ
ਏਸੇ ਗੁਰੂ ਗ੍ਰੰਥ ਤੋਂ ਮਿਲਦੀ, ਸਾਨੂੰ ਸਮਝ ਖ਼ੁਦਾ ਦੀ
ਪੰਜਾਬੀ ਇਨਸਾਨ ਬਣਾਇਆ, ਸਾਨੂੰ ਸਿਰਜਣਹਾਰ।
ਮਾਤ-ਭਾਸ਼ਾ ਦਾ...

ਇਸ ਭਾਸ਼ਾ ਵਿਚ ਫ਼ਰੀਦ, ਕਬੀਰ ਜੀ, ਰਚੇ ਨੇ ਕਈ ਸ਼ਲੋਕ
ਦੇਸ਼-ਵਿਦੇਸ਼ 'ਚ ਲੱਖਾਂ, ਏਹੋ ਬੋਲੀ ਬੋਲਣ ਲੋਕ
ਉਨ੍ਹਾਂ ਦਰਵੇਸ਼ਾਂ ਜਿਹਾ ਹੋਵੇ, ਸਾਡਾ ਵੀ ਕਿਰਦਾਰ।
ਮਾਤ-ਭਾਸ਼ਾ ਦਾ...

ਗੁਰਬਾਣੀ ਤੇ ਸੂਫ਼ੀ ਕਵਿਤਾ, ਵਾਰਾਂ- ਕਿੱਸੇ- ਦੋਹੇ
ਇਸ ਭਾਸ਼ਾ ਵਿਚ ਵਾਰਿਸ ਸ਼ਾਹ ਨੇ, ਇਸ਼ਕ ਦੇ ਨਗ਼ਮੇ ਛੋਹੇ
ਵਿਚ ਪੰਜਾਬੀ ਲਿਖਿਆ ਪੀਲੂ, ਮੁਕਬਲ, ਅਹਿਮਦ ਯਾਰ।
ਮਾਤ-ਭਾਸ਼ਾ ਦਾ...

ਹਾਸ਼ਮ ਸ਼ਾਹ ਤੇ ਸ਼ਿਵ ਕੁਮਾਰ ਨੇ, ਲਿਖੇ ਨੇ ਬਿਰਹਾ ਗੀਤ
ਏਸੇ ਭਾਸ਼ਾ ਵਿਚ ਲਿਖਦਾ ਹੈ, ਕਵਿਤਾ 'ਨਵ ਸੰਗੀਤ'
ਸਾਰੇ ਨੇ ਪੰਜਾਬੀ, ਹਿੰਦੂ-ਮੁਸਲਿਮ ਤੇ ਸਰਦਾਰ।
ਮਾਤ-ਭਾਸ਼ਾ ਦਾ...

ਕਦੇ ਏਸਨੂੰ ਸਮਝ ਗੰਵਾਰੂ, ਪੈਰਾਂ ਵਿਚ ਹੈ ਰੋਲੀ
ਬੋਲ ਕੇ ਵੇਖ ਪੰਜਾਬੀ ਭਾਸ਼ਾ, ਹੈ ਨਾ ਮਿਸ਼ਰੀ ਘੋਲੀ
ਮਾਂ-ਬੋਲੀ ਬੋਲਣ ਵਾਲੇ ਨੂੰ, ਨਾ ਪਾਈਏ ਫਿਟਕਾਰ।
ਮਾਤ-ਭਾਸ਼ਾ ਦਾ...

ਪਿਉ-ਦਾਦੇ ਦਾ ਖੋਲ੍ਹ ਵੇਖੀਏ, ਇਹ ਅਨਮੋਲ ਖ਼ਜ਼ਾਨਾ
ਆਪਸ ਵਿਚ ਪੰਜਾਬੀ ਬੋਲੋ, ਕੋਈ ਨਾ ਦਿਸੇ ਬੇਗਾਨਾ
ਮਾਂ-ਬੋਲੀ ਦਾ ਉੱਚਾ ਰੁਤਬਾ, ਵਿਰਸਾ, ਸੱਭਿਆਚਾਰ।
ਮਾਤ-ਭਾਸ਼ਾ ਦਾ...

ਜਨਮ-ਮਰਨ ਤੇ ਵਿਆਹ ਦੇ ਮੌਕੇ, ਜਾਂ ਫਿਰ ਖ਼ੁਸ਼ੀ-ਗ਼ਮੀ ਵਿਚ
ਇਹੋ ਭਾਸ਼ਾ ਤ੍ਰਿਪਤੀ ਦੇਵੇ, ਸਾਨੂੰ ਖ਼ੁਸ਼ਕ-ਨਮੀ ਵਿਚ
ਗਿਣੇ ਨਾ ਜਾਵਣ ਮਾਂ-ਬੋਲੀ ਦੇ, ਕਿੰਨੇ ਨੇ ਉਪਕਾਰ।
ਮਾਤ-ਭਾਸ਼ਾ ਦਾ...

ਵਿਚ ਸੰਸਾਰ ਦੇ ਇਸ ਭਾਸ਼ਾ ਨੂੰ, ਮਿਲਿਆ ਉੱਚਾ ਦਰਜਾ
ਮੰਨੀਏ ਖ਼ੁਦ ਨੂੰ ਜੇ ਪੰਜਾਬੀ, ਬਿਨ ਇਹਦੇ ਨਾ ਸਰਦਾ
ਰਫ਼ਤਾ-ਰਫ਼ਤਾ ਕਰਕੇ ਇਸ ਦੀ, ਤੇਜ਼ ਹੋਈ ਰਫ਼ਤਾਰ।
ਮਾਤ-ਭਾਸ਼ਾ ਦਾ...

ਕੁਝ ਪੜ੍ਹਦੇ ਅਖ਼ਬਾਰ ਰਸਾਲੇ, ਪੜ੍ਹਨ ਕਈ ਗੁਰਬਾਣੀ
ਮਾਂ-ਬੋਲੀ ਪੰਜਾਬੀ ਸਾਡੀ, ਗੱਲ ਇਹ ਸੱਚੀ ਜਾਣੀ
ਦੇਸ਼-ਵਿਦੇਸ਼ੀਂ ਬੋਲਣ, ਮੰਦਿਰ-ਮਸਜਿਦ-ਗੁਰ ਦਰਬਾਰ।
ਮਾਤ-ਭਾਸ਼ਾ ਦਾ...

ਸਮਝੋ-ਸਿੱਖੋ ਹੋਰ ਬੋਲੀਆਂ, ਛੱਡੋ ਨਾ ਪੰਜਾਬੀ
'ਰੂਹੀ' ਉੱਚੀ ਆਖ ਸੁਣਾਵੇ: ਇਹਦੀ ਸ਼ਾਨ ਨਵਾਬੀ
ਮਾਂ-ਬੋਲੀ ਸੁਣ ਕੇ ਹੈ ਛਿੜਦੀ, ਕਣ ਕਣ ਵਿਚ ਝੁਣਕਾਰ।
ਮਾਤ-ਭਾਸ਼ਾ ਦਾ...



**- ਪ੍ਰੋ. ਨਵ ਸੰਗੀਤ ਸਿੰਘ**
**# ਪੋਸਟਗ੍ਰੈਜੂਏਟ ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)**
94176-92015

## ਜਨਮ ਭੂਮੀ ਨੂੰ ਨਮਸਕਾਰ

ਤੇਰੇ ਢਾਰਿਆਂ ਅੰਦਰ ਹੀ ਮੈਂ ਜੀਵਨ ਦੀ ਅੱਖ ਖੋਲ੍ਹੀ,
ਏਥੋਂ ਸਿੱਖੀ ਸ਼ੈਹਦੋਂ ਮਿੱਠੀ ਇਹ ਪੰਜਾਬੀ ਬੋਲੀ।
ਏਥੇ ਮੇਰੇ ਘਰਦਿਆਂ ਮੇਰੇ ਸੌ ਸੌ ਲਾਡ ਲਡਾਏ,
ਏਥੇ ਵੰਡੀਆਂ ਗਈਆਂ ਲੋਹੜੀਆਂ ਏਥੇ ਸ਼ਗਨ ਮਨਾਏ।
ਦਿੱਤੀਆਂ ਲੋਰੀਆਂ ਦਾਦੀ ਨੇ ਤੇ ਵੱਡਿਆਂ ਭੈਣ ਭਰਾਵਾਂ,
ਮੇਰੇ ਪਿੰਡ ਦੀਏ ਮਿੱਟੀਏ ਤੈਨੂੰ ਮੁੜ-ਮੁੜ ਸੀਸ ਝੁਕਾਵਾਂ।
ਚਾਨਣੀਆਂ ਰਾਤਾਂ ਵਿਚ ਖੇਡੀਆਂ ਰੱਜ-ਰੱਜ ਲੁੱਕਣ ਮਚਾਈਆਂ,
ਪਿੰਡ ਵਿਚ ਫਿਰ ਕੇ ਮੰਗੀਆਂ ਲੋਹੜੀਆਂ, ਏਥੇ ਧੂਣੀਆਂ ਲਾਈਆਂ।
ਰੱਜ-ਰੱਜ ਖਾਧਾ ਗੁੜ ਭਗਤਾਂ ਦਾ ਪੁੱਛੀਆਂ ਕਦੇ ਨਾ ਜਾਤਾਂ,
ਦਾਦੀ ਪੁੰਨਾਂ ਕੋਲੋਂ ਸੁਣੀਆਂ ਦੇਵਤਿਆਂ ਦੀਆਂ ਬਾਤਾਂ।
ਮੁੜ ਕੇ ਫੇਰ ਕਦੇ ਨਾ ਮਿਲੀਆਂ ਮਾਂਵਾਂ ਠੰਡੀਆਂ ਛਾਂਵਾਂ,
ਮੇਰੇ ਪਿੰਡ ਦੀਏ .... .... .... .... .... ....।
ਏਥੇ ਖੇਡੇ ਅੱਡੇ ਖੱਡੇ ਏਥੇ ਨੱਕਾ ਪੂਰਾਂ,
ਏਥੇ ਖੇਡੇ ਗੁੱਲੀ ਡੰਡੇ ਤੇ ਲੱਲੇ ਦੀਆਂ ਕੂਰਾਂ।
ਪਿੱਪਲਾਂ ਦੇ ਟਹਿਣਿਆਂ 'ਤੇ ਚੜ੍ਹ ਕੇ ਖੇਡੇ ਜੰਗ ਪਲੰਗੇ,
ਮੁੜ ਕੇ ਫਿਰ ਕਦੇ ਨਾ ਆਏ ਦਿਨ ਸਨ ਕਿੰਨੇ ਚੰਗੇ।
ਤੇਰੇ ਖੇਤਾਂ ਵਿਚ ਚਰਾਈਆਂ ਫਿਰ ਫਿਰ ਮੱਝਾਂ ਗਾਵਾਂ ,
ਮੇਰੇ ਪਿੰਡ ਦੀਏ .... .... .... .... .... ....।
ਅਲੀਏ ਤੇਲੀ ਦੀ ਹੱਟੀ ਤੋਂ ਖਾਧੇ ਬੇਰ ਮਖਾਣੇ,
ਫੌਜੇ ਦੀ ਭੱਠੀ ਦੇ ਉਤੇ ਬੜੇ ਭੁਨਾਏ ਦਾਣੇ।
ਕੁੜੀਆਂ ਦੇ ਸਿਰ ਗੁੰਦਦੀ ਦੇਖੀ ਘਰ-ਘਰ ਪੂਰੋ ਰਾਣੀ,
ਮਣਸੋ ਝੀਰੀ ਘੜਿਆਂ ਦੇ ਵਿਚ ਢੋਂਦੀ ਦੇਖੀ ਪਾਣੀ।
ਕੁੜੀਆਂ ਮੁੰਡੇ ਖੇਡਦੇ ਦੇਖੇ ਵਾਂਗਰ ਭੈਣ ਭਰਾਵਾਂ,
ਮੇਰੇ ਪਿੰਡ ਦੀਏ .... .... .... .... .... ....।
ਫੱਤੂ ਚੌਂਕੀਦਾਰ ਦੇਖਿਆ ਰਾਤ ਨੂੰ ਦੇਂਦਾ ਪਹਿਰਾ,
ਉਸ ਦੀ ਸੀਟ ਸੰਭਾਲ ਕੇ ਬਹਿ ਗਿਆ ਮਗਰੋਂ ਤੁਲਸੀ ਮਹਿਰਾ।
ਖ਼ੈਰੂ ਗੁੱਜਰ ਵੱਗ ਚਰਾਉਂਦਾ ਘਰ-ਘਰ ਮੰਗਦਾ ਆਟਾ,
ਫਿਰਦੇ ਦੇਖੇ ਸੰਤ ਗਜ਼ਾ ਨੂੰ ਨਾ ਕੋਈ ਵਾਧਾ ਘਾਟਾ।
ਮਾਇਆ ਵੰਤੀ ਹਰ ਸੰਗਰਾਂਦੇ ਦੇਂਦੀ ਫਿਰੇ ਦੁਆਵਾਂ,
ਮੇਰੇ ਪਿੰਡ ਦੀਏ .... .... .... .... .... ....।
ਚੂੜ੍ਹ ਗੁੱਜਰ ਮੈਂ ਅੱਖੀਂ ਤੱਕਿਆ ਪੰਜ-ਪੰਜ ਫੁੱਟੀਆਂ ਲੱਤਾਂ,
ਕਾਦਰ, ਮਿਸਰੀ, ਫੱਤੂ, ਭੀਖਾ ਕਿੱਸ ਕਿੱਸ ਦੇ ਨਾਂ ਦੱਸਾਂ।
ਸੰਨ 47 ਵੇਲੇ ਜਿਹੜੇ ਬਣ ਗਏ ਪਾਕਿਸਤਾਨੀ,
ਲਾਲ ਚੰਦ ਤੇ ਸਾਈਂ ਦਾਸ ਬਣ ਗਏ ਹਿੰਦੋਸਤਾਨੀ।
ਉਸ ਵੇਲੇ ਵੀ ਫਰਜ਼ ਨਿਭਾਇਆ ਸਭ ਨੇ ਵਾਂਗ ਭਰਾਵਾਂ,
ਮੇਰੇ ਪਿੰਡ ਦੀਏ .... .... .... .... .... ....।
ਰਹਿਮਤ, ਜ਼ਾਲੀ, ਸ਼ੈਂਕਰ, ਡੈਂਕਾ, ਨੰਜਣ ਸਿੰਘ ਜਿਹੇ ਲੱਠੇ,
ਹੱਸਣ ਖੇਡਣ ਕੌਡੀਆਂ ਪਾਉਂਦੇ ਖਾਂਦੇ ਪੀਂਦੇ ਕੱਠੇ।
ਪਿੰਡ ਦੇ ਵਾਸੀ ਰਹਿੰਦੇ ਸੀ ਸਭ ਬਣਕੇ ਭਾਈ ਭਾਈ,
ਨਾ ਕੋਈ ਵੈਰ ਨਾ ਝਗੜਾ ਝਾਂਜਾ ਕਰਦੇ ਨੇਕ ਕਮਾਈ।
ਆਏ ਸਾਲ ਦੁਸਹਿਰਾ ਲੱਗਦਾ ਬਣ ਜਾਏ ਸਮਾਂ ਸੁਹਾਵਾਂ,
ਮੇਰੇ ਪਿੰਡ ਦੀਏ .... .... .... .... .... ....।
ਏਥੇ ਬਾਬਾ ਗੌਰ ਸਿੰਘ ਨੇ ਕੀਤੀ ਨੇਕ ਕਮਾਈ,
ਤੇਰੀ ਗੋਦ 'ਚ ਬਹਿ ਕੇ ਬਾਬੇ ਚੜ੍ਹਤੂ ਕਿੰਗ ਵਜਾਈ।
ਖੇਤਾਂ ਦੇ ਵਿਚ ਮੰਦਰ ਸਜਦਾ ਪਿੰਡ ਵਿਚ ਗੁਰਦੁਆਰਾ,
ਦੋਨਾਂ ਦੇ ਵਿਚ ਭੇਦ ਨਾ ਕੋਈ ਮਨਦਾ ਹੈ ਜੱਗ ਸਾਰਾ।
ਲੋਕੀ ਏਥੇ ਸੁੱਖਾਂ ਸੁੱਖਣ ਪੂਰੀਆਂ ਹੋਣ ਦੁਆਵਾਂ,
ਮੇਰੇ ਪਿੰਡ ਦੀਏ .... .... .... .... .... ....।
ਏਥੇ ਬਾਬਾ ਨਿਹਾਲ ਸਿੰਘ ਜੀ ਜੱਗ ਨੂੰ ਰਾਹੇ ਪਾ ਗਏ,
ਏਥੇ ਭਾਈ ਸੁਰਜਣ ਸਿੰਘ ਜੀ ਸਿੱਖੀ ਲਹਿਰ ਚਲਾ ਗਏ।
ਬੰਨ੍ਹ ਗਿਆ ਹੈ ਨਾਨਕ ਪਿੰਡੀ ਬਾਬਾ ਨਾਨਕ ਤੇਰਾ,
ਭਗਤ ਘਨੱਈਆ ਭੇਟਾ ਗਾ ਕੇ ਲਾ ਗਿਆ ਜ਼ੋਰ ਬਥੇਰਾ।
ਧੰਨ ਹਨ ਇਥੋਂ ਦੀਆਂ ਜਾਈਆਂ ਧੰਨ ਇਥੋਂ ਦੀਆਂ ਮਾਵਾਂ,
ਮੇਰੇ ਪਿੰਡ ਦੀਏ .... .... .... .... .... ....।
ਜ਼ਿਲ੍ਹੇਦਾਰ ਨੇ ਦੁਨੀਆਂ ਦੇ ਵਿਚ ਤੇਰਾ ਨਾਮ ਚਮਕਾਇਆ,
ਐਪਰ ਉਸ ਦੇ ਵਾਰਸਾਂ ਪਿੱਛੋਂ ਸਭ ਕੁੱਝ ਖਾਕ ਰਲਾਇਆ।
ਲਾਲਾ ਅਮਰਨਾਥ ਨੇ ਇਥੇ ਚੰਗੀ ਘੜੀ ਲੰਘਾਈ,
ਐਪਰ ਉਸ ਦੇ ਪੁੱਤ ਪੋਤਿਆਂ ਉਹ ਨਾ ਰੱਖ ਰਖਾਈ।
ਮੁੜ ਕੇ ਫੇਰ ਗਲ਼ੇ ਨਾ ਲੱਗੀਆਂ ਭੱਜੀਆਂ ਹੋਈਆਂ ਬਾਹਾਂ,
ਮੇਰੇ ਪਿੰਡ ਦੀਏ .... .... .... .... .... ....।
ਤੇਰੇ ਬੇਲੇ ਪਹਿਲਵਾਨ ਨੇ ਜੱਗ ਵਿਚ ਧੁੰਮਾਂ ਪਾਈਆਂ,
ਮਿਲਖਾ ਸਿੰਘ ਤੇ ਨੰਦ ਬੁੜ੍ਹਾ ਵੀ ਖੱਟ ਗਏ ਨੇ ਵਡਿਆਈਆਂ।
ਮੋਹਣ ਸਿੰਘ ਸਰਪੰਚ ਹੁੰਦਿਆਂ ਕਰ ਗਿਆ ਬਹੁਤ ਉਸਾਰੀ,
ਠੇਕੇਦਾਰ ਤੇ ਜਗਤ ਸਿੰਘ ਨੇ ਚੰਗੀ ਘੜੀ ਗੁਜ਼ਾਰੀ।
ਰੱਬ ਪਾਸੋਂ ਮੰਗਾਂ ਸੁੱਖਾਂ ਤੇਰੀਆਂ ਹੋਣ ਦੂਰ ਬਲਾਵਾਂ,
ਮੇਰੇ ਪਿੰਡ ਦੀਏ .... .... .... .... .... ....।
ਤੇਰੇ ਖੇਤ ਉਗਲਦੇ ਸੋਨਾ ਹਰ ਪਾਸੇ ਹਰਿਆਈ,
ਬਿਜਲੀ ਨਾਲ ਚਲਦੀਆਂ ਬੰਬੀਆਂ ਕਰਦੀ ਨਹਿਰ ਸੰਚਾਈ।
ਸ਼ਹਿਰਾਂ ਵਰਗੀ ਦਿੱਖ ਹੈ ਤੇਰੀ ਪੱਕੀਆਂ ਨਾਲੀਆਂ ਗਲੀਆਂ,
ਚੜ੍ਹਦੇ ਪਾਸੇ ਰੇਲ ਗੁਜਰਦੀ ਲਹਿੰਦੇ ਬੱਸਾਂ ਚੱਲੀਆਂ।
ਪੱਕੀਆਂ ਸੜਕਾਂ ਪੱਕੀ ਫਿਰਨੀ ਤੇਰੀਆਂ ਠੰਢੀਆਂ ਛਾਂਵਾਂ,
ਮੇਰੇ ਪਿੰਡ ਦੀਏ .... .... .... .... .... ....।
ਲਾ ਗਏ ਹੱਥੀਂ ਬੂਟਾ ਤੇਰਾ ਮੇਰੇ ਵੱਡ ਵਡੇਰੇ,
ਚਾਰ ਚੰਨ ਲੌਣਗੇ ਤੈਨੂੰ ਪੁੱਤ ਪੜੋਤੇ ਮੇਰੇ।
ਲੱਗਦਾ ਰਹੇ ਦੀਵੇ ਨਾਲ ਦੀਵਾ ਚੱਲਦੀ ਰਹੇ ਕਹਾਨੀ,
ਸ਼ਾਲ੍ਹਾ! ਤੇਰੇ 'ਤੇ ਆਏ ਦਿਨ ਚੜ੍ਹਦੀ ਰਹੇ ਜਵਾਨੀ।
'ਦਰਦੀ' ਵਰਗਾ ਸ਼ਾਇਰ ਤੇਰਾ ਮੰਗਦਾ ਰਹੇ ਦੁਆਵਾਂ,
ਮੇਰੇ ਪਿੰਡ ਦੀਏ .... .... .... .... .... ....।



**-ਸਤਨਾਮ ਸਿੰਘ ਦਰਦੀ ਚਾਨੀਆਂ, ਜਲੰਧਰ**
92569-73526

(Punjab Mail USA)

## ਜੰਗ ਜਾਰੀ ਹੈ ਮਾਂ ਬੋਲੀਆਂ ਦੀ

ਜੰਗ ਜਾਰੀ ਹੈ ਮਾਂ ਬੋਲੀਆਂ ਦੀ,
ਕੁਬੋਲੀਆਂ ਦੀ, ਰੌਲ਼ ਘਚੋਲੀਆਂ ਦੀ।
ਸਲੀਕੇ ਵਿਚ ਭਿੱਜੇ ਸ਼ੁੱਧ ਤਰਕਾਂ ਦੀ,
ਧੱਕੜ, ਅੜਬ, ਬਦਬਖਤ ਟੋਲੀਆਂ ਦੀ।

ਮੈਂ ਤੇ ਮੇਰੀ ਮਾਂ ਦੇ ਚੱਕਰ ਵਿਚ,
ਇੱਕ ਦੂਜੇ ਨੂੰ ਕਈ ਨੇ ਢਾਉਂਦੇ।
ਪੈਰ-ਪੈਰ 'ਤੇ ਦਾਅ ਬਦਲ ਕੇ,
ਚੱਕਰ ਕਈ ਨਿੱਤ ਨਵੇਂ ਚਲਾਉਂਦੇ।

ਪੇਟ ਤੇ ਸ਼ੋਹਰਤ ਦੀ ਭੁੱਖ ਖ਼ਾਤਰ,
ਬੋਲੀਆਂ ਦੀ ਹੁੰਦੀ ਬੋਲੀ ਦੇਖੀ।
ਸੱਭਿਆਚਾਰਕ ਪਾਖੰਡ ਦੇ ਪਿੱਛੇ,
ਮਖੌਟੇ ਪਾ ਫਿਰਦੇ ਕਈ ਭੇਖੀ।

ਸ਼ਬਦਾਂ ਦੀ ਘੁਸਪੈਠੀ ਸਾਜ਼ਿਸ਼,
ਬਣ ਗਈ ਹੈ ਦੁਨੀਆਂ ਦਾ ਧੰਦਾ।
ਮਾਂ ਬੋਲੀ ਨੂੰ ਪਲੀਤ ਕਰਨ ਵਿਚ,
ਮਿੰਟ ਨਹੀਂ ਲਾਉਂਦਾ ਕੋਈ-ਕੋਈ ਬੰਦਾ।

ਮਾਵਾਂ ਨਾਲ ਕਈ ਪੁੱਤ ਵਿਆਹੇ,
ਮਾਂ ਬੋਲੀ ਵਿਚ ਮਿਲ ਜਾਂਦੇ ਨੇ।
ਢੀਠਪੁਣੇ ਦੀ ਹੱਦ ਤੱਕ ਪਹੁੰਚੇ,
ਸੱਚੀ ਗੱਲ ਤੋਂ ਚਿੜ੍ਹ ਜਾਂਦੇ ਨੇ।

ਦੁਬਿਧਾ ਵਿਚ ਹੈ ਦੁਨੀਆਂ ਬਹੁਤੀ,
ਕਿਹਨੂੰ ਮਾਂ, ਕਿਹਨੂੰ ਮਾਸੀ ਕਹੀਏ।
ਕਿਸ ਮਾਂ ਨੂੰ ਅੱਜ ਤਖ਼ਤ ਬਿਠਾਈਏ,
ਅਤੇ ਕਿਸ ਨੂੰ ਕਿਸ ਦੀ ਦਾਸੀ ਕਹੀਏ।

ਪਿਆਰੀਆਂ ਨੇ ਸਪੂਤਾਂ ਨੂੰ ਮਾਵਾਂ,
ਨੰਗੇ ਧੜ ਜੋ ਸਦਾ ਹੀ ਲੜਦੇ।
ਹਰ ਮੰਜ਼ਿਲ ਅਤੇ ਮਰਹਲੇ ਉੱਤੇ,
ਬਾਜ਼ੀ ਮਾਰਨ ਲਈ ਜਾ ਖੜ੍ਹਦੇ।

ਲੋੜ ਹੈ ਐਸੇ ਜਾਂਬਾਜ਼ਾਂ ਦੀ,
ਸਿਰ ਧਰ ਤਲੀ ਗਲੀ ਜੋ ਆਵਣ।
ਮਾਂ ਪ੍ਰੇਮ ਦੇ ਜਜ਼ਬੇ ਉੱਤੋਂ,
ਮੁੜ-ਮੁੜ ਕੇ ਕੁਰਬਾਨ ਹੋ ਜਾਵਣ।

ਅੱਜ ਲੋੜ ਹੈ ਅਹਿਦ ਕਰਨ ਦੀ,
ਕਈ ਮੁਹਾਜ਼ਾਂ ਉੱਤੇ ਲੜਨ ਦੀ।
ਮਾਂ ਬੋਲੀ ਦੀ ਸ਼ੁੱਧਤਾ ਖ਼ਾਤਰ,
ਸ਼ਬਦੀ ਜੰਗ ਨੂੰ ਤੇਜ਼ ਕਰਨ ਦੀ।




**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ.ਕੇ.**

(Punjab Mail USA)

## ਚਿੜੀਆਂ ਕਿੱਥੇ ਨੇ?

ਸ਼ਾਮ ਸਵੇਰੇ ਆਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਰਿਸ਼ਤੇ ਕੀ ਸਮਝਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਅਨੁਸ਼ਾਸਿਤ ਪੰਗਤੀ ਦੇ ਵਿਚ ਉਡਦੀਆਂ ਲਹਿਰਾਂ ਵਾਂਗੂੰ,
ਏਕੇ ਦੇ ਬਿੰਬ ਬਣਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਫੁਦਕਣ, ਚਹਿਕਣ ਝੁੰਡ 'ਚ ਆ ਕੇ, ਸੁਰ ਸੰਗੀਤ ਬਣਾ ਕੇ,
ਗੀਤ ਇਲਾਹੀ ਗਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਖਵਰੇ ਕਿਹੜਾ ਰਿਸ਼ਤਾ ਸੀ ਉਨ੍ਹਾਂ ਦੀ ਮਮਤਾ ਅੰਦਰ,
ਨਾ ਦਿਸਣ ਤਾਂ ਤੜਪਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਇਕ ਕਟੋਰੀ ਪਾਣੀ ਪੀ ਕੇ ਫਿਰ ਅਭਿਵਾਦਨ ਕਰਦੀਆਂ,
ਸ਼ੁੱਭ ਅਸ਼ੀਸ਼ਾਂ ਪਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਫੜ-ਫੜ ਕਰਦੇ ਤੇਤਰੇ ਮੇਤਰੇ ਕੋਮਲ ਖੰਭਾਂ ਦੇ ਨਾਲ,
ਬਾਰਿਸ਼ ਵਿਚ ਨੁਹਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਨੂੰਹਾਂ-ਧੀਆਂ ਵਾਂਗੂੰ ਅਪਣੇ ਚਾਅ ਉਮੰਗਾਂ ਲੈ ਕੇ,
ਘਰ ਵਿਚ ਫੇਰਾ ਪਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਕੱਚੇ ਕੋਠੇ ਵਾਲੀਆਂ ਨੁਕਰਾਂ ਦੇ ਵਿਚ ਆਲ੍ਹਣੇਂ ਪਾ ਕੇ,
ਸੁਖ ਦੀ ਨੀਂਦਰ ਸਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਠੀਕ ਸਮੇਂ 'ਤੇ ਜੇਕਰ ਫੇਰਾ ਪਾਉਣਾ ਭੁੱਲ ਜਾਵਣ,
ਕਿੰਨਾ ਫੇਰ ਸਤਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਭੋਰਾ-ਭੋਰਾ ਚੋਗਾ ਚੁਗ ਕੇ ਬੋਟਾਂ ਦੇ ਮੂੰਹ ਪਾਉਣਾ,
ਸੁਹਿਰਦ ਫਰਜ਼ ਨਿਭਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਜੰਨਤ ਦੀ ਪਰਿਭਾਸ਼ਾ ਦੱਸਣ ਉਲਟ ਬਾਜ਼ੀਆਂ ਪਾ ਕੇ,
ਸੁੰਦਰ ਦ੍ਰਿਸ਼ ਬਣਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਚੂੰ-ਚੂੰ, ਚੀਂ-ਚੀਂ ਲੈਅ ਅੰਦਰ ਸੂਰਜ ਨਿੱਤ ਹੀ ਨਿਕਲੇ,
ਨਿੱਤ ਸੁਬਹ ਜਗਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
ਅਰਧ ਵਲੇਵੇਦਾਰ ਦ੍ਰਿਸ਼ ਝੁੰਡਾਂ ਦੇ ਵਿਚ ਬਣਾਵਣ,
ਬੱਚਿਆਂ ਦੇ ਮਨ ਨੂੰ ਭਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?
'ਬਾਲਮ' ਮਾਲਿਕ ਦੇ ਜੀਵਨ ਨੂੰ ਮਹਿਸੂਸਣ ਤੇ ਸਮਝਣ,
ਦੁਖ-ਸੁਖ ਦਰਦ ਵੰਡਾਉਂਦੀਆਂ ਸੀ ਉਹ ਚਿੜੀਆਂ ਕਿੱਥੇ ਨੇ ?



**-ਬਲਵਿੰਦਰ 'ਬਾਲਮ' ਗੁਰਦਾਸਪੁਰ**
**ਓਂਕਾਰ ਨਗਰ ਗੁਰਦਾਸਪੁਰ (ਪੰਜਾਬ)**
ਮੋ. 98156-25409

(Punjab Mail USA)

## ਸਕੇ ਭਰਾ ਜਦ ਘਰ ਵਿਚ ਕੰਧਾਂ ਕੱਢਦੇ ਨੇ

ਜਦੋਂ ਆਪੇ ਦਿੱਤੀਆਂ ਗੰਢਾਂ,
ਮੂੰਹ ਨਾਲ ਖੋਲਣੀਆਂ ਪੈਦੀਆਂ ਨੇ,
ਜ਼ਿੰਦਗੀ ਬਣਾਉਣੀ ਜੇ ਤੂੰ ਜੋਗਿਆ,
ਫੇਰ ਰਾਤਾਂ ਰੋਲਣੀਆਂ ਪੈਂਦੀਆਂ ਨੇ, ਘਰਾਂ,
ਵਸਦੇ ਵੀ ਘਰ ਉਜਾੜ ਬਣਦੇ,
ਜਦੋਂ ਘਰਾਂ 'ਚੋਂ ਉੱਠਦੇ ਪਰਦੇ ਆ,
ਮਾਪੇ ਜਿਊਂਦੇ ਜੀਅ ਮਰਦੇ,
ਸਕੇ ਭਰਾ ਜਦ ਘਰ ਵਿਚ ਕੰਧਾਂ ਕੱਢਦੇ ਨੇ,

ਖੂਹ ਖਾਤੇ ਪੈਜੇ ਉਹ ਅਮੀਰੀ,
ਮਾਪੇ ਬਿਰਧ ਆਸ਼ਰਮ ਰਹਿੰਦੇ ਨੇ,
ਆਉਂਦੀ ਆ ਧੱਕੇ ਖਾ-ਖਾ,
ਅਕਲ ਸਿਆਣੇ ਕਹਿੰਦੇ ਆ,
ਫੋਟੋ ਖਿੱਚੇ ਵੰਡ-ਵੰਡ ਕੰਬਲਾਂ,
ਮਾਪੇ ਜੀਦੇ ਠੰਢ ਵਿਚ ਠਰਦੇ,
ਮਾਪੇ ਜਿਊਦੇ ਜੀਅ ਹੀ ਮਰਦੇ ਨੇ
ਸਕੇ ਭਰਾ ਜਦ ਘਰ ਵਿਚ ਕੰਧਾਂ ਕੱਢਦੇ ਨੇ,


ਪੁੱਤਾਂ ਦੇ ਜਿਊਂਦਿਆਂ ਜਿਊਂਦਿਆਂ,
ਧੀਆਂ ਅਰਥੀ ਬੁੱਚਦੀਆਂ ਨੇ,
ਲੱਖ ਲੱਖ ਲਾ ਭੇਜੀਆਂ ਨੂੰਹਾਂ,
ਬਾਹਰ ਜਾ ਪੱਲਾ ਚੁੱਕਦੀਆਂ ਨੇ,
ਮੱਲੋ ਮੱਲੀ ਫਾਹੇ ਚਾੜਦੇ,
ਚੜ੍ਹ ਗਏ ਸਿਰ ਕਰਜ਼ੇ,
ਮਾਪੇ ਜਿਊਂਦੇ ਜੀਅ ਹੀ ਮਰਦੇ ਨੇ,
ਸਕੇ ਭਰਾ ਜਦ ਘਰ ਵਿਚ ਕੰਧਾਂ ਕੱਢਦੇ ਨੇ,

ਚਿੱਟੇ ਤੇ ਆੜੀ ਲਾ ਕਿ,
ਆੜੀ ਹੀ ਘਰ ਪੱਟਦੇ ਨੇ,
ਮਾਪਿਆਂ ਜੋ ਛੱਡੇ "ਜੋਗਿਆ"
ਮਸਾਂ-ਮਸਾਂ ਹੀ ਬਚਦੇ ਏ,
ਬਚ ਗਏ ਉਹ ਮੌਜਾਂ ਮਾਣਦੇ,
ਪੱਗਾਂ ਨਿੱਤ ਬੰਨਦੇ ਨੇ,
ਮਾਪੇ ਜਿਊਂਦੇ ਜੀਅ ਮਰਦੇ,
ਸਕੇ ਭਰਾ ਜਦ ਘਰ ਵਿਚ ਕੰਧਾਂ ਕੱਢਦੇ ਨੇ...।



**ਜਸਵੰਤ ਸਿੰਘ ਜੋਗਾ**
ਫੋਨ: 62396-43306

(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567